# ਦਰਸ ਪਿਆਸੀ



ਪ੍ਰਿੰ. ਬੇਅੰਤ ਕੌਰ

# ਦਰਸ ਪਿਆਸੀ

## ਲੇਖਿਕਾ ਦੀਆਂ ਛਪ ਚੁੱਕੀਆ
## ਅਤੇ ਛਪ ਰਹੀਆਂ ਪੁਸਤਕਾਂ

| | | |
|---|---|---|
| 1 | ਸੂਬਾ ਗੰਡਾ ਸਿੰਘ (ਜੀਵਨੀ) | - 1990 ਵਿੱਚ |
| 2 | ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹੋਲੇ ਮਹੱਲੇ (ਘਟਨਾਵਾਂ) | - 1991 ਵਿੱਚ |
| 3 | ਲਾਲ ਏਹਿ ਰਤਨ, ਭਾਗ ਪਹਿਲਾ (ਸੰਪਾਦਨ) | - 1995 ਵਿੱਚ |
| 4 | ਦਰਸਨੁ ਦੇਹੁ ਦਇਆਪਤਿ ਦਾਤੇ | - 1996 ਵਿੱਚ |
| 5 | ਲਾਲ ਏਹਿ ਰਤਨ, ਭਾਗ ਦੂਜਾ (ਸੰਪਾਦਨ) | - 1999 ਵਿੱਚ |
| 6 | ਏਹਿ ਸੁੰਦਰ ਸਿਆਮ ਕੀ ਮਾਨ ਤਮੈ | - 1999 ਵਿੱਚ |
| 7 | ਬਚਿਤ੍ਰ ਨਾਟਕ-ਇੱਕ ਅਪੂਰਵ ਕ੍ਰਿਤੀ | - 1999 ਵਿੱਚ |
| 8 | The Namdhari Sikhs | - 1999 ਵਿੱਚ |
| 9 | सुन्दर श्याम | – २००० |
| 10 | बचित्र नाटक–एक अद्वितीय रचना | – प्रकाशन अधीन |
| 11 | ਲਾਲ ਏਹਿ ਰਤਨ, ਭਾਗ ਤੀਜਾ (ਸੰਪਾਦਨ) | - ਪ੍ਰਕਾਸ਼ਨ ਅਧੀਨ |
| 12 | ਲਾਲ ਏਹਿ ਰਤਨ, ਭਾਗ ਚੌਥਾ (ਸੰਪਾਦਨ) | - ਪ੍ਰਕਾਸ਼ਨ ਅਧੀਨ |
| 13 | ਨਾਮਧਾਰੀ ਰਹਿਤ ਮਰਯਾਦਾ | - ਪ੍ਰਕਾਸ਼ਨ ਅਧੀਨ |

# ਦਰਸ ਪਿਆਸੀ

ਪ੍ਰਿੰ: ਬੇਅੰਤ ਕੌਰ
ਐਮ.ਏ (ਅੰਗਰੇਜ਼ੀ, ਪੰਜਾਬੀ)
ਸਾਹਿੱਤ ਰਤਨ (ਹਿੰਦੀ), ਬੀ.ਟੀ.

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ-6

# Daras Pyasi

By
Pr. Beant Kaur
F213 A-1, Mansarover Garden,
New Delhi - 110015

© 2004

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ-6 ☎ : 3280657
(ਨੇੜੇ ਗੌਰੀ ਸ਼ੰਕਰ ਮੰਦਰ)
ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ, ਚਾਂਦਨੀ ਚੌਕ, ਦਿੱਲੀ-6
ਸੈਟਿੰਗ : ਐਸ ਆਰ ਐਸ ਕੰਪਿਊਟਰਜ਼, ਮਾਨਸਰੋਵਰ ਗਾਰਡਨ,
ਦਿੱਲੀ-15 ☎ : 5414451, 5422956

ਮੁੱਲ : 120 ਰੁਪਏ

# ਸਮਰਪਣ

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥
ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥

ਉਪਰੋਕਤ ਗੁਣਾਂ ਦੀ ਧਾਰਨੀ

ਮੇਰੀ ਮਾਤਾ

ਸ੍ਰੀ ਮਤੀ ਕੇਸਰ ਕੌਰ ਜੀ

ਦੀ ਮਧੁਰ ਯਾਦ ਵਿੱਚ

ਸਨੇਹ

ਅਤੇ

ਸ਼ਰਧਾ ਪੂਰਵਕ

ਸਮਰਪਣ।

# ਤਤਕਰਾ


| | | |
|---|---|---|
| i. | ਪ੍ਰਸਤਾਵਣਾ - ਲੇਖਿਕਾ | 7 |
| ii. | ਆਦਿ-ਕਥਨ - ਪ੍ਰੋ: ਕ੍ਰਿਪਾਲ ਸਿੰਘ ਕਸੇਲ | 20 |
| 1 | ਸੀਤਾ<br>*- ਤੂੰ ਸੁਕੁਮਾਰ ਰਚੀ ਕਰਤਾਰ* | 25 |
| 2 | ਸ਼ਬਰੀ<br>*- ਉਡੀਨੀ ਉਡੀਨੀ ਉਡੀਨੀ* | 39 |
| 3 | ਰਾਧਾ<br>*- ਕਾਨ੍ਹਰ ਕੇ ਸੰਗ ਖੇਲਤ ਥੀ* | 50 |
| 4 | ਰੁਕਮਨੀ<br>*- ਰੁਕਮਨੀ ਬਾਂਧਿਓ ਸੇਹਰ* | 62 |
| 5 | ਦ੍ਰੋਪਦੀ<br>*- ਸਿਮਰਨ ਦ੍ਰੋਪਦ ਸੁਤ ਉਧਰੀ* | 68 |
| 6 | ਲਕਸ਼ਮੀ ਕਾਂਤਾ ਦੇਵੀਦਾਸੀ<br>*- ਤਯਾਗ ਦਈ ਸੁਧ ਅਉਰ ਸਭੈ* | 75 |
| 7 | ਮੀਰਾ ਬਾਈ<br>*- ਮੇਰੇ ਤੋ ਗਿਰਧਰ ਗੁਪਾਲ* | 78 |
| 8 | ਕਰਮੰਤੀ<br>*- ਸਯਾਮ ਸੋ ਪ੍ਰੀਤ ਲਗਾਈ* | 84 |
| 9 | ਬੇਬੇ ਨਾਨਕੀ<br>*- ਸਦ ਹਜੂਰਿ ਹਾਜਰੁ ਹੈ ਨਾਜਰੁ* | 89 |
| 10 | ਬੀਬੀ ਭਾਨੀ ਜੀ<br>*- ਪੁਤ੍ਰਵੰਤੀ ਸੀਲਵੰਤਿ ਸੋਹਾਗਣਿ* | 98 |
| 11 | ਮਾਤਾ ਜੀਵਨ ਕੌਰ ਜੀ<br>*- ਨਵ ਨਿਧੀ ਅਠਾਰਹ ਸਿਧੀ ਪੀਛੈ ਲਗੀਆ ਫਿਰਹਿ* | 109 |

# ਪ੍ਰਸਤਾਵਣਾ

ਲੱਖਾਂ ਕਰੋੜਾਂ ਜੀਵ ਮਨੁੱਖੀ ਸਰੀਰਕ ਚੋਲਾ ਧਾਰਨ ਕਰਕੇ ਇਸ ਦੁਨੀਆ ਵਿੱਚ ਜਨਮ ਲੈਂਦੇ ਹਨ ਉਹ ਆਮ ਸਾਧਾਰਣ ਵਿਅਕਤੀ ਹੁੰਦੇ ਹਨ, ਜਿਹੜੇ ਖਾਂਦੇ ਹਨ, ਪੀਂਦੇ ਹਨ, ਸੌਂਦੇ ਹਨ, ਐਸ਼ੋ-ਇਸ਼ਰਤ ਰਾਹੀ ਜੀਵਨ ਬਤੀਤ ਕਰਕੇ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਪਰਲੋਕ ਸਿਧਾਰ ਜਾਂਦੇ ਹਨ। ਉਨ੍ਹਾਂ ਦਾ ਨਾਮ ਉਨ੍ਹਾਂ ਦੇ ਜਾਣ ਨਾਲ ਹੀ ਮਿਟ ਜਾਂਦਾ ਹੈ। ਇੱਕ ਜਾਂ ਦੋ ਪੀੜ੍ਹੀਆਂ ਤੋਂ ਬਾਦ ਸਾਰੇ ਉਨ੍ਹਾਂ ਨੂੰ ਭੁੱਲ ਜਾਂਦੇ ਹਨ।

ਇਨ੍ਹਾਂ ਲੱਖਾਂ ਕਰੋੜਾਂ ਲੋਕਾਂ ਵਿਚੋਂ ਕੁਝ ਕੁ ਸਖਸ਼ੀਅਤਾਂ ਇਹੋ ਜਿਹੀਆਂ ਹੁੰਦੀਆਂ ਹਨ, ਜਿਹੜੀਆਂ ਜੀਵਨ ਦੇ ਮੁੱਲਾਂ ਨੂੰ ਸਮਝਦੀਆਂ ਹਨ; ਜੀਵਨ ਦੀ ਸਾਰਥਕਤਾ ਨੂੰ ਸਮੁੱਖ ਰੱਖਦੀਆਂ ਹਨ; ਜੀਵਨ ਦੀ ਸਹੀ ਸੇਧ ਅਪਣਾਉਂਦੀਆਂ ਹਨ। ਉਨ੍ਹਾਂ ਦੇ ਸਾਹਮਣੇ ਹੁੰਦੇ ਹਨ ਕੁਝ ਆਦਰਸ਼, ਕੁਝ ਮਰਯਾਦਾਵਾਂ, ਕੁਝ ਸਿਧਾਂਤ, ਕੁਝ ਅਸੂਲ, ਕੁਝ ਉਦੇਸ਼, ਕੁਝ ਵਿਸ਼ੇਸ਼ ਮੰਤਵ, ਜਿਨ੍ਹਾਂ ਨੂੰ ਸਾਹਮਣੇ ਰੱਖ ਕੇ, ਉਹ ਆਪਣੇ ਜੀਵਨ ਦੇ ਪਲ ਬਤੀਤ ਕਰਦੇ ਹਨ। ਉਨ੍ਹਾਂ ਦੀ ਪੂਰਤੀ ਲਈ ਉਹ ਨਿਸਵਾਰਥ ਹੋ ਕੇ ਜੁੱਟ ਜਾਂਦੇ ਹਨ, ਉਸ ਦੀ ਪ੍ਰਾਪਤੀ ਲਈ ਉਨ੍ਹਾਂ ਨੂੰ ਅਨੇਕ ਕਠਿਨਾਈਆਂ, ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਰਾਹਾਂ ਤੇ ਚਲ ਕੇ ਉਨ੍ਹਾਂ ਨੂੰ ਜ਼ਬਰ, ਜ਼ੁਲਮ, ਤਸ਼ਦੱਦ, ਅਤਿਆਚਾਰ ਸਹਿਨ ਕਰਨਾ ਪੈਂਦਾ ਹੈ; ਉਨ੍ਹਾਂ ਦੇ ਪੱਥ ਫੁੱਲਾਂ ਨਾਲ ਨਹੀਂ ਸਗੋਂ ਕੰਡਿਆਂ ਨਾਲ ਸੁਸ਼ੋਭਿਤ ਹੁੰਦੇ ਹਨ; ਉਨ੍ਹਾਂ ਤੇ ਚਲ ਕੇ ਉਨ੍ਹਾਂ ਦੇ ਪੈਰ ਲਹੂ-ਲੁਹਾਨ ਹੋ ਜਾਂਦੇ ਹਨ ਪਰ ਉਨ੍ਹਾਂ ਦੇ ਬੁਲ੍ਹਾਂ ਤੇ ਸੀ ਤਕ ਨਹੀਂ ਹੁੰਦੀ, ਅੱਖਾਂ ਵਿੱਚ ਅੱਥਰੂ ਨਹੀਂ ਹੁੰਦੇ, ਦਿਲ ਵਿੱਚ ਪੀੜਾ ਕਸਕ ਸਹਿਨ ਕਰਦਿਆਂ ਹੋਇਆਂ ਬੁੱਲ੍ਹਾਂ ਤੇ ਮੁਸਕਾਨ ਤੇ ਮੂੰਹ ਤੇ ਉਦਾਸੀ ਗਮੀ ਦੀ ਥਾ ਤੇ ਖੇੜਾ ਤੇ ਹੁਲਾਸ। ਉਨ੍ਹਾਂ ਦੇ ਆਦਰਸ਼ਾਂ ਦੀ ਪੂਰਤੀ ਵਿੱਚ ਇਹ ਸਮਾਜ ਸਹਾਇਕ ਨਹੀਂ ਹੁੰਦਾ; ਸਗੋਂ ਜਗ੍ਹਾ ਜਗ੍ਹਾ ਰੋੜੇ-ਪੱਥਰ ਬਿਖੇਰ ਕੇ ਰੁਕਾਵਟਾਂ ਪੈਦਾ ਕਰਦਾ ਹੈ। ਉਹ ਕਦੇ ਡੋਲਦੇ ਨਹੀਂ; ਕਦੇ ਰੁਕਦੇ ਨਹੀਂ; ਉਨ੍ਹਾਂ ਦੇ ਪੈਰ ਡਗਮਗਾਉਂਦੇ ਨਹੀਂ; ਉਨ੍ਹਾਂ ਦਾ ਸਿਰ ਝੁਕਦਾ ਨਹੀਂ, ਸਗੋਂ ਉਹ ਸਿਰ ਉੱਚਾ ਕਰ ਕੇ ਆਪਣੇ ਉਲੀਕੇ ਆਦਰਸ਼ਾਂ ਤੇ ਚਲਦੇ ਤੇ

ਅਗਾਹ ਵਧਦੇ ਤੇ ਵਧਦੇ ਹੀ ਜਾਂਦੇ ਹਨ। ਬੜੇ ਘੱਟ ਹਨ ਉਹ, ਜਿਨ੍ਹਾਂ ਨੂੰ ਸਫਲਤਾ ਪ੍ਰਾਪਤ ਹੁੰਦੀ ਹੈ, ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਹੈ, ਕਿ ਇਸ ਮਾਰਗ ਤੇ ਚਲਦਿਆਂ ਹੋਇਆਂ ਸਭ ਨੂੰ ਆਪਾ ਵਾਰਨਾ ਪੈਂਦਾ ਹੈ, ਆਪਣੇ ਜੀਵਨ ਦਾ ਬਲਿਦਾਨ ਕਰਨਾ ਪੈਂਦਾ ਹੈ। ਉਨ੍ਹਾਂ ਦਾ ਬਲਿਦਾਨ ਐਵੇਂ ਨਹੀਂ ਜਾਂਦਾ; ਉਨ੍ਹਾਂ ਦੀ ਘਾਲਣਾ ਵਿਅਰਥ ਨਹੀਂ ਜਾਂਦੀ; ਉਨ੍ਹਾਂ ਦੀ ਕੁਰਬਾਨੀ ਰੰਗ ਲਿਆਉਂਦੀ ਹੈ। ਇਤਿਹਾਸ ਉਨ੍ਹਾਂ ਦੀ ਕੁਰਬਾਨੀ ਨੂੰ ਆਪਣੇ ਪੰਨਿਆਂ ਵਿੱਚ ਸਮੇਟ ਲੈਂਦਾ ਹੈ ਤੇ ਉਨ੍ਹਾਂ ਦਾ ਨਾਮ ਸੁਨਿਹਰੀ ਅੱਖਰਾਂ ਵਿੱਚ ਲਿਖਿਆ ਜਾਂਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਤੇ ਮਾਣ ਕਰਦੀਆਂ ਹਨ, ਤੇ ਉਨ੍ਹਾਂ ਦੀ ਮਧੁਰ ਯਾਦ ਨੂੰ ਅਣਗਿਣਤ ਤਰੀਕਿਆਂ ਨਾਲ ਮਨਾਉਂਦੀਆਂ ਹਨ। ਮਾਨਵਤਾ ਉਨ੍ਹਾਂ ਦੇ ਚਰਨਾਂ ਵਿੱਚ ਨਤਮਸਤਕ ਹੋ ਜਾਂਦੀ ਹੈ; ਉਨ੍ਹਾਂ ਦੀਆਂ ਗਾਥਾਵਾਂ ਨੂੰ ਯਾਦ ਕਰਕੇ ਆਨੰਦਿਤ ਹੁੰਦੀ ਹੈ। ਉਨ੍ਹਾਂ ਦੀ ਸਮ੍ਰਿਤੀ ਸਿਰਫ ਉਨ੍ਹਾਂ ਦੇ ਕਾਲ ਤਕ ਹੀ ਸੀਮਿਤ ਨਹੀਂ, ਸਗੋਂ ਉਹ ਹਰ ਯੁੱਗ, ਹਰ ਕਾਲ ਲਈ ਅਮਰ, ਅਜਰ ਹੋ ਜਾਂਦੇ ਹਨ। ਉਹ ਇਸ ਤਰ੍ਹਾਂ ਦੀਆਂ ਲੀਹਾਂ ਪਿੱਛੇ ਛੱਡ ਜਾਂਦੇ ਹਨ, ਜਿਨ੍ਹਾਂ ਦੀ ਛਾਪ ਅਮਿੱਟ ਹੁੰਦੀ ਹੈ, ਜਿਨ੍ਹਾਂ ਤੇ ਆਉਣ ਵਾਲੀਆਂ ਪੀੜ੍ਹੀਆਂ ਗਰਵ ਕਰਦੀਆਂ ਹਨ।

ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਹੈ, ਕਿ ਭਾਰਤੀ ਨਾਰੀ ਨੇ ਜੇਕਰ ਪਤੀਵਰਤ ਦੇ ਧਰਮ ਦੇ ਆਦਰਸ਼ ਨੂੰ ਸਮੁੱਖ ਰੱਖਿਆ ਤੇ ਦੂਸਰੇ ਪਾਸੇ ਨਿਸਵਾਰਥ ਹੋ ਕੇ ਸੇਵਾ ਕਰਨ ਦਾ ਆਦਰਸ਼ ਅਪਣਾ ਲਿਆ; ਜੇਕਰ ਲੋੜ ਪਈ ਤੇ ਰਾਜ ਪ੍ਰਬੰਧ ਦੇ ਖੇਤਰ ਵਿਚ ਵੀ ਕੁੱਦ ਪਈ ਤੇ ਇਹ ਸਾਬਤ ਕਰ ਦਿੱਤਾ ਕਿ ਉਹ ਇਸ ਕਾਰਜ ਵਿੱਚ ਵੀ ਕਿਸੇ ਨਾਲੋਂ ਘੱਟ ਨਹੀਂ; ਜੇਕਰ ਉਸ ਨੇ ਇਸ਼ਕ ਦੇ ਆਦਰਸ਼ ਨੂੰ ਅਪਣਾਇਆ ਤਾਂ ਪੂਰਨ ਰੂਪ ਵਿੱਚ ਆਪਾ ਵਾਰਕੇ, ਬਲਿਦਾਨ ਤੇ ਤਿਆਗ ਦੀ ਮੂਰਤੀ ਬਣ ਗਈ; ਜੇਕਰ ਆਪਣੇ ਪਿਆਰੇ ਸਤਿਗੁਰੂ ਦੇ ਚਰਨਾਂ ਨਾਲ ਪਿਆਰ ਸਨੇਹ, ਇਸਕ ਕੀਤਾ ਤਾਂ ਉਸ ਵਿੱਚ ਰਤੀ ਭਰ ਵੀ ਕਸਰ ਨਾ ਛੱਡੀ; ਜੇਕਰ ਸਮਾਜ ਵਲ ਧਿਆਨ ਦਿੱਤਾ ਤਾਂ ਉਸ ਦੇ ਕੁਕਰਮਾਂ ਤੇ ਭੈੜ ਨੂੰ ਦੂਰ ਕਰਕੇ ਪੂਰਨ ਰੂਪ ਵਿੱਚ ਸੁਧਾਰਨ ਦੇ ਉਪਰਾਲੇ ਕੀਤੇ। ਜਦੋਂ ਦੇਸ ਤੇ ਗੁਲਾਮੀ ਦੇ ਬੱਦਲ ਗਰਜ ਉਠੇ, ਤਾਂ ਉਹ ਕਾਲੇ ਘੋਰ ਬੱਦਲਾਂ ਤੋਂ ਘਬਰਾਈ ਨਹੀਂ, ਸਗੋਂ ਆਪਣੇ ਹੱਥ ਵਿੱਚ ਆਜਾਦੀ ਦਾ ਝੰਡਾ ਫੜ ਕੇ ਆਜਾਦੀ ਦਾ ਆਦਰਸ਼ ਸਮੁੱਖ ਰੱਖ ਕੇ ਬਿਜਲੀ ਬਣ ਕੇ ਚਮਕ ਉਠੀ। ਉਸ ਪ੍ਰਕਾਸ਼ ਦੇ ਨਾਲ ਆਪਾ ਪ੍ਰਕਾਸ਼ ਤਾਂ ਕੀਤਾ ਹੀ, ਸਗੋਂ ਦੂਸਰਿਆਂ ਦੀਆਂ ਅੱਖਾਂ ਨੂੰ ਵੀ ਚੁੰਧਿਆਉਣ ਵਿੱਚ ਕੋਈ ਕਸਰ ਨਾ ਛੱਡੀ। ਵੈਰੀਆਂ ਦੀ ਡੱਟ ਕੇ ਵਿਰੋਧਤਾ ਕੀਤੀ ਅਤੇ ਉਨ੍ਹਾਂ ਦੇ ਦੰਦ ਬੁਰੀ ਤਰ੍ਹਾਂ ਖੱਟੇ ਕਰ ਦਿੱਤੇ।

ਸਭ ਤੋਂ ਪਹਿਲੇ ਅਸੀਂ ਸਾਰੇ ਆਪਣੀ ਪੂਜਯ ਇਸ਼ਟ ਚੰਡੀ ਦੇਵੀ ਤੇ ਉਸਦੇ ਅਣਗਿਣਤ ਰੂਪਾਂ ਸਾਹਮਣੇ ਨਤਮਸਤਕ ਹੋਈਏ ਜਿਸਨੇ ਦੁਸ਼ਟਾਂ ਦਾ ਸੰਹਾਰ ਕਰਕੇ ਰਾਖਸ਼ਾਂ ਨੂੰ ਜੜ੍ਹਾਂ ਤੋਂ ਉਖਾੜ ਕੇ ਮਲੀਆ ਮੇਟ ਕਰ ਦਿੱਤਾ ਤੇ ਸੰਤਾਂ ਸਾਧੂਆਂ, ਮਹਾਤਮਾ ਦੀ ਸਹਾਇਕ ਬਣੀ।

**- ਦਾਨਵ ਦੁਸਟ ਨ ਬਾਚਾ ਏਕਾ।।**

**- ਸੰਤ ਸਹਾਇ ਸਦਾ ਜਗ ਮਾਇ।।**

ਤੇ ਫਿਰ ਸਾਡੇ ਸਮੁੱਖ ਆਉਂਦੀਆਂ ਹਨ-ਉਹ ਪਵਿੱਤਰ ਨਾਰੀਆਂ, ਜਿਨ੍ਹਾਂ ਨੇ ਆਪਣੇ ਤਪ, ਤੇਜ, ਨਾਲ ਔਕੜਾਂ ਤੇ ਔਖਿਆਈਆਂ ਦਾ ਡੂੰਘਾ ਸਮੁੰਦ੍ਰ ਪਾਰ ਕਰਕੇ ਆਪਣੇ ਪਤਿਵਰਤ ਧਰਮ ਦੇ ਆਦਰਸ਼ ਨੂੰ ਅਡੋਲ ਨਿਭਾਇਆ।

ਸੀਤਾ ਮਾਤਾ ਜੀ ਮੂਕ, ਨਿਰੀਹ, ਅਚਲ, ਅਡੋਲ, ਔਜਿਸਵਨੀ, ਤੇ ਜਸਵਿਨੀ, ਸੁੰਦਰ, ਸੁਸ਼ੀਲ, ਸੁਕੁਮਾਰ, ਸੁਘੜ, ਸਿਆਣੀ ਬਲਿਦਾਨ ਤੇ ਤਿਆਗ ਦੀ ਮੂਰਤੀ ਇੱਕ ਆਦਰਸ਼ ਭਾਰਤੀ ਨਾਰੀ ਸਨ। ਉਨ੍ਹਾਂ ਨੇ ਆਪਣੇ ਪਤੀ ਸ੍ਰੀ ਰਾਮ-ਚੰਦ੍ਰ ਜੀ ਦੇ ਹਰ ਦੁੱਖ-ਸੁੱਖ ਦੇ ਪਲ ਵਿੱਚ ਸਾਥ ਦਿੱਤਾ। ਇਹ ਇੱਕ ਵੱਖਰੀ ਗੱਲ ਹੈ ਕਿ ਸਮਾਜ ਦੇ ਤੁੱਛ ਪ੍ਰਾਣੀਆਂ ਦੇ ਤਾਹਨੇ-ਮਿਹਣਿਆਂ ਕਰਕੇ, ਉਨ੍ਹਾਂ ਨੂੰ ਆਪਣੇ ਪ੍ਰਿਯ ਪਤੀ ਦੇ ਵਿਯੋਗ ਵਿੱਚ ਰਾਜ ਪਾਟ ਤਿਆਗ ਕੇ ਜੰਗਲਾਂ ਦਾ ਵਾਸ ਕਰਨਾ ਪਿਆ।

**ਜਹਾਂ ਸਾਲ ਭਾਰੇ ।। ਦ੍ਰੁਮੰ ਤਾਣ ਨਯਾਰੇ।।**
**ਛੁਏ ਸੁਰਗ ਲੋਕੰ ।। ਹਰੈ ਜਾਤ ਸ਼ੋਕੰ।।**
**ਤਹਾਂ ਰਾਮ ਪੈਠੇ ।। ਮਹਾਂ ਬੀਰ ਐਠੇ।।**
**ਮਹਾ ਸੁਭ੍ਰ ਗੀਤਾ ।। ਲੀਏ ਸੰਗਿ ਸੀਤਾ।।**
**ਬਿਧੰ ਬਾਕ ਬੈਣੀ ।। ਮ੍ਰਿਗੀ ਰਾਜ ਨੈਣੀ।।**
**ਕਟੰ ਛੀਨ ਦੇ ਸੀ।। ਪਰੀ ਪਦਮਨੀ ਸੀ।।**

ਸ੍ਰੀ ਰਾਮ ਚੰਦਰ ਜੀ ਦੇ ਚਰਨਾਂ ਨਾਲ ਹੋਰ ਕਈ ਅਣਗਿਣਤ ਅਧਿਆਤਮਕ ਸਖਸ਼ੀਅਤਾਂ ਪਿਆਰ ਕਰਦੀਆਂ ਸਨ ਪਰ ਮਾਤਾ ਸ਼ਬਰੀ ਜੀ ਦਾ ਆਪਣਾ ਹੀ ਇੱਕ ਵਿਸ਼ੇਸ਼ ਸਥਾਨ ਹੈ। ਉਨ੍ਹਾਂ ਦੇ ਗੁਰੂ ਮਤੰਗ ਰਿਖੀ ਨੇ ਪ੍ਰਭੂ ਰਾਮ ਦੇ ਚਰਨਾਂ ਨਾਲ ਪ੍ਰੀਤ ਜੋੜੀ ਅਤੇ ਉਹ ਉਨ੍ਹਾਂ ਦੇ ਦਰਸ਼ਨਾਂ ਦੀ ਤਾਂਘ ਵਿੱਚ ਟਕ-ਟਕੀ ਲਗਾਏ ਰੱਖਦੇ। ਰਾਮ-ਚੰਦਰ ਜੀ ਦੇ ਦਰਸ਼ਨਾਂ ਦੀ ਦਾਤ ਪ੍ਰਾਪਤ ਕਰਕੇ ਮਾਤਾ ਸ਼ਬਰੀ ਜੀ ਧੰਨ-ਧੰਨਯ ਹੋ ਗਏ।

ਸਤੀ ਸਾਵਿਤ੍ਰੀ ਦੇ ਨਾਮ ਤੋਂ ਕੌਣ ਪਰਿਚਿਤ ਨਹੀਂ। ਉਹ ਆਪਣੇ ਪਤੀ ਵਰਤਾ ਧਰਮ ਵਿੱਚ ਐਨੀ ਸੁਦ੍ਰਿੜ ਸੀ ਕਿ ਉਸ ਨੇ ਆਪਣੇ ਪਤੀ ਸਤਯਾਵਾਨ ਨੂੰ ਜਮ ਦੇ ਮੂਹੋਂ ਛਡਵਾਇਆ ਤੇ ਉਸਨੂੰ ਨਵਾਂ ਜੀਵਨ ਪ੍ਰਦਾਨ

ਕਰਨ ਵਿੱਚ ਸਹਾਇਕ ਹੋਈ। ਸਤੀ ਪਾਰਬਤੀ, ਮਾਤਾ ਅਨੁਸੂਈਆ ਵੀ ਇਸੇ ਮਾਲਾ ਦੇ ਮਣਕੇ ਹਨ। ਇਨ੍ਹਾਂ ਸਭ ਨੇ ਆਪਣੇ ਪਤਿਵਰਤ ਧਰਮ ਦੇ ਆਦਰਸ਼ਾਂ ਦੀ ਰੱਜ ਕੇ ਪਾਲਣਾ ਕੀਤੀ ਤੇ ਉੱਚ ਆਦਰਸ਼ ਭਾਰਤੀ ਨਾਰੀਆਂ ਹੋਣ ਦਾ ਗੌਰਵ ਪ੍ਰਾਪਤ ਕਰਕੇ ਪਹਿਲੀ ਕਤਾਰ ਵਿੱਚ ਆਣ ਖੜ੍ਹੀਆਂ ਹੋਈਆਂ।

ਸ੍ਰੀ ਕ੍ਰਿਸ਼ਨ ਜੀ ਦੇ ਵੇਲੇ ਗੋਪੀਆਂ ਉੱਚੇ, ਸੁੱਚੇ ਪਿਆਰ ਦੀਆਂ ਚਰਮ ਸਿਖਰਾਂ ਨੂੰ ਛੂਹ ਰਹੀਆਂ ਸਨ, ਉਹ ਤਾਂ ਪਿਆਰ ਵਿੱਚ ਆਪਣੀ ਸੁੱਧ-ਬੁੱਧ ਗਵਾ ਬੈਠੀਆਂ ਸਨ। ਉਹ ਆਪਣੇ ਪ੍ਰੀਤਮ ਸ੍ਰੀ ਕ੍ਰਿਸ਼ਨ ਜੀ ਦੇ ਅਸੀਮ ਤੇ ਡੂੰਘੇ ਪਿਆਰ ਦੇ ਸਮੁੰਦ੍ਰ ਵਿੱਚ ਗੁਆਚ ਚੁੱਕੀਆਂ ਸਨ, ਉਨ੍ਹਾਂ ਨੇ ਆਪਣੇ ਪਿਆਰੇ ਇਸ਼ਟ ਦੇ ਸਨੇਹ ਨੂੰ ਪਹਿਲਾਂ ਤਾਂ ਰੱਜ ਕੇ ਮਾਣਿਆ, ਉਨ੍ਹਾਂ ਲਈ ਤਾਂ ਉਨ੍ਹਾਂ ਦਾ ਮਧੂ-ਸੂਦਨ, ਮਾਧੋ, ਕ੍ਰਿਸ਼ਨ, ਮੁਰਾਰੀ, ਸ਼ਿਆਮ ਸੁੰਦਰ, ਸਭ-ਕੁਛ ਹੀ ਸੀ, ਉਨ੍ਹਾਂ ਨੂੰ ਤਾਂ ਦੀਨ-ਦੁਨੀਆ ਦੀ ਨਾ ਤੇ ਕੋਈ ਖਬਰ ਸੀ, ਅਤੇ ਨਾ ਹੀ ਪਰਵਾਹ। ਉਹ ਸ੍ਰੀ ਕ੍ਰਿਸ਼ਨ ਜੀ ਦੇ ਅਧਰਾਂ ਤੇ ਧਰੀ ਹੋਈ ਬੰਸਰੀ ਵਿੱਚੋਂ ਰਸ ਭਰੀਆਂ ਸੁਰਾਂ ਸੁਣ ਕੇ ਆਨੰਦ-ਵਿਭੋਰ ਹੋ ਕੇ ਮਸਤ ਹੁੰਦੀਆਂ ਅਤੇ ਝੂਮਦੀਆਂ ਰਹਿੰਦੀਆਂ। ਸ੍ਰੀ ਕ੍ਰਿਸ਼ਨ ਜੀ ਦੀ ਸਭ ਤੋਂ ਵੱਧ ਪਿਆਰੀ ਸੀ ਰਾਧਿਕਾ। ਰਾਧਾ ਜੀ ਨੇ ਆਪਣੇ ਪ੍ਰਿਯ ਦੇ ਸੰਜੋਗ ਅਤੇ ਵਿਜੋਗ ਦੇ ਪਲਾਂ ਨੂੰ ਰੱਜਕੇ ਮਾਣਿਆ ਸੀ। ਉਨ੍ਹਾਂ ਨੂੰ ਵਿਯੋਗ, ਕਸਕ ਪੀੜਾ ਦਾ ਬਹੁਤ ਅਨੁਭਵ ਪ੍ਰਾਪਤ ਸੀ। ਰੁਕਮਣੀ ਨੂੰ ਪਟਰਾਣੀ ਹੋਣ ਦਾ ਸੁਭਾਗ ਪ੍ਰਾਪਤ ਸੀ, ਬਿਦਰ ਦੀ ਪਤਨੀ ਲਕਸ਼ਮੀ ਕਾਂਤਾ ਦੇਵੀ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨਾਂ ਦੀ ਦਾਤ ਪ੍ਰਾਪਤ ਕਰਕੇ ਆਪਾ ਹੀ ਭੁੱਲ ਗਈ। ਦ੍ਰੋਪਦੀ ਸ੍ਰੀ ਕ੍ਰਿਸ਼ਨ ਜੀ ਨੂੰ ਪੂਰਨ ਰੂਪ ਵਿੱਚ ਅਕਾਲ-ਪੁਰਖ ਦੀ ਸਾਕਾਰ ਪ੍ਰਤਿਮਾ ਮੰਨਦੀ ਸੀ, ਤੇ ਆਪਣੇ ਜੀਵਨ ਦੇ ਔਖੇ ਪਲਾਂ ਵਿੱਚ ਉਨ੍ਹਾਂ ਨੂੰ ਪੁਕਾਰ ਕੇ, ਉਨ੍ਹਾਂ ਦੀ ਸਹਾਇਤਾ ਪ੍ਰਾਪਤ ਕਰਕੇ ਔਖੇ ਪਲਾਂ ਨੂੰ ਸੁਖਾਲਾ ਬਣਾ ਲੈਂਦੀ। ਮੀਰਾ ਬਾਈ ਸ੍ਰੀ ਕ੍ਰਿਸ਼ਨ ਜੀ ਦੀ ਮੂਰਤ ਵਿੱਚ ਸਾਕਾਰ ਰੂਪ ਭਗਵਾਨ ਦੇ ਦਰਸ਼ਨ ਕਰ ਲੈਂਦੀ। ਉਸ ਨੂੰ ਆਪਣੇ ਸ਼ਾਹੀ ਖਾਨਦਾਨ ਦੀ ਰਤਾ ਭਰ ਵੀ ਪਰਵਾਹ ਨਹੀ ਸੀ। ਉਹ ਤਾਂ ਆਪਣੇ ਸਾਂਵਰੇ ਦੇ ਰੰਗ ਵਿੱਚ ਰੰਗ ਕੇ, ਗਾਉਂਦੀ ਅਤੇ ਨੱਚਦੀ ਰਹਿੰਦੀ। ਕਰੈਮਤੀ ਬਾਈ ਨੇ ਆਪਣੇ ਸ਼ਿਆਮ-ਸੁੰਦਰ ਲਈ ਘਰ ਬਾਰ ਸਭ-ਕੁਛ ਤਿਆਗ ਦਿੱਤਾ ਅਤੇ ਆਪਣੀ ਲਿਵ ਸ੍ਰੀ ਕ੍ਰਿਸ਼ਨ ਜੀ ਨਾਲ ਜੋੜ ਕੇ ਆਪਣੇ ਜੀਵਨ ਨੂੰ ਸਫਲ ਅਤੇ ਸਾਰਥਕ ਕੀਤਾ। ਇਸ ਤਰ੍ਹਾਂ ਹੋਰ ਅਣਗਿਣਤ ਜੀਵ ਇਸਤ੍ਰੀਆਂ ਨੇ ਵੀ ਕ੍ਰਿਸਨ ਜੀ ਨੂੰ ਪ੍ਰਭੂ ਰੂਪ ਕਰਕੇ ਤਪੱਸਿਆ ਕੀਤੀ ਅਤੇ ਇਸ ਭਵਸਾਗਰ ਤੋਂ ਪਾਰ ਉਤਾਰਾ ਕੀਤਾ।

ਇਤਿਹਾਸ ਇਸ ਗੱਲ ਨੂੰ ਸਪਸ਼ਟ ਕਰਦਾ ਹੈ ਕਿ ਕੋਈ ਅਜਿਹਾ ਸਮਾਂ ਵੀ ਆਇਆ, ਜਦੋਂ ਇਹ ਸਮਾਜ ਭੁੱਲ ਹੀ ਗਿਆ ਕਿ ਇਸਤ੍ਰੀ ਮਾਤਾ ਹੈ, ਇਸਤ੍ਰੀ ਭੈਣ ਹੈ, ਇਸਤ੍ਰੀ ਸੁਪੁੱਤ੍ਰੀ ਹੈ, ਇਸਤ੍ਰੀ ਸੱਸ ਹੈ, ਇਸਤ੍ਰੀ ਨੂੰਹ ਹੈ, ਚਾਚੀ ਹੈ, ਮਾਮੀ ਹੈ, ਭੂਆ ਹੈ, ਤਾਈ ਹੈ, ਦਿਉਰਾਣੀ ਹੈ, ਜਿਠਾਨੀ ਹੈ, ਤੇ ਸੁਪਤਨੀ ਹੈ ਤੇ ਆਪਣੇ ਸਤਿਗੁਰੂ ਦੀ ਸੇਵਿਕਾ ਹੈ। ਇਸ ਸਮਾਜ ਵਿੱਚ ਉਸਨੂੰ ਵੱਖ-ਵੱਖ ਰਿਸ਼ਤਿਆਂ ਨਾਲ ਵੱਖ-ਵੱਖ ਵਤੀਰੇ ਕਰਨੇ ਪੈਂਦੇ ਹਨ।

ਇਤਿਹਾਸ ਦੇ ਪੰਨੇ ਫਰੋਲਣ ਤੇ ਇੱਕ ਗੱਲ ਸਪਸ਼ਟ ਹੋ ਜਾਂਦੀ ਹੈ, ਕਿ ਇਸ ਸਮਾਜ ਵਿੱਚ ਇੱਕ ਪਾਸੇ ਉਸਨੂੰ ਘ੍ਰਿਣਾ ਤੇ ਤ੍ਰਿਸਕਾਰ ਦਾ ਸ਼ਿਕਾਰ ਹੋਣਾ ਪਿਆ ਅਤੇ ਦੂਸਰੇ ਪਾਸੇ ਉਸਨੂੰ ਸਨਮਾਨ ਦੀ ਦ੍ਰਿਸ਼ਟੀ ਨਾਲ ਵੇਖਿਆ ਗਿਆ। ਮਨੂੰ ਮਹਾਰਾਜ ਲਿਖਦੇ ਹਨ-

*ਤਰ ਨਾਰਯਾਸਤੁ ਪੂਜਯਨਤੇ ਰੰਮਤੇ ਤਤ੍ਰ ਦੇਵਤਾ*
*ਸਤਰਾਤਾਸਤ੍ਰੁ ਨ ਪੁਜਯੰਤੇ ਸਰਵਾਸਤਤ੍ਰਤਾ ਫਲਾ: ਕਿਰਿਯਾ।।*

ਅਰਥਾਤ ਜਿਥੇ ਨਾਰੀ ਦੀ ਪੂਜਾ ਹੁੰਦੀ ਹੈ, ਉੱਥੇ ਦੇਵਤਾ ਨਿਵਾਸ ਕਰਦੇ ਹਨ ਅਤੇ ਜਿਥੇ ਨਾਰੀ ਦੀ ਪੂਜਾ ਨਹੀਂ ਹੁੰਦੀ ਉਥੇ ਕਿਸੇ ਵੀ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਪੁਰਾਣੇ ਸਮੇਂ ਵਿੱਚ ਗਾਰਗੀ, ਅਤਰੀ, ਅਨੁਸੂਯਾ ਆਦਿ ਨੂੰ ਸਮਾਜ ਵਿੱਚ ਸਨਮਾਨਿਤ ਸਥਾਨ ਪ੍ਰਾਪਤ ਸੀ। ਅਸ਼ਵਮੇਧ ਯੱਗ ਕਰਨ ਲਗਿਆਂ ਸ੍ਰੀ ਰਾਮ ਚੰਦਰ ਜੀ ਨੇ ਸੋਨੇ ਦੀ ਸੀਤਾ ਬਣਾ ਕੇ ਯੱਗ ਸੰਪੂਰਣ ਕੀਤਾ। ਸ੍ਰੀ ਕ੍ਰਿਸ਼ਨ ਜੀ ਵੇਲੇ, ਰਾਧਾ, ਰੁਕਮਣੀ, ਗੋਪੀਆਂ ਆਪਣੇ ਪੂਜਯ ਇਸ਼ਟ ਦੀ ਉਪਾਸਨਾ ਕਰਕੇ ਅਮਰ ਹੋ ਗਈਆਂ।

ਸਮਾਂ ਪਰਿਵਰਤਨ ਸ਼ੀਲ ਹੈ। ਸਮਾਂ ਬਦਲਿਆ ਫਿਰ ਸਮਾਜ ਵਿੱਚ ਪਰਿਵਰਤਨ ਹੋਏ ਤੇ ਇਸਤ੍ਰੀ ਨੂੰ ਤਿਰਸਕ੍ਰਿਤ ਕੀਤਾ ਗਿਆ, ਅਨਾਦਰਿਤ ਕੀਤਾ ਗਿਆ। ਕਬੀਰ ਜੀ ਵਰਗੇ ਸੰਤਾਂ ਨੇ ਫੁਰਮਾਇਆ-

**ਨਾਰੀ ਕੀ ਝਾਈ ਪਰਤ, ਅੰਧਾ ਹੋਤ ਭੁਜੰਗ।।**
**ਕਬੀਰਾ ਤਿਨ ਕੀ ਕਿਆ ਗਤਿ ਨਿਤ ਨਾਰੀ ਕੇ ਸੰਗ।।**

ਸੰਤ ਤੁਲਸੀਦਾਸ ਵੀ ਚੁੱਪ ਨਾ ਰਹਿ ਸਕੇ ਤੇ ਨਾਰੀ ਦੀ ਰੱਜ ਕੇ ਨਿਖੇਧਤਾ ਕੀਤੀ।

**ਢੋਰ ਗੰਵਾਰ ਸ਼ੂਦਰ ਪਸ਼ੂ ਨਾਰੀ,**
**ਯੇ ਸਭ ਤਾੜਨ ਕੇ ਅਧਿਕਾਰੀ।**

ਪਰ ਫਿਰ ਵੀ ਕਲਾਵਤੀ, ਦੁਰਗਾਵਤੀ, ਕਰੁਨਾਵਤੀ, ਅਹਿਲਯਾਬਾਈ ਅਤੇ ਲਕਸ਼ਮੀਬਾਈ ਨੇ ਭਾਰਤੀ ਨਾਰੀ ਦਾ ਨਾਂ ਉੱਜਲ ਕੀਤਾ। ਇਸਤ੍ਰੀ ਅਨੰਤ ਗੁਣਾਂ ਦੀ ਧਾਰਨੀ ਹੈ, ਪਰ ਸ਼ਾਸਤ੍ਰਾਂ ਵਿੱਚ ਨਾਰੀ ਦੇ ਛੇ ਗੁਣਾਂ ਦੀ ਚਰਚਾ ਕੀਤੀ ਗਈ ਹੈ।

੧. ਕ੍ਰਾਯੇਸ਼ੁ ਮੰਤਰੀ - ਕੰਮ-ਕਾਜ ਵਿੱਚ ਮੰਤਰੀ ਦੇ ਸਮਾਨ ਸਲਾਹ ਦੇਣ ਵਾਲੀ।
੨. ਕਰਣੇਸ਼ੁ ਦਾਸੀ - ਸੇਵਾ ਆਦਿ ਵਿੱਚ ਦਾਸ ਦੇ ਸਮਾਨ ਸੇਵਾ ਕਰਨ ਵਾਲੀ।
੩. ਭੋਗਯੇਸ਼ੁ ਮਾਤਾ - ਮਾਤਾ ਵਾਂਗ ਸੁਵਾਦਿਸ਼ਟ ਭੋਜਨ ਕਰਾਉਣ ਵਾਲੀ।
੪. ਰਮਣੇਸ਼ੁ ਰੰਭਾ - ਰੰਭਾ ਦੇ ਸਮਾਨ ਸੁੱਖ ਦੇਣ ਵਾਲੀ।
੫. ਧਰਮਾਨੁਕੂਲ - ਧਰਮ ਦੇ ਅਨੁਕੂਲ।
੬. ਖਸ਼ਮਤਾ ਧਮਿਤ੍ਰੀ - ਖਿਮਾ ਆਦਿ ਗੁਣ ਧਾਰਣ ਕਰਨ ਲਈ ਧਰਤੀ ਵਾਂਗ ਸਥਿਰ ਰਹਿਣ ਵਾਲੀ।

ਇਸਤ੍ਰੀ ਏਨੇ ਗੁਣਾਂ ਦੀ ਧਾਰਨੀ ਹੁੰਦੀ ਹੋਈ ਵੀ ਘਰ ਦੀ ਚਾਰ ਦਿਵਾਰੀ ਦੀ ਕੈਦ ਅੰਦਰ ਘੁਟ-ਘੁਟ ਕੇ ਸਾਹ ਲੈ ਰਹੀ ਸੀ, ਉਸ ਦੇ ਹਉਕੇ ਉਸ ਦੀਆਂ ਸਿਸਕੀਆਂ ਉਸ ਦੇ ਅਰਮਾਨ, ਉਸ ਦੀ ਤੜਪ, ਉਸ ਦੀ ਕਸਕ ਉਸ ਨੂੰ ਹੌਲੀ ਹੌਲੀ ਗਿੱਲੇ ਗੋਹੇ ਵਾਂਗ ਸੁਲਗਾ ਰਹੇ ਸਨ, ਉਸ ਦਾ ਸੇਕ ਉਸ ਨੂੰ ਆਪਣੇ ਆਪ ਨੂੰ ਹੀ ਲਗਦਾ। ਇਹ ਸਭ ਕੁਛ ਜਾਨਣ ਦੀ ਸਮਾਜ ਦੇ ਕਿਸੇ ਪ੍ਰਾਣੀ ਨੂੰ ਵਿਹਲ ਨਹੀਂ ਸੀ। ਜਦੋਂ ਉਸ ਨੂੰ ਪੈਦਾ ਹੁੰਦਿਆਂ ਹੀ ਗਲਾ ਘੁਟ ਕੇ ਜਾਂ ਜ਼ਹਿਰ ਦੇ ਕੇ ਹਮੇਸ਼ਾ ਲਈ ਨੀਂਦ ਦੀ ਗੋਦ ਵਿੱਚ ਸੁਲਾ ਦਿੱਤਾ ਜਾਂਦਾ; ਉਸ ਦੇ ਪੈਦਾ ਹੋਣ ਤੇ ਘਰ ਦਾ ਵਾਤਾਵਰਨ ਸੋਗ-ਮਈ ਹੋ ਜਾਂਦਾ; ਉਸ ਦਾ ਜਨਮ ਇੱਕ ਬਦਸਗਨੀ ਮੰਨਿਆ ਜਾਂਦਾ; ਜਦੋਂ ਉਸ ਨੂੰ ਜਾਨਵਰਾਂ ਵਾਂਗ ਵੇਚਿਆ ਵੱਟਿਆ ਜਾਂਦਾ; ਜਦੋਂ ਉਹ ਘੋਰ ਅਗਿਆਨ ਦੇ ਅੰਧਕਾਰ ਵਿੱਚ ਗੋਤੇ ਖਾ ਰਹੀ ਸੀ; ਜਦੋਂ ਵਿਧਵਾ ਹੋ ਕੇ ਸਾਰੀ ਆਯੂ ਭਰ ਤਾਹਨੇ-ਮਿਹਣੇ ਸੁਣਦਿਆਂ ਸੁਣਦਿਆਂ ਜੁੱਪੀ ਸਾਧ ਕੇ, ਬੁਲੀਆਂ ਦੀ ਕੈਦ ਵਿੱਚ ਰਹਿ ਕੇ, ਸਭ ਕੁਛ ਸਹਿਨ ਕਰ ਰਹੀ ਸੀ; ਜਦੋਂ ਉਸ ਨੂੰ ਢੋਰ, ਗਵਾਰ, ਪਸ਼ੂਆਂ, ਸ਼ੂਦਰਾਂ ਨਾਲ ਰਲਾਇਆ ਜਾ ਰਿਹਾ ਸੀ; ਜਦੋਂ ਉਸ ਨੂੰ ਅਗਿਆਨੀ ਵੇਦ ਸ਼ਾਸ਼ਤਰਾਂ ਦੇ ਅਧਿਕਾਰ ਤੋਂ ਵੰਚਿਤ, ਝੂਠ ਦੀ ਪ੍ਰਤਿਮਾ ਮੰਨ ਕੇ ਨਿਖਿੱਧ ਤੋਂ ਨਿਖਿੱਧ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਜਾ ਰਿਹਾ ਸੀ; ਜਦੋਂ ਉਹ ਸਤੀ ਸਾਵਿਤ੍ਰੀ ਹੁੰਦੀ ਹੋਈ ਵੀ ਅਨਾਦਰਿਤ ਕੀਤੀ ਜਾ ਰਹੀ ਸੀ; ਜਦੋਂ ਉਸ ਨੂੰ ਮਾਨਵ ਨਾ ਸਮਝ ਕੇ ਸਿਰਫ ਇਕ ਵਸਤੂ ਹੀ ਸਮਝਿਆ ਜਾ ਰਿਹਾ ਸੀ; ਜਦੋਂ ਉਸ ਨੂੰ 'ਘੁੰਡ ਦੀ ਕੈਦ' ਅੰਦਰ ਆਪਣਾ ਮੂੰਹ ਛੁਪਾਣਾ ਪੈਂਦਾ ਸੀ; ਉਸ ਵੇਲੇ ਸਾਡੇ ਸਰਵ-ਪ੍ਰਥਮ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦੀ ਭਿਅੰਕਰ ਦੁਰਦਸ਼ਾ ਨੂੰ ਮੁੱਖ ਰੱਖਦਿਆਂ ਕੁਰਾਹੇ ਪਈ ਹੋਈ ਲੋਕਾਈ ਨੂੰ ਸਮਝਾਇਆ

ਅਤੇ ਇਸਤ੍ਰੀ ਦੀ ਮਹਾਨਤਾ ਤੇ ਪ੍ਰਕਾਸ਼ ਪਾਉਂਦਿਆਂ ਹੋਇਆਂ ਫੁਰਮਾਇਆ,

**ਭੰਡੈ ਬਾਝੁ ਨ ਕੋਇ।।**

ਤੇ

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।**

ਸਮਾਜ ਦੇ ਤੁਛ ਪ੍ਰਾਣੀਆਂ ਨੂੰ ਵਿਸਥਾਰ ਕੇ ਆਖਿਆ ਕਿ ਉਨ੍ਹਾਂ ਨੂੰ ਇਸਤ੍ਰੀ ਨੂੰ ਮੰਦਾ ਆਖਣ ਦਾ ਕੋਈ ਅਧਿਕਾਰ ਨਹੀ, ਕਿਉਕਿ ਉਹ ਰਾਜੇ ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਹੈ।

ਬੇਬੇ ਨਾਨਕੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਉਚ ਦਿੱਵਯ ਦ੍ਰਿਸ਼ਟੀ ਦੀ ਮਾਲਿਕ ਤੇ ਰੂਹਾਨੀਅਤ ਦੀਆਂ ਸਿਖਰਾਂ ਦੀ ਪ੍ਰਾਪਤ ਕਰਤਾ ਸੀ। ਉਹ ਪਹਿਲੀ ਇਸਤ੍ਰੀ ਸੀ ਜਿਸ ਨੇ ਗੁਰੂ ਨਾਨਕ ਦੇਵ ਜੀ ਨੂੰ ਪੂਰਨ ਅਕਾਲ ਪੁਰਖ ਜਾਣਿਆ। ਬੇਬੇ ਜੀ ਨੇ ਆਪਣੇ ਪਤੀ ਜੈ ਰਾਮ ਜੀ ਨੂੰ ਗਿਆਨ ਦਿੱਤਾ ਹੋਇਆ ਸੀ, ਕਿ ਗੁਰੂ ਨਾਨਕ ਦੇਵ ਜੀ ਆਮ ਮਨੁੱਖਾਂ ਵਰਗੇ ਨਹੀ, ਸਗੋਂ ਪੂਰਨ ਅਵਤਾਰ ਹਨ, ਤੇ ਅਕਾਲ-ਪੁਰਖ ਨੇ ਉਨ੍ਹਾਂ ਨੂੰ ਸੰਸਾਰ ਦੇ ਭਲੇ ਲਈ ਭੇਜਿਆ ਹੈ। ਬੇਬੇ ਜੀ ਦਾ ਜਦੋਂ ਦਿਲ ਕਰਦਾ, ਉਹ ਸਾਖਿਆਤ ਰੂਪ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਲੈਂਦੇ।

ਬੀਬੀ ਜੱਸੀ ਆਗਰੇ ਵਿੱਚ ਰਹਿੰਦੀ ਸੀ। ਜੁਆਨੀ ਵਿੱਚ ਘਰ ਬਾਰ, ਮਾਂ, ਬਾਪ, ਸਹੁਰੇ ਤਿਆਗ ਕੇ ਸੰਤਣੀ ਹੋ ਗਈ, ਤੇ ਬੈਰਾਗੀ ਸਾਧੂਆਂ ਦੀ ਸੇਵਿਕਾ ਬਣ ਗਈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੈਰਾਗੀ ਸਾਧੂਆਂ ਨਾਲ ਗਿਆਨ ਚਰਚਾ ਕੀਤੀ, ਉਸ ਦਾ ਅਸਰ ਬੀਬੀ ਜੱਸੀ ਦੇ ਮਨ ਤੇ ਬਹੁਤ ਗਹਿਰਾ ਹੋਇਆ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਡਿੱਗ ਪਈ। ਚਰਨ ਸਪਰਸ਼ ਕਰਕੇ ਹਿਰਦੇ ਵਿੱਚ ਪ੍ਰਕਾਸ਼ ਹੀ ਪ੍ਰਕਾਸ਼ ਫੈਲ ਗਿਆ। ਸਤਿਗੁਰੂ ਨਾਨਕ ਦੇਵ ਜੀ ਤੋਂ ਉਪਦੇਸ਼ ਲਿਆ। ਨਾਮ ਸਿਮਰਨ ਵਿੱਚ ਲਿਵਲੀਨ ਰਹਿੰਦੀ ਤੇ ਜਦੋਂ ਸੱਚੇ ਪਾਤਸ਼ਾਹ ਉਥੋਂ ਟੁਰਨ ਲੱਗੇ, ਬੀਬੀ ਨੇ ਸਤਿਗੁਰਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ,''ਗਰੀਬ ਨਿਵਾਜ਼ ! ਫਿਰ ਕਦੋਂ ਦਰਸ਼ਨ ਹੋਣਗੇ ?'' ਸਤਿਗੁਰੂ ਜੀ ਨੇ ਉੱਤਰ ਦਿੱਤਾ,''ਮੇਰੇ ਦਰਸ਼ਨ ਸ਼ਾਇਦ ਕਿਸੇ ਨਾ ਕਿਸੇ ਰੂਪ ਵਿੱਚ ਹੋ ਹੀ ਜਾਣ, ਪਰ ਤੂੰ ਨਿਰੰਕਾਰ ਦੇ ਦਰਸ਼ਨ ਕਰਨ ਦੀ ਸੱਧਰ ਰੱਖ। ਅਕਾਲ-ਪੁਰਖ ਦਾ ਸਿਮਰਨ ਕਰੀ ਜਾਂਈ ਤੇਰਾ ਕਲਿਆਣ ਹੋਵੇਗਾ।'' ਮਾਈ ਨੇ ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਨਾ ਕੀਤੀ। ਹਰ ਰੋਜ਼ ਸਵੇਰੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਧਿਆਨ ਰੱਖ ਕੇ ਸਿਮਰਨ ਕਰਦੀ, ਤੇ ਆਪਣੇ ਪਿਆਰੇ ਸਤਿਗੁਰੂ ਜੀ ਦੇ ਦਰਸ਼ਨ ਕਰ ਲੈਂਦੀ।

ਸ੍ਰੀ ਗੁਰੂ ਅਮਰਦਾਸ ਜੀ ਵੇਲੇ ਸਤੀ ਪ੍ਰਥਾ ਦਾ ਕੋਹੜ ਸਮਾਜ ਨੂੰ

ਲੱਗ ਗਿਆ। ਸੱਚੇ ਪਾਤਸ਼ਾਹ ਜੀ ਨੇ ਸਤੀ ਦੀ ਕੁਪ੍ਰਥਾ ਨੂੰ ਜੜ੍ਹੋਂ ਉਖਾੜ ਕੇ ਇਸਤ੍ਰੀ ਨੂੰ ਜੀਵਨ ਦਾਨ ਬਖਸ਼ਿਆ। ਆਪ ਜੀ ਨੇ ਸੂਹੀ ਦੀ ਵਾਰ ਵਿੱਚ ਫੁਰਮਾਇਆ-

**ਸਤੀਆ ਏਹਿ ਨ ਆਖੀਅਨਿ ਜੋ ਮੜੀਆ ਲਗਿ ਜਲੰਨਿ।।**
**ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।।**
ਤੇ,
**ਸਾ ਗੁਣਵੰਤੀ ਸਾ ਵਡਭਾਗਣਿ, ਪੁਤ੍ਰਵੰਤੀ ਸੀਲਵੰਤਿ ਸੋਹਾਗਣਿ।।**
**ਰੂਪਵੰਤਿ ਸਾ ਸੁਘੜਿ ਬਿਚਖਣਿ, ਜੋ ਧਨ ਕੰਤ ਪਿਆਰੀ ਜੀਉ।।**

ਮਾਤਾ ਸੁਲਖਣੀ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੀ ਮਾਤਾ ਹੋਣ ਦਾ ਸੁਭਾਗ ਪ੍ਰਾਪਤ ਸੀ। ਮਾਤਾ ਦਇਆ ਕੌਰ ਜੀ ਸ੍ਰੀ ਗੁਰੂ ਰਾਮਦਾਸ ਜੀ ਦੀ ਮਾਤਾ ਸਨ।

**ਨਿਜ ਭਗਤੀ ਸੀਲਵੰਤੀ ਨਾਰਿ। ਰੂਪ ਅਨੂਪ ਪੂਰੀ ਆਚਾਰਿ।।**
**ਜਿਤ ਗ੍ਰਿਹਿ ਵਸੈ ਸੋ ਗ੍ਰਿਹਿ ਸੋਭਾਵੰਤਾ।।**

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਸਾਰੇ ਪਰਿਵਾਰ ਵਿੱਚੋਂ ਸਰੇਸ਼ਟ ਮੰਨਿਆ-

**ਬਤੀਹ ਸੁਲਖਣੀ ਸਚੁ ਸੰਤਤਿ ਪੂਤ।।**
**ਆਗਿਆਕਾਰੀ ਸੁਘੜ ਸਰੂਪ।।**
**ਇਛ ਪੂਰੇ ਮਨ ਕੰਤ ਸੁਆਮੀ।।**
**ਸਗਲ ਸੰਤੋਖੀ ਦੇਰ ਜੇਠਾਨੀ।।**
**ਸਭ ਪਰਵਾਰੈ ਮਾਹਿ ਸਰੇਸਟ।।**
**ਮਤੀ ਦੇਵੀ ਦੇਵਰ ਜੇਸਟ।।**
**ਧੰਨੁ ਸੁ ਗ੍ਰਿਹ ਜਿਤੁ ਪ੍ਰਗਟੀ ਆਇ।।**
**ਜਨ ਨਾਨਕ ਸੁਖੇ ਸੁਖਿ ਵਿਹਾਇ।।**

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਬੀਬੀ ਭਾਨੀ ਜੀ ਸੇਵਾ ਦੀ ਸਾਕਾਰ ਪ੍ਰਤਿਮਾ ਸਨ। ਆਪ ਸਰਬਗੁਣ ਸੰਪੰਨ ਸਨ। ਆਪਦਾ ਸੁਭਾਉ ਬੜਾ ਮਿੱਠਾ ਭਗਤੀ ਪ੍ਰੇਮ ਤੇ ਨਿਰਮਾਣਤਾ ਭਰਪੂਰ ਸੀ। ਆਪ ਜੀ ਨੇ ਭਗਤੀ ਬਹੁਤ ਕਰਨੀ ਤੇ ਮਾਤਾ ਪਿਤਾ ਤੇ ਸਾਧ ਸੰਗਤ ਦੀ ਸੇਵਾ ਕਰਨੀ। ਸਦਾ ਇਕਾਂਤ ਵਿੱਚ ਰਹਿਣਾਂ, ਕਦੇ ਵਾਧੂ ਬਚਨ ਨਾ ਕਰਨਾ, ਸਿੱਧੇ ਸਾਦੇ ਵਸਤ੍ਰ ਧਾਰਨ ਕਰਨੇ। ਸੇਵਾ ਭਗਤੀ ਦੀ ਪ੍ਰਤੱਖ ਮੂਰਤ, ਬੀਬੀ ਭਾਨੀ ਜੀ ਆਪਣੇ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਕਰਦੇ ਅਤੇ ਲੰਗਰ ਵਿੱਚ ਜੂਠੇ ਭਾਂਡੇ ਮਾਂਜਦੇ। ਬੀਬੀ ਜੀ ਕਹਿੰਦੇ,''ਇਹ ਮੇਰੇ ਪਿਤਾ ਜੀ ਦਾ ਘਰ ਨਹੀਂ, ਮੇਰੇ ਸਤਿਗੁਰੂ ਜੀ ਦਾ ਅਸਥਾਨ ਹੈ। ਮੈ ਸੇਵਾ ਕਰਕੇ ਹੱਥ ਪੈਰ

ਸਫਲ ਕਰਨੇ ਹਨ; ਸਿਮਰਨ ਕਰਕੇ ਜਿਹਬਾ ਪਵਿੱਤਰ ਕਰਨੀ ਹੈ। ਸੇਵਾ ਤੇ ਭਗਤੀ ਹੀ ਜੀਵਨ ਹੈ।''

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਜਦੋਂ ਸਰੋਵਰ ਦੇ ਪੱਕੇ ਹੋਣ ਦੀ ਕਾਰ ਸੇਵਾ ਹੋ ਰਹੀ ਸੀ ਤਾਂ ਕਾਬਲ ਤੋਂ ਇਕ ਬੀਬੀ ਰੋਜ਼ ਸਵੇਰੇ ਸੇਵਾ ਕਰਨ ਲਈ ਪਹੁੰਚ ਜਾਂਦੀ ਤੇ ਸ਼ਾਮ ਨੂੰ ਵਾਪਸ ਚਲੀ ਜਾਂਦੀ। ਜਦੋਂ ਉਹ ਟੋਕਰੀ ਸੁਟਦੀ, ਤੇ ਇਕ ਹੱਥ ਹਵਾ ਵਿੱਚ ਇਸ ਤਰ੍ਹਾਂ ਘੁਮਾਉਂਦੀ ਜਿਵੇਂ ਕਿਸੇ ਪੰਘੂੜੇ ਨੂੰ ਧੱਕਾ ਦੇਈਦਾ ਹੈ। ਉਸਦਾ ਸਵਾ ਕੁ ਸਾਲ ਦਾ ਬੱਚਾ ਸੀ, ਜਿਸ ਨੂੰ ਉਹ ਪਿਛੇ ਪੰਘੂੜੇ ਵਿੱਚ ਪਾ ਕੇ ਆਉਂਦੀ ਸੀ। ਭਜਨ ਬਾਣੀ ਤੇ ਪਤੀ ਦੀ ਸੇਵਾ ਦੇ ਫਲ ਸਰੂਪ ਤੇ ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ ਸਦਕਾ ਬੀਬੀ ਉੱਚ ਅਧਿਆਤਮਕ ਸਿਖਰਾਂ ਦੀ ਪ੍ਰਾਪਤ ਕਰਤਾ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੀ ਮਾਤਾ ਜੀ ਦਾ ਸਤਿਕ ਰ ਕਰਦੇ ਤੇ ਮਾਤਾ ਨਿਹਾਲ ਕੌਰ ਜੀ ਨੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਆਪਣੀ ਗੋਦ ਵਿੱਚ ਖਿਡਾਇਆ।

ਪਾਰਬਤੀ ਦਾ ਪਤੀ, ਸਹੁਰਾ, ਸੱਸ ਨਾਸਤਕ ਸਨ ਪਰ ਉਸ ਨੂੰ ਗੁਰੂ ਘਰ ਨਾਲ ਅਥਾਹ ਪਿਆਰ ਸੀ। ਘਰਵਾਲੇ ਉਸਨੂੰ ਭਜਨ-ਬੰਦਗੀ ਨਹੀ ਸਨ ਕਰਨ ਦਿੰਦੇ, ਪਰ ਫਿਰ ਵੀ ਉਹ ਹਰ ਵੇਲੇ ਭਜਨ ਵਿੱਚ ਲੱਗੀ ਰਹਿੰਦੀ। ਇੱਕ ਵਾਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਗਰੇ ਗਏ। ਬੀਬੀ ਦੇ ਦਿਲ ਵਿੱਚ ਸਤਿਗੁਰੂ ਦੇ ਦਰਸ਼ਨ ਕਰਨ ਦੀ ਰੀਝ ਉਠੀ। ਘਰ ਵਾਲਿਆਂ ਨੇ ਅਨੇਕਾਂ ਰੁਕਾਵਟਾਂ ਪਾਈਆਂ, ਪਰ ਉਸ ਨੇ ਰਤੀ ਭਰ ਵੀ ਪਰਵਾਹ ਨਾ ਕੀਤੀ ਤੇ ਸਤਿਗੁਰੂ ਜੀ ਦੇ ਡੇਰੇ ਜਾ ਕੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ ਤੇ ਮਨ ਦੀ ਸਾਂਤਵਨਾ ਪ੍ਰਾਪਤ ਕੀਤੀ। ਸਤਿਗੁਰੂ ਜੀ ਦੇ ਬਚਨਾਂ ਨਾਲ ਉਸਦੇ ਘਰ ਸਤਿਸੰਗ ਹੋਣ ਲੱਗ ਪਿਆ ਤੇ ਉਸਦਾ ਘਰ ਧਰਮਸ਼ਾਲਾ ਬਣ ਗਿਆ। ਬੀਬੀ ਕਰਕੇ ਸਾਰੇ ਪਰਿਵਾਰ ਤੇ ਹੀ ਕ੍ਰਿਪਾ ਹੋਈ।

ਬੀਬੀ ਕਉਲਾਂ ਭਗਤੀ ਦੀ ਪ੍ਰਤੱਖ ਦੇਵੀ ਸੀ ਤੇ ਸਤਿਗੁਰੂ ਜੀ ਦੀ ਉਸਤੇ ਪੂਰਨ ਬਖਸ਼ਿਸ਼ ਸੀ। ਚੰਬੇ ਦੀ ਬੀਬੀ ਦੇਸੋ ਨੇ ਸਤਿਗੁਰੂ ਜੀ ਕੋਲੋਂ ਸੱਤ ਪੁੱਤਰਾਂ ਦੀ ਦਾਤ ਲੈ ਲਈ। ਮਾਈ ਭਾਗ ਭਰੀ ਕਸ਼ਮੀਰ ਵਿੱਚ ਰਹਿੰਦੀ ਆਪਣੇ ਹੱਥਾਂ ਨਾਲ ਰੂੰ ਕੱਤਿਆ, ਕਪੜਾ ਤਿਆਰ ਕੀਤਾ, ਬਸਤ੍ਰ ਸੀਉਂ ਕੇ ਰੱਖੇ ਤੇ ਹਰ ਰੋਜ਼ ਬੇਨਤੀ ਕਰਦੀ,''ਮੇਰੇ ਘਰ ਚਰਨ ਪਾਵੋ, ਮੇਰੀ ਆਸਾ ਪੂਰੀ ਕਰੋ।''

ਇਕ ਵਾਰ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਰਸ਼ਨ ਦੇ ਕੇ ਉਸਨੂੰ ਨਿਹਾਲ ਕੀਤਾ। ਬਿਰਧਾਵਸਥਾ ਵਿੱਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਉਸਨੇ ਪ੍ਰਾਣ ਤਿਆਗ ਦਿੱਤੇ।

ਕ੍ਰਿਸ਼ਨ ਕੌਰ ਜੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਮਾਤਾ, ਤੇ ਨਾਨਕੀ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜਨਨੀ ਹੋਣ ਕਰਕੇ ਸ਼ਰਧਾ ਤੇ ਸਨਮਾਨ ਦੇ ਪਾਤਰ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਪਸ਼ਟ ਕਰਦੀ ਹੈ ਕਿ ਸੱਚੇ ਪਾਤਸ਼ਾਹ ਨੇ ਇਸਤ੍ਰੀ ਦੇ ਵੱਖ ਵੱਖ ਰੂਪਾਂ ਦਾ ਸਨਮਾਨ ਕੀਤਾ ਹੈ, ਪਰ ਮਾਤਾ ਦੇ ਰੂਪ ਨੂੰ ਜ਼ਿਆਦਾ ਮਹੱਤਤਾ ਪ੍ਰਦਾਨ ਕੀਤੀ ਹੈ, ਜਿਵੇਂ-

- **ਮਾਈ ਮਨੁ ਮੇਰੋ ਬਸਿ ਨਾਹਿ।।**
- **ਮਾਈ ਮੈ ਧਨੁ ਪਾਇਓ ਹਰਿ ਨਾਮੁ।।**

ਮਾਤਾ ਗੁਜਰੀ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਤੇ ਗੁਰੂ ਤੇਗ ਬਹਾਦਰ ਜੀ ਦੀ ਸੁਪਤਨੀ ਹੋਣ ਦੇ ਨਾਤੇ ਸਾਡੀ ਪੂਜਨੀਯ ਆਦਰਸ਼ ਮਾਤਾ ਜੀ ਵੀ ਸਨ। ਮਾਤਾ ਗੁਜਰੀ ਜੀ, ਸਾਹਿਬ ਦੇਵਾ ਜੀ, ਜੀਤੋ ਜੀ ਤੇ ਸੁੰਦਰੀ ਜੀ ਆਪਣੇ ਆਦਰਸ਼ਾਂ ਸਦਕਾ ਸਿੱਖ ਸਮਾਜ ਵਿੱਚ ਪੂਜਣੀਯ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਸਤ੍ਰੀ ਦੇ ਵੱਖ-ਵੱਖ ਚਰਿਤਰਾਂ ਦਾ ਵਰਨਣ ਕੀਤਾ ਹੈ। ਉਸ ਦੀ ਉਪਮਾ ਬੜੀ ਅਨੂਠੀ ਸ਼ੈਲੀ ਵਿੱਚ ਕੀਤੀ ਹੈ। ਕਿਧਰੇ ਰਾਮਾਵਤਾਰ ਦੀ ਪਰੀ, ਪਦਮਨੀ ਸੀਤਾ ਜੀ ਦੀ ਵਿਯਅਥਾ ਉਦਾਸੀਨ ਕਰਦੀ ਹੈ ਤੇ ਕਿਧਰੇ ਕ੍ਰਿਸ਼ਨਾ ਅਵਤਾਰ ਵਿੱਚ ਰਾਧਾ, ਰੁਕਮਨੀ ਦਾ ਵਿਅਕਤੀਤਵ ਸਪਸ਼ਟ ਹੋ ਰਿਹਾ ਹੈ ਤੇ ਕਿਧਰੇ ਸੱਸੀ, ਸੋਹਣੀ, ਹੀਰ ਦੇ ਅਥਾਂਹ ਪਿਆਰ ਦੀਆਂ ਗਾਥਾਵਾਂ ਹਨ। ਕਿਧਰੇ 404 ਚਰਿਤਰਾਂ ਰਾਹੀਂ ਉਸਦੇ ਗੁਣਾਂ ਅਵਗੁਣਾਂ ਦਾ ਵਿਸਥਾਰ ਹੈ। ਗੋਪੀਆਂ ਦਾ ਵਿਰਹ ਵਰਨਣ ਸੰਸਾਰ ਦੇ ਸਾਹਿਤ ਵਿੱਚ ਇਕ ਵਿਸ਼ੇਸ਼ ਮਹੱਤਵ ਪੂਰਨ ਸਥਾਨ ਰੱਖਦਾ ਹੈ।

ਕ੍ਰਾਂਤੀਕਾਰੀ ਸਤਿਗੁਰੂ ਰਾਮ ਸਿੰਘ ਜੀ ਨਾਰੀ ਦੀ ਦੁਰਦਸ਼ਾ ਤੇ ਦੁਰਗਤੀ ਨੂੰ ਨਾ ਸਹਿਨ ਕਰ ਸਕੇ। ਇਸ ਲਈ ਆਪ ਜੀ ਨੇ ਨਾਰੀ ਤੇ ਹੋ ਰਹੇ ਅਤਿਆਚਾਰਾਂ ਨੂੰ ਮੂਲ ਤੋਂ ਉਖਾੜਨ ਲਈ, ਉਸਨੂੰ ਬੇਬਸੀ ਤੇ ਗੁਲਾਮੀ ਦੇ ਬੰਧਨਾਂ ਤੋਂ ਮੁਕਤ ਕਰਨ ਲਈ, ਸਮਾਜ ਵਿੱਚ ਸਨਮਾਲਿਤ ਸਥਾਨ ਦਿਵਾਉਣ ਲਈ, ਉਸਦੇ ਗੁਆਚੇ ਹੋਏ ਅਧਿਕਾਰਾਂ ਦੀ ਪ੍ਰਾਪਤੀ ਕਰਾਉਣ ਦਾ ਬੀੜਾ ਉਠਾ ਲਿਆ। ਕੁੜੀਆਂ ਨੂੰ ਮਾਰਨ ਦੀ ਕੁਪ੍ਰਥਾ ਨੂੰ ਖਤਮ ਕਰਨ ਲਈ ਆਪ ਜੀ ਨੇ ਉਪਦੇਸ਼ ਦਿੱਤਾ,

*''ਆਗੇ ਜੋ ਲੜਕੀ ਮਾਰ ਦੇਵੇਗਾ, ਅਰ ਲੜਕੀ ਬੇਚਨੇ ਕਾ ਬਟਾ ਕਰਨੇ ਕਾ ਬੜਾ ਪਾਪੁ ਹੈ, ਜੋ ਮਾਰਨੇ ਕਾ ਏਹੁ ਪਾਪੁ ਹੈ ਜੋ ਲੜਕੀਆਂ ਮੈ ਬਹੁਤ ਈ ਗੁਣ ਹੈਨ। ਅਨੇਕ ਤਰ੍ਹਾਂ ਦੇ ਸੁਖ ਦਿੰਦੀਆਂ ਹੈਨ ਇਸਤਰੀਆਂ,*

*ਗਿਣੇ ਨਹੀ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੋਂ ਵੀ ਬਡਾ ਪਾਪੁ ਹੈ।"*

ਬਟਾ ਕਰਨ ਦੇ ਵਿਰੋਧ ਵਿੱਚ ਆਪ ਜੀ ਨੇ ਹੁਕਮ ਦਿੱਤਾ,

*"ਬਟਾ ਕਰਨੇ ਤੇ ਦਮ ਲੈਣੇ ਤੇ ਕੁੜੀ ਕੋ ਬਰੁ ਅਛਾਂ ਨਹੀ ਮਿਲਦਾ, ਕੇ ਬੁਢਾ ਕੇ ਕਿਸੋਹਣਾ ਲਭਦਾ ਹੈ ਦੰਮ ਲੈਣੇ ਤੇ। ਨਾਲੇ ਕੁੜੀ ਦੇ ਘਰ ਰਿਜਕੁ ਨਹੀ ਰਹਿੰਦਾ। ਕੁੜੀ ਬਹੁਤ ਦੁਖੀ ਹੁੰਦੀ ਹੈ, ਨਾਲੇ ਕੁੜੀ ਵਿਭਿਆਚਾਰਨੀ ਹੋਇ ਜਾਂਦੀ ਹੈ। ਬਹੁਤੇ ਥਾਈ ਖਰਾਬ ਹੁੰਦੀ ਰਹਿੰਦੀ ਹੈ। ਇਹੁ ਸਾਰਾ ਪਾਪੁ ਮਾਪਿਆਂ ਕੋ ਲਗਦਾ ਹੈ।"*

ਆਪ ਜੀ ਨੇ ਇਨ੍ਹਾਂ ਸਭ ਔਗਣਾਂ ਦਾ ਜ਼ਿੰਮੇਵਾਰ ਮਾਪਿਆਂ ਨੂੰ ਠਹਿਰਾਇਆ। ਲੜਕੀ ਦਾ ਧਨ ਲੈਣ ਤੋਂ ਵਰਜਿਤ ਕੀਤਾ। ਛੋਟੇ-ਛੋਟੇ ਭੋਲੇ ਭਾਲੇ ਮਾਸੂਮ ਬੱਚੇ, ਬੱਚੀਆਂ ਨੂੰ ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਤੋਂ ਅਨਜਾਨ ਹੁੰਦਿਆਂ ਹੋਇਆਂ ਵੀ ਵਿਆਹ ਦੇ ਪਵਿੱਤਰ ਬੰਧਨਾਂ ਵਿੱਚ ਬੰਨਣ ਦੀ ਪ੍ਰਥਾ ਦੇ ਵਿਰੁੱਧ ਆਪ ਜੀ ਨੇ ਹੁਕਮ ਕੀਤਾ,

*"ਠਾਰਾਂ ਬਰਸ ਦੀ ਲੜਕੀ,. ਬੀਸ ਬਰਸਾਂ ਦਾ ਲੜਕਾ ਹੋਵੇ ਤਾਂ ਬਿਆਹ ਕਰਨਾ, ਉਰੇ ਨਹੀ ਕਰਨਾ।" ਵਿਆਹ ਦੀ ਉਮਰ ਨਿਸ਼ਚਿਤ ਕਰਕੇ ਸਮਾਜ ਦੇ ਇਸ ਘੋਰ ਅਤਿਆਚਾਰ ਨੂੰ ਖਤਮ ਕੀਤਾ।"*

ਵਿਧਵਾ ਇੱਕ ਤੇ ਪਤੀ ਮਰ ਜਾਣ ਦੇ ਸ਼ੋਕ ਵਿੱਚ ਡੁੱਬੀ ਰਹਿੰਦੀ, ਘੁਲ ਘੁਲ ਕੇ ਆਪਣਾ ਜੀਵਨ ਨਸ਼ਟ ਕਰਦੀ ਰਹਿੰਦੀ ਤੇ ਦੂਸਰਾ ਸਮਾਜ ਦੀਆਂ ਭੈੜੀਆਂ ਨਜ਼ਰਾਂ, ਤਾਹਣੇ-ਮਿਹਣੇ ਸਹਿੰਦੀ। ਵਿਧਵਾ ਵਿਆਹ ਦੀ ਖੁਲ੍ਹ ਦੇ ਕੇ ਆਪ ਨੇ ਇਸਤ੍ਰੀ ਜੀਵਨ ਨੂੰ ਹੋਰ ਵੀ ਸੁਖੀ ਬਣੀ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸਾ ਪੰਥ ਦੀ ਸਾਜਨਾ ਕਰਨ ਲਗਿਆਂ ਪੁਰਸ਼ਾਂ ਦੇ ਨਾਲ ਨਾਲ ਇਸਤ੍ਰੀ ਨੂੰ ਵੀ ਸਣੇ ਕੇਸੀ ਇਸ਼ਨਾਨ ਕਰਵਾਕੇ, ਪੰਜ ਕਕਾਰ ਦੀ ਰਹਿਤ ਧਾਰਨ ਕਰਾ ਕੇ, ਅੰਮ੍ਰਿਤਧਾਰੀ ਬਣਾ ਦਿੱਤਾ। ਅੰਮ੍ਰਿਤ ਦਾ ਸੁਆਦ ਹੁਣ ਨਾਰੀ ਵੀ ਮਾਣ ਸਕਦੀ ਸੀ। ਕਿੰਨੀਆਂ ਭਾਗਸ਼ਾਲੀ ਹਨ ਉਹ ਮਾਤਾਵਾਂ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਪਵਿਤਰ ਕਰ-ਕਵਲਾਂ ਰਾਹੀ ਅੰਮ੍ਰਿਤ-ਪਾਨ ਕਰਕੇ, ਮਰਯਾਦਾ ਧਾਰਨ ਕੀਤੀ। ਭਾਰਤ ਵਿੱਚ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਉਖਾੜਨ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਾਰੇ ਭਾਰਤ ਨੂੰ ਜਥੇ ਬੰਦ ਕਰਨ ਦਾ ਪ੍ਰੋਗਰਾਮ ਬਣਾਇਆ। ਐਸੇ ਸਮੇਂ ਵਿੱਚ ਸਤਿਗੁਰੂ ਜੀ ਨੇ ੨੨ ਸੂਬਿਆਂ ਦੀ ਸਾਜਨਾ ਕੀਤੀ। ਕਿੰਨੇ ਫਖ਼ਰ ਦੀ ਗੱਲ ਹੈ ਕਿ ਪੁਰਸ਼ਾਂ ਦੇ ਨਾਲ ਮਾਈ ਹੁਕਮੀ ਜੀ ਨੂੰ ਵੀ ਸੂਬਾ ਥਾਪਿਆ। ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਮਾਈਆਂ ਦੀ ਜਥੇ-ਬੰਦੀ ਕਰਨ ਲਈ ਨੀਯਤ ਕੀਤਾ ਸੀ। ਅਨਪੜ੍ਹਤਾ

ਜਹਾਲਤ ਦੀ ਜ਼ਿਲੱਤ ਵਿੱਚ ਫਸੀ ਹੋਈ ਨਾਰੀ ਨੂੰ ਆਪ ਜੀ ਨੇ ਵਿਦਿਆ ਦਾ ਚਾਨਣ ਪ੍ਰਦਾਨ ਕਰਕੇ, ਉਹਦੇ ਦਿਮਾਗ ਨੂੰ ਰੌਸ਼ਨ ਕੀਤਾ।

ਆਪ ਜੀ ਦੀ ਪੂਜਯ ਮਾਤਾ ਸਦਾ ਕੌਰ ਜੀ ਨੇ ਅਤੇ ਸੁਪਤਨੀ ਜੱਸਾਂ ਜੀ ਨੇ ਬਾਬਾ ਜਵਾਹਰ ਸਿੰਘ ਜੀ ਕੋਲੋਂ ਗੁਰਮੁਖੀ ਅੱਖਰਾਂ ਦਾ ਗਿਆਨ ਪ੍ਰਾਪਤ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠ ਕੀਤੇ ਅਤੇ ਅੰਮ੍ਰਿਤ ਪਾਨ ਕਰਕੇ ਪੰਜ ਕਕਾਰਾਂ ਦੀ ਰਹਿਤ ਦੇ ਧਾਰਨੀ ਬਣੇ। ਆਪ ਦੋਨਾਂ ਨੇ ਉੱਚ ਆਦਰਸ਼ਾਂ ਦਾ ਪਾਲਣ ਕੀਤਾ।

ਬੀਬੀ ਕਰਮ ਕੌਰ ਜੀ ਨੇ ਸਤਿਗਰਾਂ ਦੇ ਦਰਸਾਏ ਮਾਰਗ ਤੇ ਚਲਕੇ ਸਮਾਜ ਦੇ ਪਛੜੇ ਹੋਏ ਵਰਗ ਦਾ ਸੁਧਾਰ ਕੀਤਾ: ਜੰਮਦੇ ਸਾਰ ਕੁੜੀਆਂ ਨੂੰ ਮਾਰਨ ਦਾ ਰਿਵਾਜ ਬੰਦ ਕੀਤਾ ਤੇ ਪਾਣੀ ਦੀ ਸੁਵਿਧਾ ਪ੍ਰਦਾਨ ਕਰਨ ਲਈ ਥਾਂ ਥਾਂ ਤੇ ਖੂਹੀਆਂ ਲਵਾਈਆਂ। ਮਾਤਾ ਜੀਵਨ ਕੌਰ ਜੀ ਦੀ ਆਪਣੀ ਹੀ ਇਕ ਵਿਲੱਖਣ ਸਖਸ਼ੀਅਤ ਸੀ। ਉਹ ਹਮੇਸ਼ਾ ਸਰਬੱਤ ਦੇ ਭਲੇ ਲਈ ਤਤਪਰ ਰਹਿੰਦੇ, ਅਤੇ ਉਹ ਜਗਤ ਮਾਤਾ ਬਣ ਗਏ।

ਤੇ ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੇ ਮਾਤਾਵਾਂ, ਬੀਬੀਆਂ, ਭੈਣਾਂ ਕੁੜੀਆਂ ਨੂੰ ਕੀ ਸਮਾਜਿਕ, ਕੀ ਅਧਿਆਤਮਕ, ਕੀ ਰਾਜਨੀਤਕ, ਕੀ ਰੂਹਾਨੀਅਤ, ਸਾਰੇ ਹੀ ਖੇਤਰਾਂ ਵਿੱਚ ਪੁਰਸ਼ ਦੇ ਨਾਲ ਬਰਾਬਰੀ ਬਖਸ਼ੀ। ਇਤਿਹਾਸ ਦੇ ਪੰਨੇ ਅਨੇਕਾਂ ਵੀਰਾਂਗਣਾਂ ਦੇ ਸਦਗੁਣਾਂ ਨਾਲ ਸੁਸ਼ੋਭਿਤ ਹੋ ਰਹੇ ਹਨ। ਆਓ, ਅੱਜ ਵੀ ਕੋਈ ਸੁਨਿਹਰਾ ਪੰਨਾ ਖੋਲ੍ਹੀਏ ਅਤੇ ਉਨ੍ਹਾਂ ਦੇ ਦੱਸੇ ਹੋਏ ਮਾਰਗ ਦਾ ਅਨੁਸਰਣ ਕਰਕੇ ਆਪਣਾ ਜੀਵਨ ਸਾਰਥਕ ਕਰ ਲਈਏ।

ਸਾਡੇ ਪਿਆਰੇ ਭਾਰਤ ਵਿੱਚ ਅਣਗਿਣਤ ਅਜਿਹੀਆਂ ਧਾਰਮਿਕ ਇਸਤਰੀਆਂ ਹੋਈਆਂ ਹਨ, ਜਿਹੜੀਆਂ ਆਪਣੇ ਪਿਆਰੇ ਪ੍ਰੀਤਮ ਦੇ ਦਰਸ਼ਨਾਂ ਦੀ ਸਿੱਕ ਵਿੱਚ ਤੜਫਦੀਆਂ, ਲੁੱਛਦੀਆਂ ਰਹੀਆਂ। ਉਹਨਾਂ ਨੇ ਆਪਣੇ ਪਿਆਰੇ ਇਸ਼ਟ ਲਈ ਆਪਣਾ ਤਨ, ਮਨ, ਧਨ, ਸਭ ਕੁਝ ਵਾਰ ਦਿੱਤਾ ਅਤੇ ਆਪਣੇ ਪਿਆਰੇ ਦੇ ਰੰਗ ਵਿੱਚ ਰਤੀਆਂ ਹੋਈਆਂ ਦਰਸ ਪਿਆਸੀਆਂ ਹੋ ਕੇ ਸਮ੍ਹਾਂ ਰੂਪ ਧਾਰਨ ਕੀਤਾ। ਜਿਨ੍ਹਾਂ ਉੱਤੇ ਆਪਣੇ ਪ੍ਰੀਤਮ ਪ੍ਰਭੂ ਦੀ ਮਿਹਰ ਹੋ ਗਈ, ਉਹਨਾਂ ਦੀ ਦਰਸ ਪਿਆਸ ਤ੍ਰਿਪਤ ਹੋ ਗਈ, ਚਾਤ੍ਰਿਕ ਨੂੰ ਸਵਾਂਤਿ ਬੂੰਦ ਮਿਲ ਗਈ, ਮੀਨ ਨੂੰ ਜਲ ਮਿਲ ਗਿਆ, ਚਕਵੀ ਨੂੰ ਚੰਦ੍ਰਮਾ ਦੀ ਪ੍ਰਾਪਤੀ ਹੋ ਗਈ। ਇਸ ਤਰ੍ਹਾਂ ਦੀਆਂ ਕੁਝ ਮਹਾਨ ਰੂਹਾਨੀ ਉੱਚ ਅਧਿਆਤਮਕਤਾ ਦੀਆਂ ਟੀਸੀਆਂ ਨੂੰ ਛੂੰਹਦੀਆਂ ਹੋਈਆਂ, ਭਾਰਤੀ ਨਾਰੀਆਂ ਦਾ ਚਰਿਤ੍ਰ ਚਿਤ੍ਰਨ ਕਰਨ ਦੀ ਲੋਚਾ ਇਸ ਪੁਸਤਕ 'ਦਰਸ ਪਿਆਸੀ' ਵਿੱਚ ਦਰਸਾਉਣ ਦਾ ਸੰਖੇਪ ਵਿੱਚ ਉਪਰਾਲਾ ਕੀਤਾ ਹੈ। ਮੈਨੂੰ

ਆਸ ਹੈ, ਪਾਠਕ ਜਨ ਉਹਨਾਂ ਦੇ ਮਹਾਨ ਕਾਰਨਾਮਿਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਅਨੰਦ ਵਿਭੋਰ ਹੋਣਗੇ।

ਮਾਤਾ ਸੀਤਾ ਜੀ ਨੇ ਆਪਣੇ ਪ੍ਰਭੂ ਰਾਮ ਦੇ ਵਿਯੋਗ ਵਿੱਚ ਦਰਸ ਪਿਆਸੀ ਰਹਿ ਕੇ ਸਮਾਂ ਕੱਟਿਆ। ਸ਼ਬਰੀ ਨੇ ਰਾਮ ਜੀ ਦੀ ਮਹਿਮਾ ਦਾ ਗੁਣਗਾਨ ਕਰਦਿਆਂ ਹੋਇਆਂ ਦਿਲ ਵਿੱਚ ਦਰਸ਼ਨਾਂ ਦੀ ਤਾਂਘ ਲੈ ਕੇ ਦਿਨ ਰਾਤ ਆਪਣੇ ਆਉਣ ਵਾਲੇ ਪ੍ਰੀਤਮ ਦੇ ਰਾਹਾਂ ਉੱਤੇ ਫੁੱਲ ਬਿਖੇਰੇ। ਰਾਧਾ ਵੀ ਕ੍ਰਿਸ਼ਨ ਜੀ ਦੀ ਸਭ ਤੋਂ ਪਿਆਰੀ ਭਗਤਣੀ ਸੀ, ਉਸਨੂੰ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਵਿੱਚ ਦਰਸ਼ਨਾਂ ਦੀ ਹਮੇਸ਼ਾਂ ਉਡੀਕ ਬਣੀ ਰਹੀ। ਰੁਕਮਨੀ ਨੇ ਆਪਣੇ ਦਰਸ ਦੀ ਪਿਆਸ ਨੂੰ ਤ੍ਰਿਪਤ ਕਰਨ ਲਈ ਆਪਣੇ ਪ੍ਰਭੂ ਨੂੰ ਖੰਭ ਲਾ ਕੇ ਉੱਡ ਕੇ ਉਹਦੇ ਕੋਲ ਪਹੁੰਚਣ ਦੀ ਬੇਨਤੀ ਕੀਤੀ। ਦ੍ਰੋਪਦੀ ਨੇ ਆਪਣੇ ਗਿਰਧਰ ਗੋਪਾਲ ਦੇ ਚਰਨਾਂ ਵਿੱਚ ਜਦੋਂ ਜਦੋਂ ਵੀ ਧਿਆਨ ਧਰਿਆ ਉਹਨੇ ਉਸਨੂੰ ਦਰਸ਼ਨਾਂ ਦੀ ਦਾਤ ਬਖ਼ਸ਼ਣ ਵਿੱਚ ਰਤੀ ਭਰ ਵੀ ਢਿੱਲ ਨਹੀਂ ਕੀਤੀ। ਲਕਸ਼ਮੀ ਕਾਨਤਾ ਦੇਵੀ ਦਾਸੀ ਆਪਣੇ ਪਿਆਰੇ ਦੇ ਦਰਸ਼ਨਾਂ ਵਿੱਚ ਆਪਣੀ ਸੁੱਧ ਬੁੱਧ ਗਵਾ ਬੈਠੀ। ਮੀਰਾ ਬਾਈ ਲਈ ਗਿਰਧਰ ਗੋਪਾਲ ਹੀ ਸਭ ਕੁਝ ਸਨ, ਉਹ ਉਹਨਾਂ ਦੀ ਮਧੁਰ ਯਾਦ ਵਿੱਚ ਰਤੀ ਰਹਿੰਦੀ। ਬੇਬੇ ਨਾਨਕੀ ਆਪਣੇ ਸਤਿਗੁਰੂ ਵੀਰ ਦੇ ਦਰਸ਼ਨਾਂ ਨੂੰ ਜਦੋਂ ਕਦੇ ਵੀ ਲੋਚਦੇ, ਸ੍ਰੀ ਗੁਰੂ ਨਾਨਕ ਦੇਵ ਜੀ ਉਹਨਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ। ਉਹਨਾਂ ਦੀ ਅਤ੍ਰਿਪਤ ਪਿਆਸ ਨੂੰ ਬੁਝਾ ਦਿੰਦੇ। ਬੀਬੀ ਭਾਨੀ ਨੂੰ ਚਾਰ ਚਾਰ ਗੁਰੂਆਂ ਦੇ ਚਰਨ ਕੰਵਲਾਂ ਦੀ ਰਜ ਪ੍ਰਾਪਤ ਸੀ ਅਤੇ ਮਾਤਾ ਜੀਵਨ ਕੌਰ ਜੀ ਆਪਣੇ ਪਿਆਰੇ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਆਪਣੇ ਭਾਗਾਂ ਦੀ ਸਰਾਹੁਣਾ ਕਰਦੇ।

ਪ੍ਰੋ: ਕਿਰਪਾਲ ਸਿੰਘ ਕਸੇਲ ਦੇ ਨਾਮ ਤੋਂ ਸਾਰਾ ਪੰਜਾਬੀ ਜਗਤ ਪਰਿਚਿਤ ਹੈ। ਉਨ੍ਹਾਂ ਦਾ ਸਾਹਿੱਤਕ ਜਗਤ ਵਿੱਚ ਆਪਣਾ ਹੀ ਇੱਕ ਵਿਸ਼ੇਸ਼ ਸਰਸ਼ਟ ਸਥਾਨ ਹੈ। ਮੈਂ ਅਤਿ ਧੰਨਵਾਦੀ ਹਾਂ ਕਸੇਲ ਸਾਹਿਬ ਦੀ, ਜਿਨ੍ਹਾਂ ਨੇ ਆਪਣੇ ਰੁਝੇਵਿਆਂ ਦੇ ਬਾਵਜੂਦ ਵੀ, ਫੁਰਸਤ ਦੇ ਕੁਝ ਪਲ ਕਢਕੇ ਇਸ ਪੁਸਤਕ ਦਾ ਪਠਨ ਕੀਤਾ ਅਤੇ ਆਪਣੇ ਵਡਮੁੱਲੇ ਵਿਚਾਰ ਪ੍ਰਗਟ ਕੀਤੇ।

'ਦਰਸ ਪਿਆਸੀ' ਵਿੱਚ ਬਹੁਤ ਕੁਝ ਲਿਖਣਾ ਹਲਾਂ ਬਾਕੀ ਰਹਿ ਗਿਆ ਹੈ, ਲਿਖਦਿਆਂ ਹੋਇਆਂ ਕੁਝ ਭੁਲਾਂ ਵੀ ਜਰੂਰ ਹੋਈਆਂ ਹੋਣਗੀਆਂ। ਆਸ ਹੈ, ਪਾਠਕ ਜਨ ਕੁਝ ਆਦਰਸ਼ ਭਾਰਤੀ ਨਾਰੀਆਂ ਦੇ ਆਦਰਸ਼ਮਈ ਜੀਵਨ ਨੂੰ ਪੜ੍ਹ ਕੇ ਆਪਣੇ ਗਿਆਨ ਵਿੱਚ ਵਾਧਾ ਕਰਨਗੇ।

ਮਿਤਿ ੧੯-੮-੨੦੦੦ ਪ੍ਰਿੰ: ਬੇਅੰਤ ਕੌਰ

# ਆਦਿ-ਕਥਨ

**ਦਰਸਨ ਪਿਆਸੀ ਦਿਵਸ ਰਾਤ, ਚਿਤਵਹੁ ਅਨ ਦਿਨ ਨੀਤ,**
**ਖੋਹਲ ਕਪਟ ਗੁਰਿ ਮੇਲਿਆ ਨਾਨਕ ਹਰਿ ਸੰਗ ਨੀਤ,**

'ਦਰਸ ਪਿਆਸੀ' ਪੁਸਤਕ ਦੀ ਲੇਖਕਾ ਸ੍ਰੀ ਮਤੀ ਬੇਅੰਤ ਕੌਰ ਆਪ ਇੱਕ ਆਦਰਸ਼ ਪਤਨੀ ਅਤੇ ਉਹਨਾਂ ਦੇ ਪਤੀ ਸੰਤ ਸਰੂਪ ਸ: ਸੰਤ ਸਿੰਘ ਜੀ, ਦੋਵੇਂ ਆਦਰਸ਼ ਦੰਪਤੀ ਹਨ ਜਿਹਨਾਂ ਉੱਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਹੈ। ਬੀਬੀ ਬੇਅੰਤ ਕੌਰ ਜੀ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਦੇ ਸਾਬਕਾ ਪ੍ਰਿੰਸੀਪਲ ਹਨ ਅਤੇ ਆਪ ਪੰਜਾਬੀ, ਅੰਗਰੇਜ਼ੀ ਤੇ ਵਿਸ਼ੇਸ਼ ਕਰ ਕੇ ਬ੍ਰਿਜ ਭਾਸ਼ਾ ਅਰਥਾਤ ਦਸਮ ਗ੍ਰੰਥ ਦੀ ਬਾਣੀ ਦੇ ਵਿਸ਼ੇਸ਼ਗ ਤੇ ਇਸਦਾ ਗਹਿਰ ਗੰਭੀਰ ਅਧਿਐਨ ਕਰਨ ਵਾਲੇ ਪ੍ਰਮੁੱਖ ਵਿਦਵਾਨਾਂ ਵਿੱਚੋਂ ਇੱਕ ਹਨ। ਇਸੇ ਸੰਬੰਧ ਵਿੱਚ ਆਪਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਮਹਾਨ ਰਚਨਾਵਾਂ ਵਿਸ਼ੇਸ਼ ਕਰ ਕੇ ਰਾਮਾਵਤਾਰ ਤੇ ਕ੍ਰਿਸ਼ਨਾਵਤਾਰ ਦਾ ਵਿਸ਼ੇਸ਼ ਅਧਿਐਨ ਕੀਤਾ ਹੈ। ਇਸ ਛੋਟੀ ਜਿਹੀ ਪੁਸਤਕ 'ਦਰਸ ਪਿਆਸੀ' ਵਿੱਚ ਲੇਖਕਾ ਨੇ ਆਦਰਸ਼ ਨਾਰੀ ਦੇ ਆਦਰਸ਼ ਚਰਿੱਤਰਾਂ ਨੂੰ ਮੁੱਖ ਰੱਖ ਕੇ ਉਹਨਾਂ ਵਿੱਚੋਂ ਗਿਆਰਾਂ ਮਹਾਨ ਨਾਰੀਆਂ ਦੇ ਰੇਖਾ-ਚਿੱਤਰ ਪ੍ਰਸਤੁਤ ਕਰਨ ਦਾ ਪ੍ਰਸੰਸਾਯੋਗ ਯਤਨ ਕੀਤਾ ਹੈ।

ਇੰਨੀ ਲਗਨ, ਸ਼ਰਧਾ ਅਤੇ ਆਦਰਸ਼ ਨਾਰੀ ਦੇ ਆਦਰਸ਼ ਨੂੰ ਰੂਪਮਾਨ ਕਰਨ ਲਈ ਆਪਨੇ ਗਿਆਰਾਂ ਮਹਾਨ ਭਾਰਤੀ ਨਾਰੀਆਂ ਮਾਤਾ ਸੀਤਾ, ਸ਼ਬਰੀ, ਰਾਧਾ, ਰੁਕਮਨਾ, ਦ੍ਰੋਪਦੀ, ਲਕਸ਼ਮੀ ਕਾਂਤਾ ਦੇਵੀ ਦਾਸੀ, ਮੀਰਾ ਬਾਈ ਕਰਮੈਤੀ ਬਾਈ, ਬੇਬੇ ਨਾਨਕੀ, ਬੀਬੀ ਭਾਨੀ ਅਤੇ ਮਾਤਾ ਜੀਵਨ ਕੌਰ ਜੀ ਦੇ ਰੇਖਾ ਚਿੱਤਰ ਅਤਿ ਕਲਾਮਈ, ਰੌਚਕ ਅਤੇ ਸਾਹਿਤਕ ਢੰਗ ਨਾਲ ਉਲੀਕੇ ਤੇ ਚਿੱਤਰੇ ਹਨ। ਪੰਜਾਬੀ ਦੇ ਰੇਖਾ ਚਿੱਤਰ ਸਾਹਿਤ ਵਿੱਚ ਇਹ ਪੁਸਤਕ ਇੱਕ ਨਿਵੇਕਲਾ ਵਾਧਾ ਤਾਂ ਕਰਦੀ ਹੀ ਹੈ, ਪਰ ਦੂਜੇ ਬੰਨੇ ਇਹ ਆਧੁਨਿਕ ਅਖਾਉਤੀ ਨਾਰੀਵਾਦੀ ਲਹਿਰ ਦੀਆਂ ਰਚਨਾਵਾਂ ਦੇ

ਪ੍ਰਤੀਦਵੰਦੀ ਰੂਪ ਵਿੱਚ ਵੀ ਸਾਹਮਣੇ ਆਈ ਹੈ। ਨਾਰੀਵਾਦੀ ਚੇਤਨਾ ਵਿੱਚ ਅਹਿਮ-ਭਾਵ ਵੀ ਜਾਗਰੂਪ ਕਰ ਦਿੱਤਾ ਜਾਂਦਾ ਹੈ, ਜੋ ਕਈ ਵਾਰ ਅਤਿਵਾਦੀ ਅਤੇ ਉਲਾਰ ਰੂਪ ਵੀ ਧਾਰਨ ਕਰ ਲੈਂਦਾ ਹੈ। ਪਰ ਬੀਬੀ ਬੇਅੰਤ ਕੌਰ ਦੀ ਚੋਣ ਦੀਆਂ ਇਹ ਸਭ ਨਾਰੀਆਂ ਪ੍ਰੇਮਾ-ਭਗਤੀ, ਕੰਤ-ਭਗਤੀ ਅਤੇ ਇਸ਼ਟ-ਭਗਤੀ ਦੀਆਂ ਸਾਕਾਰ ਮੂਰਤੀਆਂ ਹਨ, ਜਿਹਨਾਂ ਵਿੱਚ 'ਹਉ ਧਾਰਨ' ਦੀ ਥਾਂ 'ਹਉ ਨਿਵਾਰਨ' ਅਰਥਾਤ ਆਦਰਸ਼ ਪ੍ਰਤੀ ਆਤਮ-ਸਮਰਪਨ ਦੀ ਭਾਵਨਾ ਨੂੰ ਸੁਦ੍ਰਿੜ ਕਰਵਾਇਆ ਗਿਆ ਹੈ, ਇਸ ਲਈ ਇਸ ਪੁਸਤਕ ਦਾ ਸੁਰ ਪ੍ਰਚਲਿਤ ਨਾਰੀਵਾਦੀ ਸਾਹਿਤ ਤੋਂ ਵਿਲੱਖਣ ਵਚਿੱਤਰ ਤੇ ਸਨਾਤਨੀ ਸੁਭਾਅ ਵਾਲਾ ਭਾਰਤੀ ਹੈ।

'ਦਰਸ ਪਿਆਸੀ' ਪੁਸਤਕ ਦੀਆਂ ਨਾਇਕਾਵਾਂ ਵਿੱਚੋਂ ਅੱਠ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਜੀ ਦੀ ਪ੍ਰੇਮਾ-ਭਗਤੀ ਦੇ ਸਾਖਿਆਤ ਪ੍ਰਮਾਣ ਹਨ। ਸੀਤਾ ਅਤੇ ਸ਼ਬਰੀ ਸ੍ਰੀ ਰਾਮ ਜੀ ਨਾਲ ਜੁੜੀਆਂ ਹੋਈਆਂ ਦੋ ਮਹਾਨ ਇਸਤ੍ਰੀਆਂ ਹਨ। ਸੀਤਾ ਜੀ ਸ੍ਰੀ ਰਾਮ ਜੀ ਦੀ ਸੁਪਤਨੀ ਅਤੇ ਸ਼ਬਰੀ ਸ੍ਰੀ ਰਾਮ ਜੀ ਦੀ ਉਪਾਸ਼ਕ ਭਗਤਣੀ ਹੈ। ਪੰਜਾਬੀ ਦੇ ਇੱਕ ਲੋਕ-ਗੀਤ ਵਿੱਚ ਇਹ ਕਥਨ ਕੀਤਾ ਗਿਆ ਹੈ-

*ਧਰਤੀ ਜੇਡ ਗ਼ਰੀਬ ਨਾ ਕੋਈ,*
*ਇੰਦਰ ਜੇਡ ਨਾ ਦਾਤਾ,*
*ਲਛਮਣ ਜੇਡ ਜਤਿ ਨਾ ਕੋਈ,*
*ਸੀਤਾ ਤੁਲ ਨਾ ਮਾਤਾ,*
*ਨਾਨਕ ਜੇਡ ਭਗਤ ਨਾ ਕੋਈ,*
*ਜਿਨ ਪੂਰਨ ਬ੍ਰਹਮ ਪਛਾਤਾ,*
*ਦੁਨੀਆਂ ਮਾਣ ਕਰਦੀ ਰਬ ਸਭਨਾ ਦਾ ਦਾਤਾ।*

ਸੀਤਾ ਜੀ ਦੀ ਪਤੀ-ਭਗਤੀ ਅਤੇ ਪਤੀਵਰਤਾ ਹੋਣ ਦਾ ਆਦਰਸ਼ ਸਚਮੁਚ ਬੜਾ ਮਹਾਨ ਹੈ। ਲੇਖਕਾ ਦੇ ਸ਼ਬਦਾਂ ਵਿੱਚ ਸੀਤਾ ਇੱਕ ਆਦਰਸ਼ ਭਾਰਤੀਯ ਨਾਰੀ, ਬਲੀਦਾਨ ਤੇ ਤਿਆਗ ਦੀ ਪ੍ਰਤਿਮਾ, ਸ਼ਾਂਤੀ ਦੀ ਪੁੰਜ, ਕਰੁਣਾ ਦੀ ਮੂਰਤੀ, ਤੇਜਸਵਨੀ, ਸੁਸ਼ੀਲ, ਸੁਕੁਮਾਰ, ਮੂਕ, ਸ਼ਾਂਤ, ਭਾਣਾ ਮੰਨਣ ਵਾਲੀ, ਪਤੀ ਦੇ ਹੁਕਮਾਂ ਦਾ ਪਾਲਣ ਕਰਨ ਵਾਲੀ ਸੁਪਤਨੀ ਦੀ ਪ੍ਰਤਿਮਾ ਸਾਕਾਰ ਹੋ ਜਾਂਦੀ ਹੈ। ਇਸੇ ਤਰ੍ਹਾਂ ਸ਼ਬਰੀ ਦੀ ਸ੍ਰੀ ਰਾਮ ਪ੍ਰਤੀ ਸ਼ਰਧਾ ਤੇ ਪ੍ਰੇਮ ਸਿਖਰਾਂ ਨੂੰ ਛੂਹ ਰਿਹਾ ਹੈ। ਮਤੰਗ ਰਿਖੀ ਦੇ ਆਸ਼ਰਮ ਵਿੱਚ ਉਸਦੀ ਸੱਚੀ ਪ੍ਰੇਮ-ਭਗਤੀ ਨੇ ਹੀ ਉਚਿਤ ਸਥਾਨ ਪਾਇਆ ਹੈ ਅਤੇ ਪੰਪਾਸਰ ਸਰੋਵਰ ਦਾ ਜਲ ਜੋ ਰਿਸ਼ੀਆਂ ਮੁਨੀਆਂ ਦੇ ਚਰਨ ਧੋਣ, ਲਛਮਣ ਅਤੇ ਸ੍ਰੀ ਰਾਮ ਜੀ ਦੇ ਚਰਨਾਮ੍ਰਿਤ ਤੋਂ ਨਿਰਮਲ ਨਾ ਹੋ ਸਕਿਆ, ਉਹ

ਸ਼ਬਰੀ ਦੇ ਚਰਨ ਧੋਣ ਨਾਲ ਨਿਰਮਲ ਹੋ ਗਿਆ। ਇਹ ਉਸਦੀ ਪ੍ਰੇਮਾ-ਭਗਤੀ ਦੀ ਹੀ ਕਰਾਮਾਤ ਸੀ ਕਿ ਇੱਕ ਭਗਤਣੀ ਦੀ ਮਹਿਮਾ ਉਸਦੇ ਇਸ਼ਟ ਤੋਂ ਵੀ ਉਪਰ ਸਿੱਧ ਹੋਈ, ਇੱਕ ਹੋਰ ਅਖਾਣ ਹੈ-

*ਮੇਰਾ ਬੱਧਾ ਤਾਂ ਭਗਤ ਛੁਡਾ ਲੈਂਦੇ ਹਨ,*
*ਪਰ ਭਗਤਾਂ ਦਾ ਬੱਧਾ ਘੱਟ ਹੀ ਛੁੱਟਦਾ ਹੈ।*

ਸ਼ਬਰੀ ਬਾਰੇ ਵੀ ਲੇਖਕਾ ਥੋੜੇ ਸ਼ਬਦਾਂ ਵਿੱਚ ਉਹਨਾਂ ਦਾ ਸ਼ਬਦ ਚਿੱਤਰ ਇਸ ਤਰ੍ਹਾਂ ਪੇਸ਼ ਕਰਦੀ ਹੈ,"ਸ਼ਬਰੀ ਦਾ ਜਨਮ ਭਾਵੇਂ ਨੀਵੀਂ ਕੁਲ ਵਿੱਚ ਹੋਇਆ, ਪਰ ਉਹਨਾਂ ਦੇ ਹਿਰਦੇ ਦੀ ਪਵਿੱਤਰਤਾ, ਨਿਰਛਲਤਾ ਦਿਆਲਤਾ, ਕਰੁਣਾ, ਸਹਿਨਸ਼ੀਲਤਾ, ਗੁਰੂ ਦੇ ਬਚਨਾਂ ਉਪਰ ਪੂਰਾ ਭਰੋਸਾ, ਸ੍ਰੀ ਰਾਮ ਦੇ ਦਰਸ਼ਨਾਂ ਦੀ ਤਾਂਘ ਉਹਨਾਂ ਨੂੰ ਪ੍ਰਭੂ ਭਗਤਾਂ ਦੀ ਪਹਿਲੀ ਕਤਾਰ ਵਿੱਚ ਖੜਾ ਕਰ ਦਿੰਦੀ ਹੈ।" ਇਸੇ ਪ੍ਰਥਾਏ ਸ੍ਰੀ ਰਾਮ ਜੀ ਨੇ ਸ਼ਬਰੀ ਨੂੰ ਜੋ ਨੌਧਾ ਭਗਤੀ ਦਾ ਗਿਆਨ ਦਿੱਤਾ ਉਹ ਵੀ ਲੇਖਕਾ ਦੀ ਭਰਪੂਰ ਜਾਣਕਾਰੀ ਦਾ ਸੁੰਦਰ ਪ੍ਰਮਾਣ ਹੈ। ਜੋ ਇਸ ਪ੍ਰਕਾਰ ਹੈ :

(੧) ਸ੍ਰਵਣ — ਆਪਣੇ ਇਸ਼ਟ ਦੇਵ ਦਾ ਯਸ਼ ਸੁਣਨਾ
(੨) ਕੀਰਤਨ — ਗੁਣਾਂ ਦਾ ਕਥਨ ਕਰਨਾਂ
(੩) ਸਿਮਰਣ — ਯਾਦ ਕਰਨਾ ਚਿਤ ਦੁਆਰਾ ਚਿੰਤਨ ਕਰਨਾ
(੪) ਪਾਦਸੇਵਨ — ਚਰਨ ਸੇਵਾ
(੫) ਅਰਚਨ — ਚੰਦਨ ਫੁੱਲ ਆਦਿ ਦੀ ਸਾਮ੍ਰਗੀ ਨਾਲ ਪੂਜਨ
(੬) ਵੰਦਨ — ਪ੍ਰਣਾਮ
(੭) ਸਖਯ — ਇਸ਼ਟ ਕਾਲ ਨਾਲ ਮਿਤ੍ਰ ਭਾਵ
(੮) ਦਾਸਯ — ਸੇਵਕ ਭਾਵ
(੯) ਆਤਮ ਨਿਵੇਦਨ — ਆਪਣਾ ਆਪ ਅਰਪਨ।

ਇਸ ਪੁਸਤਕ ਦੀਆਂ ਛੇ ਨਾਇਕਾਵਾਂ ਸ੍ਰੀ ਕ੍ਰਿਸ਼ਨ ਜੀ ਦੀਆਂ ਪ੍ਰੇਮ ਪਾਤਰ ਹਨ। ਇਹਨਾਂ ਵਿੱਚੋਂ ਚਾਰ ਰਾਧਾ ਆਦਰਸ਼ ਪ੍ਰੇਮਿਕਾ, ਰੁਕਮਨੀ ਪਤਨੀ, ਦ੍ਰੋਪਦੀ ਸ੍ਰੀ ਕ੍ਰਿਸ਼ਨ ਜੀ ਤੇ ਅਥਾਹ ਭਰੋਸਾ ਰੱਖਣ ਵਾਲੀ ਅਤੇ ਲਕਸ਼ਮੀ ਕਾਂਤਾ ਦੇਵੀ ਦਾਸੀ ਸਾਖਿਆਤ ਪ੍ਰੇਮ ਦੀਵਾਨੀ ਹੈ। ਇਹਨਾਂ ਚੋਹਾਂ ਦਾ ਸੰਬੰਧ ਸ੍ਰੀ ਕ੍ਰਿਸ਼ਨ ਜੀ ਦੇ ਭੌਤਿਕ ਜੀਵਨ ਨਾਲ ਜੁੜਿਆ ਹੋਇਆ ਹੈ। ਪਰ ਮੀਰਾ ਬਾਈ ਤੇ ਕਰਮੈਤੀ ਬਾਈ ਤਾਂ ਸ੍ਰੀ ਕ੍ਰਿਸ਼ਨ ਜੀ ਦੀ ਸਿਮਰਨ ਭਗਤੀ ਤੇ ਪ੍ਰੇਮ ਰੰਗ ਵਿੱਚ ਰੰਗੀਆਂ ਇਸਤਰੀਆਂ ਹਨ। ਸੀਤਾ ਜੀ ਤੇ ਰੁਕਮਨੀ ਨੂੰ ਤਾਂ ਲਛਮੀ ਦਾ ਅਵਤਾਰ ਦੱਸਿਆ ਹੈ। ਇਹਨਾਂ ਦੀ ਸੁੰਦਰਤਾ ਦਾ ਵਰਣਨ ਵੀ ਕਮਾਲ ਨਾਲ ਕੀਤਾ ਗਿਆ ਹੈ। ਰੁਕਮਨੀ ਦੀ ਸੁੰਦਰਤਾ ਲੇਖਕਾ ਦੇ ਸ਼ਬਦਾਂ ਵਿੱਚ ਇੰਝ ਸਾਕਾਰ ਹੋਈ ਹੈ,"ਰੁਕਮਨੀ ਦੇ ਮੁਖ ਮੰਡਲ

ਦੀ ਆਭਾ ਅਤੇ ਪ੍ਰਕਾਸ਼ ਏਨਾ ਜ਼ਿਆਦਾ ਹੈ ਕਿ ਜਦੋਂ ਉਹ ਆਪਣੀਆਂ ਸਹੇਲੀਆਂ ਨਾਲ ਛੁਪਣ ਛੁਪਾਈ ਖੇਡਦੀ ਹੈ ਤਾਂ ਉਹ ਛੁਪ ਨਹੀਂ ਸਕਦੀਆਂ।''

ਲੇਖਕਾ ਨੇ ਦੁਆਰਕਾ ਨਗਰੀ ਦਾ ਵਰਣਨ ਵੀ ਬਹੁਤ ਸੁੰਦਰ ਸ਼ਬਦਾ ਵਿੱਚ ਕੀਤਾ ਹੈ ਜੋ ਇਸ ਤਰ੍ਹਾਂ ਹੈ,''ਦੁਆਰਕਾ ਜਿਹੇ ਸੁੰਦਰ ਸ਼ਹਿਰ ਵਿੱਚ ਹੀਰੇ, ਲਾਲ ਤੇ ਜਵਾਹਰ ਜੜੇ ਹੋਏ ਸਨ ਜਿਨ੍ਹਾਂ ਦੀਆਂ ਮਣੀਆਂ ਦੀ ਚਮਕ ਐਸੀ ਹੈ ਜਿਵੇਂ ਜੋਤਾਂ ਜਗਦੀਆਂ ਹੋਣ।''

ਦ੍ਰੋਪਦੀ ਨੂੰ ਅਗਨੀ ਵਿਚੋਂ ਪ੍ਰਗਟ ਹੋਈ ਦੱਸਿਆ ਗਿਆ ਹੈ ਅਤੇ ਦੁਸ਼ਾਸ਼ਨ ਵਲੋਂ ਉਸਦੇ ਚੀਰ ਹਰਨ ਦੇ ਦ੍ਰਿਸ਼ ਦਾ ਸੰਕੋਚਵੇ ਸ਼ਬਦਾ ਵਿੱਚ ਵਰਣਨ ਕੀਤਾ ਹੈ। ਹਾਲਾਕਿ ਭਾਈ ਗੁਰਦਾਸ ਜੀ ਨੇ,''ਨੰਗੀ ਕਰੋ ਪੰਚਾਲੀ ਬਾਂਧਿ,'' ਆਪਣੀ ਵਾਰ ਵਿੱਚ ਲਿਖਿਆ ਹੈ ਜਦੋਂ ਦ੍ਰੋਪਦੀ ਨੇ ਸ੍ਰੀ ਕ੍ਰਿਸ਼ਨ ਜੀ ਅੱਗੇ ਬੇਨਤੀ ਕੀਤੀ ਕਿ ਮੈਂ ਦੁਰਯੋਧਨ ਅਤੇ ਉਸਦੇ ਸਾਥੀਆਂ ਦੇ ਖ਼ੂਨ ਨਾਲ ਧੋ ਕੇ ਹੀ ਕੇਸ ਬੰਨ੍ਹਾਗੀ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਬਚਨ ਕੀਤਾ ਸੀ ਕਿ,''ਦ੍ਰੋਪਦੀ ਤੂੰ ਉਨ੍ਹਾਂ ਦੀਆਂ ਵਿਦਵਾਵਾਂ ਨੂੰ ਰੋਂਦਿਆ ਵੇਖੇਗੀ।''

ਪਰ ਬਿਦਰ ਦੀ ਪਤਨੀ ਲਕਸ਼ਮੀ ਕਾਂਤਾ ਦੇਵੀਦਾਸੀ ਦਾ ਤਾਂ ਪ੍ਰੇਮ ਰੰਗ ਹੀ ਨਿਰਾਲਾ ਹੈ। ਜਿਸਨੂੰ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਸਮੇਂ ਸੁਧ ਬੁਧ ਹੀ ਨਹੀਂ ਰਹਿੰਦੀ ਤੇ ਉਹ ਕੇਲਿਆ ਦੀਆ ਫਲੀਆਂ ਨੂੰ ਨਹੀਂ ਸਗੋਂ ਛਿਲਕਿਆ ਨੂੰ ਹੀ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੂੰ ਖਾਨ ਲਈ ਅਰਪਣ ਕਰ ਦੇਂਦੀ ਹੈ। ਇਹੋ ਹਾਲ ਮੀਰਾ ਬਾਈ ਤੇ ਕਰਮੈਤੀ ਬਾਈ ਦਾ ਹੈ ਜੋ ਸ੍ਰੀ ਕ੍ਰਿਸ਼ਨ ਦੇ ਪ੍ਰੇਮ ਰੰਗ ਵਿੱਚ ਪੂਰੀ ਤਰ੍ਹਾਂ ਰੰਗੀਆਂ ਗਈਆਂ ਹਨ। ਨਾ ਤਾਂ ਉਨ੍ਹਾਂ ਨੂੰ ਲੋਕ-ਲਾਜ ਦੀ ਪਰਵਾਹ ਹੈ ਤੇ ਨਾ ਹੀ ਕਿਸੇ ਹੋਰ ਸਮਾਜਿਕ ਰੋਕ ਦੀ। ਪ੍ਰੇਮਾ-ਭਗਤੀ ਦੀਆਂ ਇਹ ਨਾਰੀਆਂ ਅਦੁਤੀ ਮਿਸਾਲਾਂ ਹਨ, ਸੁਘੜ ਲੇਖਕਾ ਨੇ ਇਹਨਾਂ ਸਭ ਨਾਰੀ ਪਾਤਰਾਂ ਦੇ ਵਰਣਨ ਵਿੱਚ ਪ੍ਰਮਾਣਿਕ ਸ਼ਾਸ਼ਤਰੀ ਸਾਹਿਤ ਤੋਂ ਪ੍ਰੇਰਨਾ ਲਈ ਹੈ ਅਤੇ ਉਹਨਾਂ ਦੇ ਪ੍ਰਮਾਣ ਥਾਂ-ਪਰ-ਥਾਂ ਦਿੱਤੇ ਹਨ ਜੋ ਪਾਠਕਾਂ ਦੀ ਜਾਨਕਾਰੀ ਵਿੱਚ ਵਾਧਾ ਕਰਨ ਵਾਲੇ ਹਨ। ਬੇਬੇ ਨਾਨਕੀ, ਬੀਬੀ ਭਾਣੀ ਅਤੇ ਮਾਤਾ ਜੀਵਨ ਕੌਰ ਸਿੱਖ ਇਤਿਹਾਸ ਵਿਚੋਂ ਲਏ ਗਏ ਨਾਰੀ ਪਾਤਰ ਹਨ। ਬੇਬੇ ਨਾਨਕੀ ਵਿੱਚ ਆਦਰਸ਼ ਵੀਰ ਪਿਆਰ ਅਤੇ ਬੀਬੀ ਭਾਨੀ ਵਿੱਚ ਪਿਤਾ ਗੁਰਦੇਵ ਪ੍ਰਤੀ ਇਸ਼ਟ ਅਤੇ ਇਕ ਆਦਰਸ਼ਕ ਗ੍ਰਹਿਣੀ ਦੇ ਅਲੌਕਿਕ ਗੁਣ ਦ੍ਰਿਸ਼ਟੀਗੋਚਰ ਹੁੰਦੇ ਹਨ। ਮਾਤਾ ਜੀਵਨ ਕੌਰ ਜਿਸ ਨੂੰ ਜਗਤ ਮਾਤਾ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ, ਸਚਮੁੱਚ ਆਦਰਸ਼ ਨਾਰੀ ਦੇ ਕਰਤਵ ਨੂੰ ਨਿਭਾਉਣ ਵਾਲੀ ਆਦਰਸ਼ ਮਾਤਾ ਹੈ। ਏਥੇ ਉਲੇਖ ਕੀਤਾ ਗਿਆ ਹੈ ਕਿ ਸਤਿਗੁਰੂ ਪਰਤਾਪ ਸਿੰਘ ਜੀ ਜਦੋਂ

ਮਾਤਾ ਜੀ ਨੂੰ ਚਰਨ ਵੰਦਨਾ ਕਰਦੇ ਸਨ ਤਾਂ ਮਾਤਾ ਜੀ ਉਹਨਾਂ ਨੂੰ ਸਤਿਗੁਰੂ ਦੇ ਰੂਪ ਵਿੱਚ ਨਿਹਾਰਦੇ ਅਤੇ ਦੋਵੇ ਹੱਥ ਜੋੜ ਕੇ ਖਲੋ ਜਾਂਦੇ ਸਨ। ਆਪ ਦਾਤਾਂ ਵੰਡਣ ਸਮੇ ਸ਼ਤਰੂ ਤੇ ਮਿੱਤਰ ਵਿੱਚ ਕੋਈ ਭਿੰਨ-ਭੇਦ ਨਹੀਂ ਸਨ ਰਖਦੇ। ਗੁਰੂ ਘਰ ਦੇ ਦੋਖੀਆਂ ਅਤੇ ਪਹਿਰੇ ਉੱਤੇ ਬਿਠਾਈ ਗਈ ਚੌਕੀ ਦੇ ਸਿਪਾਹੀਆਂ ਨੂੰ ਵੀ ਖੁਲ੍ਹੇ ਗੱਫੇ ਵੰਡ ਦਿੰਦੇ ਸਨ। ਜਦੋਂ ਆਪ ਜੀ ਤੋਂ ਪੁੱਛਿਆ ਗਿਆ—ਤੁਹਾਡਾ ਧਰਮ ਕੀ ਹੈ ? ਤਾਂ ਮਾਤਾ ਜੀ ਦਾ ਉੱਤਰ ਧਿਆਨ ਦੇਣ ਯੋਗ ਹੈ। ''ਦਰ ਤੇ ਆਏ ਦਾ ਆਦਰ ਤੇ ਸੇਵਾ, ਤੇ ਰਾਮ ਦਾਂ ਨਾਮ ਜੱਪਨਾ।''

ਇਸ ਪ੍ਰਕਾਰ ਇਹ ਪੁਸਤਕ ਭਾਰਤੀਯ ਨਾਰੀ ਦੇ ਆਦਰਸ਼ਕ ਕਿਰਦਾਰ ਨੂੰ ਮੁਰਤੀਮਾਨ ਕਰਨ ਦਾ ਅਤਿ ਦਾ ਸਫਲ ਕਲਮਾਈ ਯਤਨ ਹੈ। ਲੇਖਕਾ ਦੇ ਵਿਚਾਰ ਭਾਵੇਂ ਸਨਾਤਨੀ ਮਰਿਆਦਾ ਨਾਲ ਜੁੜੇ ਹੋਏ ਹਨ ਪਰ ਇਹਨਾਂ ਵਿੱਚ ਬੜੀ ਨਿਗਰਤਾ ਅਤੇ ਚਿੰਰਜੀਵ ਅੰਸ਼ ਮੋਜੂਦ ਹੈ। ਇਹੋ ਕਾਰਨ ਹੈ ਕਿ ਇਹ ਪੁਸਤਕ ਆਮ ਪਾਠਕਾਂ ਦੇ ਦਿਲਾਂ ਵਿੱਚ ਜਿਥੇ ਸ਼ਰਦਾ ਉਤਪੰਨ ਕਰੇਗੀ ਉੱਥੇ ਇਸਤਰੀ ਸਮਾਜ ਵਿੱਚ ਆਦਰਸ਼ਕ ਗੁਣਾ ਅਤੇ ਚਰਿਤਰ ਦੇ ਉੱਜਲ ਪੱਖਾਂ ਦਾ ਸੰਚਾਰ ਕਰਨ ਵਿੱਚ ਵੀ ਸਹਾਈ ਹੋਵੇਗੀ। ਇਸ ਪੁਸਤਕ ਦਾ ਸ਼ਾਸ਼ਤਰੀ ਗਿਆਨ ਤੇ ਰੋਚਿਕ ਸਾਹਿਤਕ ਸ਼ੈਲੀ ਆਦਿ ਗੁਣ ਇਸ ਨੂੰ ਪੜ੍ਹਨ ਅਤੇ ਮਾਣਨ ਯੋਗ ਬਣਾਉਣ ਵਿੱਚ ਸਹਾਈ ਹੁੰਦੇ ਹਨ।

ਮਿਤਿ ੮-੮-੨੦੦੦

***ਕਿਰਪਾਲ ਸਿੰਘ ਕਸੇਲ***
ਪਟਿਆਲਾ

# 1

# ਸੀਤਾ

## ਤੂੰ ਸੁਕੁਮਾਰ ਰਚੀ ਕਰਤਾਰ

ਮਾਤਾ ਸੀਤਾ ਜੀ ਦਾ ਨਾਮ ਸੁਣਦਿਆਂ ਹੀ, ਅੱਖਾਂ ਦੇ ਸਾਹਮਣੇ, ਇੱਕ ਆਦਰਸ਼ ਭਾਰਤੀਯ ਨਾਰੀ, ਬਲੀਦਾਨ ਤੇ ਤਿਆਗ ਦੀ ਪ੍ਰਤਿਮਾ, ਸ਼ਾਂਤੀ ਦੀ ਪੁੰਜ, ਕਰੁਣਾ ਦੀ ਮੂਰਤੀ, ਵਾਤਸਲਯ ਦਾ ਅਥਾਹ ਭੰਡਾਰ, ਅਜਸਵਿਨੀ, ਤੇਜਸਵਨੀ, ਸੁਸ਼ੀਲ, ਸੁੰਦਰ, ਸੁਕੁਮਾਰ, ਸੁਘੜ, ਸਿਆਣੀ, ਪਤੀਵ੍ਰਤਾ, ਨਿਰਦੋਸ਼ ਹੁੰਦਿਆਂ ਹੋਇਆਂ ਵੀ ਨਿਰੀਹ, ਮੂਕ, ਸ਼ਾਂਤ, ਅਚਲ, ਅਡੋਲ, ਭਾਣਾ ਮੰਨਣ ਵਾਲੀ, ਨਿਰਇੱਛਿਤ ਦੇਵੀ, ਆਪਣੇ ਪਿਆਰੇ ਪਤੀ ਦੇ ਹੁਕਮਾਂ ਦਾ ਪਾਲਣ ਕਰਨ ਵਾਲੀ ਸੁਪਤਨੀ ਦੀ ਪ੍ਰਤਿਮਾ ਸਾਕਾਰ ਹੋ ਜਾਂਦੀ ਹੈ। ਆਪਣੇ ਆਪ ਹੀ ਉਸ ਪੂਜਨੀਯ ਮਾਤਾ ਦੇ ਪਵਿੱਤਰ ਚਰਨ ਕੰਵਲਾਂ ਵਿੱਚ ਸੀਸ ਝੁਕ ਜਾਂਦਾ ਹੈ, ਨੇਤ੍ਰ ਸਜਲ ਹੋ ਉਠਦੇ ਹਨ, ਸ਼ਰਧਾ ਭਾਵ ਜਾਗ੍ਰਤ ਹੋ ਉਠਦਾ ਹੈ।

ਕਵੀ ਬਾਲਮੀਕ, ਕਵੀ ਤੁਲਸੀ ਤੇ ਹੋਰ ਅਣਗਿਣਤ ਕਵੀਆਂ ਨੇ ਮਾਤਾ ਸੀਤਾ ਜੀ ਦੀ ਵਿਅਥਾ, ਵਿਆਕੁਲਤਾ, ਬਿਹਬਲਤਾ, ਕਸਕ, ਪੀੜਾ, ਵੇਦਨਾ ਨੂੰ ਆਪਣੀ ਕਲਮ ਰਾਹੀਂ ਉਲੀਕਣ ਦਾ ਪ੍ਰਯਤਨ ਕੀਤਾ ਹੈ; ਚਿਤ੍ਰਕਾਰਾਂ ਨੇ ਆਪਣੇ ਵਲਵਲਿਆਂ ਨੂੰ ਚਿਤ੍ਰਾਂ ਰਾਹੀਂ; ਮੂਰਤੀ ਕਾਰਾਂ ਨੇ ਸੁੰਦਰ ਆਕਰਸ਼ਕ ਮੂਰਤੀਆਂ ਰਾਹੀਂ ਪ੍ਰਗਟ ਕੀਤਾ ਹੈ; ਗਾਇੰਕਾਂ ਨੇ ਆਪਣੀਆਂ ਮਧੁਰ ਧੁਨਾਂ ਰਾਹੀਂ ਹਿਰਦੇ ਨੂੰ ਝੰਜੋੜਿਆ ਹੈ, ਪਰ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ, ਸੁੰਦਰ, ਅਨੂਠੀ, ਮਨਮੋਹਕ ਰੋਚਕ ਸ਼ੈਲੀ ਰਾਹੀਂ ਮਾਤਾ ਸੀਤਾ ਜੀ ਦਾ ਚਰਿਤ੍ਰ ਚਿਤ੍ਰਤ ਕੀਤਾ ਹੈ, ਉਸਦੀ ਤੁਲਨਾ ਕੌਣ ਕਰ ਸਕਦਾ ਹੈ।

ਦਸਮ ਗ੍ਰੰਥ ਵਿੱਚ ਸੰਕਲਿਤ ਰਾਮਾਵਤਾਰ ਦੀ ਬਾਣੀ ਲਿਖਦਿਆਂ ਹੋਇਆ, ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਪੂਜਨੀਯ ਮਾਤਾ ਸੀਤਾ ਜੀ ਨੂੰ ਰਸਾਵਲ ਛੰਦ, ਮਨੋਹਰ ਛੰਦ, ਗੀਤਾ ਮਾਣਤੀ ਛੰਦ, ਝੂਲਣਾ ਛੰਦ, ਤੋਟਕ ਛੰਦ, ਪਾਧੜੀ ਛੰਦ, ਸਵੈਯਾ ਛੰਦ, ਮਕਰਾ ਛੰਦ, ਭੁਜੰਗ ਪ੍ਰਯਾਤ ਛੰਦ, ਅਰੂਪਾ ਛੰਦ, ਦੋਹਰੇ, ਚੌਪਈਆਂ ਰਾਹੀਂ ਵਿਸਥਾਰ ਕੇ ਰਾਮਾਵਤਾਰ ਦਾ ਇੱਕ, ਅਮਰ, ਅਸੀਮ, ਅਡੋਲ, ਅਨਾਮ, ਨਿਰਭੈ, ਨਿਡਰ ਤੇ ਪ੍ਰਿਯ ਪਾਤਰ ਬਣਾ

ਦਿੱਤਾ ਹੈ। ਪੂਜਯ ਮਾਤਾ ਸੀਤਾ ਜੀ ਦੇ ਦਰਸ਼ਨ ਸਾਨੂੰ ਦਸਮ ਗ੍ਰੰਥ ਵਿੱਚ ਉਸ ਵੇਲੇ ਹੁੰਦੇ ਹਨ, ਜਦੋਂ ਭੋਲਾ ਮਾਸੂਮ ਬਚਪਨ ਬੀਤ ਚੁੱਕਿਆ ਹੈ, ਤੇ ਉਸਦੀ ਥਾਂ ਮਦਮਸਤ ਜੁਆਨੀ ਨੇ ਲੈ ਲਈ ਹੈ। ਸੀਤਾ ਜੀ ਯੁਵਾਵਸਥਾ ਦੀ ਦਹਿਲੀਜ਼ ਤੇ ਪੈਰ ਰੱਖ ਚੁੱਕੇ ਹਨ, ਤੇ ਇਸ ਲਈ ਰਾਜਾ ਜਨਕ ਜੀ ਸਵੰਬਰ ਰਚ ਕੇ ਸੀਤਾ ਜੀ ਲਈ ਯੋਗ ਵਰ ਲੱਭਣ ਵਿੱਚ ਲੱਗੇ ਹੋਏ ਹਨ। ਇਸਦੀ ਚਰਚਾ ਬਹੁਤ ਦੂਰ ਦੂਰ ਤਕ ਫੈਲ ਗਈ, ਤੇ ਉਹ ਮ੍ਰਿਗ ਨੈਣੀ, ਮਿਠਬੋਲੀ ਨੂੰ ਪ੍ਰਾਪਤ ਕਰਨ ਵਾਸਤੇ ਰਾਮ ਚੰਦਰ ਜੀ ਦੇ ਚਰਨਾਂ ਵਿੱਚ ਬੇਨਤੀ ਹੋ ਰਹੀ ਹੈ।

।।ਰਸਾਵਲ ਛੰਦ।।

**ਰਚਯੋ ਸੁਯੰਬ੍ਰ ਸੀਤਾ।। ਮਹਾਂ ਸੁੱਧ ਗੀਤਾ।।**
**ਬਿਧੰ ਚਾਰ ਬੈਣੀ।। ਮ੍ਰਿਗੀ ਰਾਜ ਨੈਣੀ।।**
**ਸੁਨੈ ਰਾਮ ਪਿਆਰੇ।। ਚਲੈ ਸਾਥ ਹਮਾਰੇ।।**
**ਸੀਅ ਸੁਯੰਬ੍ਰ ਕੀਨੋ।। ਨ੍ਰਿਪੰ ਬੋਲ ਲੀਨੋ।।**
**ਤਹਾ ਪ੍ਰਾਤ ਜੈਈਐ।। ਸੀਆ ਜੀਤ ਲੈਈਐ।।**

ਸ੍ਰੀ ਰਾਮ ਚੰਦਰ ਜੀ ਨੇ ਅਰਜ਼ ਬੇਨਤੀ ਪ੍ਰਵਾਨ ਕਰ ਲਈ ਤੇ ਸੁਯੰਬਰ ਲਈ ਨਿਰਧਾਰਿਤ ਸਥਾਨ ਤੇ ਆਣ ਦਰਸ਼ਨ ਦਿੱਤੇ। ਜਦੋਂ ਸੀਤਾ ਜੀ ਨੇ ਪਹਿਲੀ ਵਾਰੀ ਸ੍ਰੀ ਰਾਮ ਜੀ ਦੇ ਦਰਸ਼ਨ ਕੀਤੇ ਤਾਂ-

।।ਰਸਾਵਲ ਛੰਦ।।

**ਸੀਅ ਪੇਖ ਰਾਮੰ।। ਬਿਧੀ ਬਾਣ ਕਾਮੰ।।**
**ਗਿਰੀ ਝੂਮਿ ਭੂਮੰ।। ਮਦੀ ਜਾਣੁ ਘੂਮੰ।।**
**ਉਠੀ ਚੇਤ ਐਸੇ।। ਮਹਾਂਬੀਰ ਜੈਸੇ।।**
**ਰਹੀ ਨੈਨ ਜੋਰੀ।। ਸਸੰ ਜਿਉਂ ਚਕੋਰੀ।।**
**ਰਹੇ ਮੋਹ ਦੋਨੋ।। ਟਰੇ ਨਾਹਿ ਕੋਨੋ।।**
**ਰਹੇ ਠਾਢ ਐਸੇ।। ਰਣੰ ਬੀਰ ਜੈਸੇ।।**

ਸੀਤਾ ਜੀ ਪਿਆਰ ਮਗਨ ਹੋ ਕੇ ਮੂਰਛਿਤ ਹੋ ਗਏ। ਪੂਜਯ ਪਿਆਰੇ ਪ੍ਰੀਤਮ ਰਾਮ ਚੰਦਰ ਜੀ ਦੇ ਤੇਜ ਨੂਰ ਨੂੰ ਅੱਖੀਆਂ ਸਹਾਰ ਨਾ ਸਕੀਆਂ। ਟਕ ਟਕੀ ਲੱਗੀ ਤੇ ਲੱਗੀ ਹੀ ਰਹਿ ਗਈ। ਚੰਦਰਮਾ ਰੂਪੀ ਰਾਮ ਜੀ ਵਾਸਤੇ ਸੀਤਾ ਜੀ ਚਕੋਰੀ ਬਣ ਗਏ; ਮੀਨ ਬਣ ਕੇ ਦਰਸ਼ਨਾਂ ਦੇ ਜਲ ਲਈ ਤੜਫੜਾ ਉਠੇ, ਸਵਾਤੀ ਬੂੰਦ ਰਾਮ ਜੀ ਨੂੰ ਪਾਉਣ ਵਾਸਤੇ ਪਪੀਹਾ ਬਣ ਕੇ ਵਿਆਕੁਲ ਹੋ ਉਠੇ ਤੇ ਦੂਸਰੇ ਪਾਸੇ ਧਨੁੱਖ ਨੂੰ ਤੋੜਨ ਵਿੱਚ ਦੇਰ ਕਿਵੇਂ ਲੱਗ ਸਕਦੀ ਸੀ। ਖਿਨਾ ਪਲਾਂ ਵਿੱਚ ਧਨੁੱਖ ਟੁਕੜੇ ਟੁਕੜੇ ਹੋ ਗਿਆ, ਚਾਰੇ ਪਾਸੇ ਹਰਸ਼ ਅਨੰਦ, ਹੁਲਾਸ, ਖੇੜਾ ਤੇ ਮੰਗਲਾਚਾਰ ਦਾ ਵਾਤਾਵਰਨ ਛਾ ਗਿਆ-

।।ਰਸਾਵਲ ਛੰਦ।।
ਤਬੈ ਰਾਜ ਕੰਨਿਆ।। ਤਿਹੂੰ ਲੋਕ ਧੰਨਿਆ।।
ਧਰੇ ਫੂਲ ਮਾਲਾ।। ਬਰਯੋ ਰਾਮ ਬਾਲਾ।।
ਬਰੀ ਰਾਮ ਤੈਸੀ।। ਸੀਅ ਆਜ ਬਾਲਾ।।
ਛਕੇ ਪ੍ਰੇਮ ਦੋਨੋ।। ਲਗੇ ਨੈਨ ਐਸੇ।।
ਮਨੋ ਫਾਂਧ ਫਾਂਧੈ।। ਮ੍ਰਿਗੀ ਰਾਜ ਜੈਸੇ।।
ਬਿਧੰ ਬਾਕ ਬੈਣੀ।। ਕਟੰ ਦੇਸ ਛੀਣੰ।।
ਰੰਗੇ ਰੰਗ ਰਾਮੰ।। ਸੁਨੈਣੰ ਪ੍ਰਬੀਣੰ।।

ਪਰ ਵਿਵਾਹਿਕ ਸੁੱਖ ਥੋੜੇ ਚਿਰ ਲਈ ਹੀ ਤਾਂ ਸੀ। ਕੈਕਈ ਦੇ ਵਰਦਾਨ ਨੂੰ ਪੂਰਾ ਕਰਨ ਵਾਸਤੇ ਸ੍ਰੀ ਰਾਮ ਚੰਦਰ ਜੀ ਨੂੰ ਚੌਦਾਂ ਸਾਲਾਂ ਦਾ ਬਨਵਾਸ ਹੋ ਗਿਆ। ਸ੍ਰੀ ਰਾਮ ਚੰਦਰ ਜੀ ਨੇ ਫੈਸਲਾ ਕੀਤਾ ਕਿ ਉਹ ਜੰਗਲ ਵਿੱਚ ਬਨਵਾਸ ਕੱਟਣ ਲਈ ਇਕੱਲੇ ਹੀ ਜਾਣਗੇ, ਪਰ ਸੀਤਾ ਜੀ ਰਾਮ ਚੰਦਰ ਜੀ ਤੋਂ ਬਿਨਾਂ ਇਕ ਖਿਨ ਭਰ ਪਲ ਲਈ ਵੀ ਦੂਰ ਰਹਿਣ ਨੂੰ ਤਿਆਰ ਨਹੀ ਸੀ। ਸ੍ਰੀ ਰਾਮ ਚੰਦਰ ਜੀ ਨੇ ਸੀਤਾ ਜੀ ਨੂੰ ਬਹੁਤ ਸਮਝਾਇਆ ਕਿ ਉਹ ਮਾਤਾ ਕੌਸ਼ਲਿਆ ਕੋਲ ਉਨੀ ਦੇਰ ਤਕ ਰਹਿਣ ਜਿਨਾ ਚਿਰ ਫਿਰ ਉਹ ਦੁਬਾਰਾ ਰਾਜ ਪਾਟ ਨਹੀਂ ਸੰਭਾਲਦੇ।

।।ਸੋਰਠਾ।।
ਸੁਨਿ ਸੀਅ ਸੁਜਸ ਸੁਜਾਨ, ਰਹੋ ਕੌਸ਼ਲਿਆ ਤੀਰ ਤੁਮ।।
ਰਾਜ ਕਰਉ ਫਿਰਿ ਆਨ ਤੋਹਿ ਸਹਿਤ ਬਨਬਾਸ ਬਸਿ।।

ਪਰ ਸੀਤਾ ਜੀ ਨੂੰ ਇਹ ਮਨਜ਼ੂਰ ਨਹੀ। ਉਹ ਆਪਣੇ ਪਿਆਰੇ ਪ੍ਰੀਤਮ ਰਾਮ ਜੀ ਦਾ ਵਿਛੋੜਾ ਪਲ ਮਾਤਰ ਲਈ ਵੀ ਨਹੀ ਸਹਾਰ ਸਕਦੇ ਸਨ। ਹਾਂ ਉਹਨਾਂ ਦੇ ਨਾਲ ਰਹਿ ਕੇ, ਉਹਨਾਂ ਦੀ ਛਤ੍ਰ ਛਾਂ ਹੇਠ ਉਹ ਸਭ ਤਰ੍ਹਾਂ ਦੇ ਕਸ਼ਟ, ਦੁੱਖ, ਪੀੜਾ ਸਹਾਰ ਸਕਦੇ ਸਨ। ਸੀਤਾ ਜੀ ਫੁਰਮਾ ਰਹੇ ਹਨ-

।।ਸੋਰਠਾ।।
ਮੈ ਨ ਤਜੋ ਪੀਅ ਸੰਗਿ ਕੈਸੋਈ ਦੁਖ ਜੀਅ ਪੈ ਪਰੋ।।
ਤਨਕ ਨ ਮੋਰਉ ਅੰਗਿ ਅੰਗਿ ਤੇ ਹੋਇ ਅਨੰਗ ਕਿਨ।।

ਸ੍ਰੀ ਰਾਮ ਚੰਦਰ ਜੀ ਸੀਤਾ ਜੀ ਨੂੰ ਇਕ ਵਾਰ ਫਿਰ ਸਮਝਾ ਰਹੇ ਹਨ ਕਿ ਅਗਰ ਉਹਨਾ ਦਾ ਚਿਤ ਸਹੁਰੇ ਰਹਿਣ ਨੂੰ ਨਾ ਕਰਦਾ ਹੋਵੇ ਤਾਂ ਉਹ ਆਪਣੇ ਪਿਆਰੇ ਪਿਤਾ ਕੋਲ ਜਾ.ਕੇ ਰਹਿ ਸਕਦੇ ਹਨ। ਆਪ ਜੀ ਨੇ ਫੁਰਮਾਇਆ-

।।ਮਨੋਹਰ ਛੰਦ।।
ਜਉ ਨ ਰਹਉ ਸਸੁਰਾਰ ਕ੍ਰਿਸੋਦਰ।।

**ਜਾਹਿ ਪਿਤਾ ਗ੍ਰਿਹ ਤੋਹਿ ਪਠੈ ਦਿਉ।।**

ਪੇਕੇ ਘਰ ਰਹਿ ਕੇ ਸੀਤਾ ਜੀ ਹਰ ਪ੍ਰਕਾਰ ਦੇ ਸੁਖ ਮਾਣ ਸਕਦੇ ਹਨ। ਸੀਤਾ ਜੀ ਸੁਕੁਮਾਰ ਹਨ ਕੋਮਲ ਹਨ, ਮ੍ਰਦੁਲ ਹਨ, ਨਾਜ਼ੁਕ ਹਨ ਇਸ ਲਈ ਜੰਗਲ ਦੇ ਭਿਆਨਕ ਜੀਵਾਂ ਵਿੱਚ ਨਹੀਂ ਰਹਿ ਸਕਣਗੇ ਜੰਗਲ ਦੀ ਕਠੋਰਤਾ ਸਹਿਨ ਕਰਨੀ ਕਠਿਨ ਹੋਵੇਗੀ।

।।ਮਨੋਹਰ ਛੰਦ।।

**ਘੋਰ ਸੀਅ ਬਨ ਤੂੰ ਸੁ ਕੁਮਾਰ, ਕਹੋ ਹਮਸੋਂ ਕਸ ਤੈ ਨਿਭਹੈ ਹੈ।।**
**ਗੂੰਜਤ ਸਿੰਘ, ਡਕਾਰਤ ਕੋਲ ਭਯਾਨਕ ਭੀਲ ਲਖੈ ਭ੍ਰਮ ਐ ਹੈ।।**
**ਸੂੰਕਤ ਸਾਪ ਬਕਾਰਤ ਬਾਘ ਭਕਾਰਤ ਭੂਤ ਮਹਾ ਦੁਖ ਪੈ ਹੈ।।**
**ਤੂੰ ਸੁ ਕਮਾਰ ਰਚੀ ਕਰਤਾਰ ਬਿਚਾਰ ਚਲੇ ਤੁਹਿ ਕਿਉਂ ਬਨਿ ਐ ਹੈ।।**

ਪਰ ਜਿਸਦੇ ਰਾਮ ਜੀ ਪਤੀ ਹੋਣ, ਉਸਨੂੰ, ਸੱਪਾਂ, ਸ਼ੇਰਾਂ, ਬਘਿਆੜਾਂ, ਭੂਤਾਂ, ਭੀਲਾਂ ਦਾ ਡਰ ਕਾਹਦਾ ? ਸੀਤਾ ਜੀ ਆਪਣੇ ਅਚਲ, ਅਡੋਲ ਦ੍ਰਿੜ੍ਹ ਇਰਾਦੇ ਤੋਂ ਜ਼ਰਾ ਵੀ ਵਿਚਲਿਤ ਨਹੀਂ ਹੋਏ, ਸਗੋਂ ਰਾਮ ਜੀ ਦੇ ਚਰਨਾਂ ਵਿੱਚ ਬੜੇ ਸਤਿਕਾਰ ਤੇ ਪਿਆਰ ਸਹਿਤ ਅਰਜ਼ ਬੇਨਤੀ ਕਰਦੇ ਹਨ।

।।ਮਨੋਹਰ ਛੰਦ।।

**ਸੂਲ ਸਹੋਂ ਤਨ ਸੂਕ ਰਹੋਂ ਪਰ ਸੀ ਨ ਕਹੋਂ ਸਿਰ ਸੂਲ ਸਹੋਂਗੀ।।**
**ਬਾਘ ਬੁਕਾਰ ਫਨੀਨ ਫੁਕਾਰ ਸੁ ਸੀਸ ਗਿਰੋ ਪਰ ਸੀ ਨ ਕਹੋਂਗੀ।।**
**ਬਾਸ ਕਹਾ ਬਨਬਾਸ ਭਲੋ ਨਹੀ ਪਾਸ ਤਜੋ ਪੀਯ ਪਾਇ ਗਹੋਂਗੀ।।**
**ਹਾਸ ਕਹਾ ਇਹ ਉਦਾਸ ਸਮੈਂ, ਗ੍ਰਿਹ ਆਸ ਰਹੋ, ਪਰ ਮੈ ਨ ਰਹੋਂਗੀ।।**

ਬਣ ਵਿੱਚ ਸੀਤਾ ਜੀ ਸਭ ਤਰ੍ਹਾਂ ਦੇ ਕਸ਼ਟ ਸਹਾਰ ਸਕਦੇ ਸਨ, ਸ਼ੇਰਾਂ ਦੀ ਚੰਘਾੜ, ਸੱਪਾਂ ਦੀ ਫੁੰਕਾਰ ਸੁਣ ਕੇ ਮੂੰਹ ਤੋਂ ਸੀ ਤਕ ਨਾ ਕਰਨ ਦਾ ਵਾਅਦਾ ਕਰ ਰਹੇ ਹਨ। ਆਪਣੇ ਪਿਆਰੇ ਪ੍ਰੀਤਮ ਦੇ ਚਰਨ ਕੰਵਲਾਂ ਵਿੱਚ ਰਹਿਣ ਦਾ ਅਵਸਰ ਮਿਲੇ, ਫਿਰ ਭਲਾ ਦੁੱਖ, ਪੀੜਾ, ਕਸ਼ਟ ਦੀ ਕਿਸਨੂੰ ਪ੍ਰਵਾਹ।

ਐਨਾ ਕੁਝ ਸੁਣਕੇ ਵੀ ਸ੍ਰੀ ਰਾਮ ਚੰਦਰ ਜੀ ਇੱਕ ਵਾਰੀ ਫਿਰ ਸੀਤਾ ਜੀ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ, ਕਿ ਉਹ ਆਪਣੀ ਸੱਸ ਦੀ ਸੇਵਾ ਵਿੱਚ ਆਪਣਾ ਸਮਾਂ ਬਿਤਾ ਸਕਦੇ ਹਨ। ਜੇਕਰ ਸੱਸ ਦੀ ਸੇਵਾ ਕਰਨ ਨੂੰ ਨਾ ਜੀਅ ਕਰਦਾ ਹੋਵੇ, ਤਾਂ ਪਿਤਾ ਦੇ ਘਰ ਜਾਣ ਦੀ ਆਗਿਆ ਬਾਰ ਬਾਰ ਦੇ ਰਹੇ ਹਨ।

।।ਮਨੋਹਰ ਛੰਦ।।

**ਰਾਸ ਕਹੋ ਤੁਹਿ ਬਾਸ ਕਰੋ ਗ੍ਰਿਹ ਸਾਸੁ ਕੀ ਸੇਵ ਭਲੀ ਬਿਧਿ ਕੀਜੈ।।**
**ਕਾਲ ਹੀ ਬਾਸ ਬਨੈ ਮ੍ਰਿਗ ਲੋਚਨਿ ਰਾਜ ਕਰੋਂ ਤੁਮ ਸੋ ਸੁਨ ਲੀਜੈ।।**

**.ਜੋ ਨ ਲਗੈ ਜੀਯ ਅਉਧ ਸੁਭਾਨਨਿ ਜਾਹਿ ਪਿਤਾ ਗ੍ਰਿਹ ਸਾਚ ਭਨੀਜੈ।।**
**ਤਾਤ ਕੀ ਬਾਤ ਗਡੀ ਜੀਯ ਜਾਤ ਸਿਧਾਤ ਬਨੈ ਮੁਹਿ ਆਇਸ ਦੀਜੈ।।**

ਅੰਤ ਵਿੱਚ ਪਿਆਰੇ ਪ੍ਰੀਤਮ ਰਾਮ ਜੀ ਨੇ ਆਪਣੀ ਪ੍ਰਿਯਤਮਾ ਦੇ ਤਰਲੇ, ਮਿੰਨਤਾਂ, ਅਰਜ਼ੋਈਆਂ, ਬੇਨਤੀਆਂ ਪ੍ਰਵਾਨ ਕਰ ਲਈਆਂ ਤੇ ਆਪਣੇ ਛੋਟੇ ਵੀਰ ਲਛਮਣ ਤੇ ਮ੍ਰਿਗ-ਲੋਚਨੀ ਸੀਤਾ ਜੀ ਨੂੰ ਨਾਲ ਲੈ ਕੇ ਰੋਂਦੇ, ਵਿਲਕਦੇ ਅਯੁੱਧਿਆ ਵਾਸੀਆਂ ਨੂੰ ਅਲਵਿਦਾ ਕਹਿ ਕੇ ਜੰਗਲ ਨੂੰ ਪ੍ਰਸਥਾਨ ਕੀਤਾ।

।।ਦੋਹਰਾ।।

**ਪਿਤ ਆਗਿਆ ਤੇ ਬਨ ਚਲੇ ਤਜਿ ਗ੍ਰਿਹ ਰਾਮ ਕੁਮਾਰ।।**
**ਸੰਗ ਸੀਆ ਮ੍ਰਿਗ ਲੋਚਨੀ ਜਾਕੀ ਪ੍ਰਭਾ ਅਪਾਰ।।**

ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਕੁਦਰਤ ਦੀ ਸੁੰਦਰਤਾ ਦੇ ਨਾਲ ਨਾਲ ਸੀਤਾ ਜੀ ਦੀ ਅਨੂਠੀ ਸੁੰਦਰਤਾ ਨੂੰ ਬੜੇ ਪਿਆਰੇ ਸ਼ਬਦਾਂ ਵਿੱਚ ਵਰਣਨ ਕਰਦੇ ਹਨ-

**ਜਹਾਂ ਸਾਲ ਭਾਰੇ।। ਦ੍ਰੁਮੰ ਤਾਲ ਨਯਾਰੇ।।**
**ਛੁਏ ਸੁਰਗ ਲੋਕੰ।। ਹਰੈ ਜਾਤ ਸੋਕੰ।।**
**ਤਹਾਂ ਰਾਮ ਪੈਠੇ।। ਮਹਾਂ ਬੀਰ ਐਨ।।**
**ਲੀਏ ਸੰਗਿ ਸੀਤਾ।। ਮਹਾਂ ਸੁਭ੍ਰ ਗੀਤਾ।।**
**ਬਿਧੰ ਬਾਕ ਬੈਣੀ।। ਮ੍ਰਿਗੀ ਰਾਜ ਨੈਣੀ।।**
**ਕਟੰ ਛੀਨ ਦੇ ਸੀ।। ਪਰੀ ਪਦਮਨੀ ਸੀ।।**

ਤੇ ਉਹ ਪਰੀ ਪਦਮਨੀ ਜਦੋਂ ਰਾਮ ਚੰਦਰ ਜੀ ਨੂੰ ਬੜੇ ਪਿਆਰ ਸਹਿਤ ਮ੍ਰਿਗ ਲਿਆਉਣ ਲਈ ਕਹਿੰਦੀ ਹੈ, ਤਾਂ ਉਹ ਕਿਵੇਂ ਇਨਕਾਰ ਕਰ ਸਕਦੇ ਸਨ। ਹਾਂ ਪਹਿਲਾਂ ਸੀਤਾ ਜੀ ਨੂੰ ਕਾਫੀ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਹਿਰਨ ਇਕ ਛਲਾਵਾ ਹੈ-

**।।ਮਨੋਹਰ ਛੰਦ।। ਰਾਮ ਵਾਚ।।**

**ਸੀਅ ਮ੍ਰਿਗਾ ਕਹੂੰ ਕੰਚਨ ਕੋ ਨਹਿ,**
**ਕਾਨ ਸੁਨਯੋ ਬਿਧਿਨੈ ਨ ਬਨਾਯੋ।।**
**ਬੀਸ ਬਿਸਵੇ ਛਲ ਦਾਨਵ ਕੌ,**
**ਬਨ ਮੈ ਜਿਹ ਆਨ ਤੁਮੈ ਛਹਕਾਯੋ।।**
**ਪਿਆਰੀ ਕੋ ਆਇਸ ਮੇਟ ਸਕੈ ਨ,**
**ਬਿਲੋਕ ਸੀਅ ਕਹੁ ਆਤੁਰ ਭਾਰੀ।।**

ਇਧਰ ਰਾਵਣ ਨੇ ਛਲ ਨਾਲ ਭਿਖਿਆ ਦੇ ਬਹਾਨੇ ਸੀਤਾ ਜੀ ਨੂੰ ਛਲਨ ਦੀ ਵਿਉਂਤ ਬਣਾਈ।

॥ਮਨੋਹਰ ਛੰਦ॥

**ਭੇਖ ਅਲੇਖ ਉਚਾਰ ਕੈ ਰਾਵਣ ਜਾਤ ਭਏ ਸੀਅ ਢਿਗ ਧੋ॥**
**ਅਵਿਲੋਕ ਧਨੀ ਬਲਵਾਨ ਬਡੋ ਤਿਹ ਜਾਇ ਮਿਲੈ ਜਗ ਮੋਠ ਜਧੋ॥**
**ਕਛੁ ਦੇਹੁ ਭਿਛਾ ਮ੍ਰਿਗ ਨੈਨ ਹਮੈ ਇਹ ਰੇਖ ਮਿਟਾਇ ਹਮੈ ਅਬ ਹੀ॥**
**ਬਿਨ ਰੇਖ ਭਈ ਅਵਿਲੋਕ ਲਈ ਹਰਿ ਸੀਅ ਉਡਯੋ ਨਭਿ ਕਉ ਤਬਹੀ॥**

ਸ੍ਰੀ ਰਾਮ ਜੀ ਦੇ ਵਾਪਸ ਆਉਣ ਤਕ ਰਾਵਣ ਸੀਤਾ ਜੀ ਨੂੰ ਛਲ ਕੇ ਜਾ ਚੁੱਕਾ ਸੀ। ਸੀਤਾ ਜੀ ਦੇ ਵਿਯੋਗ ਵਿੱਚ ਸ੍ਰੀ ਰਾਮ ਚੰਦਰ ਜੀ ਵਿਆਕੁਲ ਹੋ ਉਠੇ, ਪਿਆਰ ਵਿੱਚ ਤੜਪ ਉਠੇ, ਬਿਹਬਲ ਹੋ ਗਏ।

॥ਤੋਟਕ ਛੰਦ॥

**ਰਘੁਨਾਥ ਹਰੀ ਸੀਅ ਹੇਰ ਮਨੰ॥**
**ਗਹਿ ਬਾਨ ਸਿਲਾ ਸਿਤ ਸੱਜਿ ਧਨੰ॥**
**ਚਹੂੰ ਓਰ ਸੁਧਾਰ ਨਿਹਾਰ ਫਿਰੇ॥**
**ਛਿਤ ਊਪਰ ਸ੍ਰੀ ਰਘੁਰਾਜ ਗਿਰੇ॥**

ਲਛਮਣ ਜੀ ਅਧੀਰ, ਵਿਆਕੁਲ, ਵਿਰਹੀ ਰਾਮ ਜੀ ਨੂੰ ਧੀਰਜ ਦੇ ਰਹੇ ਹਨ-

॥ਤੋਟਕ ਛੰਦ॥

**ਕਸ ਅਧੀਰ ਪਰੇ ਪ੍ਰਭ ਧੀਰ ਧਰੋ॥**
**ਸੀਅ ਜਾਇ ਕਹਾ ਤਿਹ ਸੋਧ ਕਰੋ॥**

ਰਸਤੇ ਵਿੱਚ ਜਟਾਯੂ ਨੂੰ ਮਾਰ ਕੇ, ਰਾਵਣ ਨੇ ਸੀਤਾ ਜੀ ਸਮੇਤ ਲੰਕਾ ਵਲ੍ਹ ਪ੍ਰਸਥਾਨ ਕੀਤਾ-

॥ਗੀਤਾ ਮਾਲਤੀ ਛੰਦ॥

**ਪਛਰਾਜ ਰਾਵਨ ਮਾਰਿ ਕੈ ਰਘੁਰਾਜ ਸੀਤਹਿ ਲੈ ਗਯੋ॥**
**ਨਭਿ ਓਰ ਖੋਰ ਨਿਹਾਰ ਕੈ ਸੁ ਜਟਾਉ ਸੀਅ ਸੰਦੇਸ ਦਯੋ॥**
**ਤਬ ਜਾਨ ਰਾਮ ਗਏ ਬਲੀ ਸੀਅ ਸੱਤ ਰਾਵਨ ਹੀ ਹਰੀ॥**

ਰਾਵਣ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਸੀਤਾ ਜੀ ਨੂੰ ਵਾਪਸ ਕਰ ਦਿਉ, ਵਿਅਰਥ ਵਿੱਚ ਕਿਉਂ ਆਪਣੇ ਕਾਲ ਨੂੰ ਨਿਮੰਤਰਣ ਦੇ ਰਹੇ ਹੋ,

**ਮਿਲਹੁ ਦੇਹੁ ਜਾਨਕੀ ਕਾਲ ਨਾਤਰ ਤੋਹਿ ਆਯੋ॥**

ਅੰਗਦ ਜੀ ਨੇ ਵੀ ਕਾਫੀ ਸਮਝਾਇਆ-

**ਦੇਹ ਸੀਅ ਦਸਕੰਧ ਛਾਹਿ ਨਹੀਂ ਦੇਖਨ ਪੈਹੋ॥**

ਪਰ ਅਭਿਮਾਨੀ ਰਾਵਣ ਨੇ ਕਿਸੇ ਵੀ ਗੱਲ ਦੀ ਪ੍ਰਵਾਹ ਨਾ ਕੀਤੀ, ਸਗੋਂ ਉਹ ਬੋਲ ਉਠਿਆ-

**।।ਪਾਧੜੀ ਛੰਦ।।**

**ਇੰਦ੍ਰ ਜੀਤੇ ਕਰੇ ਜੱਛ ਰੀਤੇ ਧਨੰ ਨਾਰਿ ਸੀਤਾ ਬਰੰ ਜੀਤ ਜੁੱਧੈ।।**

ਇੰਦ੍ਰਜੀਤ ਦਾ ਘੋਰ ਯੁੱਧ ਹੋ ਰਿਹਾ ਹੈ ਅਤੇ ਦੂਤ ਦੌੜ ਕੇ ਰਾਵਣ ਕੋਲ ਜਾ ਕੇ ਹੈਰਾਨੀ ਦਾ ਪ੍ਰਗਟਾਵਾ ਕਰਦਾ ਹੈ-

**।।ਪਾਧੜੀ ਛੰਦ।।**

**ਕਪਿ ਕਟਕ ਆਜੁ ਜੀਤਯੋ ਬਨਾਇ।।**
**ਸੀਅ ਭਜਹੁ ਆਜ ਹੁਐ ਕੈ ਨਿਚੀਤ।।**

ਕਿਉਂ ਕਿ-

**ਸੰਘਰੇ ਰਾਮ ਰਣ ਇੰਦ੍ਰਜੀਤ।।**
**ਤਬ ਕਹੇ ਬੈਣ ਤ੍ਰਿਜਟੀ ਬੁਲਾਇ।।**
**ਰਣ ਮ੍ਰਿਤਕ ਰਾਮ ਸੀਤਹਿ ਦਿਖਾਇ।।**
**ਲੈ ਗਈ ਨਾਥ ਜਾਹਿ ਗਿਰੇ ਖੇਤ।।**
**ਮ੍ਰਿਗ ਮਾਰ ਸਿੰਘ ਜਯੋ ਸੁਪਤ ਅਚੇਤ।।**
**ਸੀਅ ਨਿਰਖ ਨਾਥ ਮਨ ਮਹਿ ਰਿਸਾਨ।।**
**ਦਸ ਅਉਰ ਚਾਰ ਬਿੱਦਿਆ ਨਿਧਾਨ**
**ਪੜ ਨਾਗ ਮੰਤ੍ਰ ਸੰਘਰੀ ਪਾਸ।।**
**ਪਤਿ ਭ੍ਰਾਤ ਜਯਾਇ ਚਿਤ ਭਯੋ ਹੁਲਾਸ।।**

ਸੀਤਾ ਜੀ ਦੇ ਚਿਤ ਅੰਦਰ ਹੁਲਾਸ, ਖੇੜੇ, ਹਰਸ਼ ਦੀ ਲਹਿਰ ਦੌੜ ਪਈ, ਆਨੰਦ ਵਿਭੋਰ ਹੋ ਉਠੇ, ਕਿਉਂਕਿ-

**ਸੀਅ ਗਈ ਜਗੇ ਅੰਗਰਾਇ ਰਾਮ।।**

ਇੰਦ੍ਰਜੀਤ ਦਾ ਬਧ ਕੀਤਾ ਗਿਆ ਰਾਵਣ ਦੇ ਨਾਲ ਵੀ ਯੁੱਧ ਕੀਤਾ, ਤੇ ਯੁੱਧ ਵਿੱਚ ਪ੍ਰਭੂ ਰਾਮ ਜੀ ਨੇ ਅਨੇਕ ਤਰ੍ਹਾਂ ਦੇ ਪ੍ਰਾਕ੍ਰਮ ਵਿਖਾਏ।

**।।ਸਵੈਯਾ ਛੰਦ।।**

**ਜੇ ਦੁਖ ਦੇਹ ਕਟੇ ਸੀਅ ਕੇ ਹਿਤ**
**ਤੇ ਰਨ ਆਜ ਪ੍ਰਤੱਖ ਦਿਖਾਏ।।**

ਰਾਵਣ ਦੇ ਦਸ ਸਿਰਾਂ ਨੂੰ ਧੜ ਤੋਂ ਜੁਦਾ ਕਰ ਦਿੱਤਾ ਤੇ ਆਪਣੀ ਪਿਆਰੀ ਸੀਤਾ ਜੀ ਨੂੰ ਦੋਬਾਰਾ ਜੁੱਧ ਰੂਪੀ ਸੁਯੰਬਰ ਰਾਹੀਂ ਜਿੱਤ ਲਿਆ।

**ਸ੍ਰੀ ਰਘੁਰਾਜ ਬਰਯੋ ਸੀਅ ਕੋ ਬਹੁਰੇ ਜਨੁ ਜੁੱਧ ਸੁਯੰਬਰ ਜੈ ਕੈ।।**

ਮੰਦੋਦਰੀ ਸ੍ਰੀ ਰਾਮ ਚੰਦਰ ਜੀ ਦਾ ਪੂਰਨ ਸਤਿਕਾਰ ਕਰਦੀ ਸੀ, ਇਸ ਲਈ ਸ੍ਰੀ ਰਾਮ ਜੀ ਨੇ ਉਸ ਨੂੰ ਦਰਸ਼ਨਾਂ ਦੀ ਦਾਤ ਬਖਸ਼ ਕੇ ਉਸ ਦਾ ਜਨਮ ਸਫਲ ਕੀਤਾ ਤੇ ਫੁਰਮਾਇਆ-

**ਮਿਲੈ ਮੋਹਿ ਸੀਤਾ।। ਚਲੈ ਧਰਮ ਗੀਤਾ।।**

ਸੀਤਾ ਜੀ ਨੂੰ ਲਿਆਉਣ ਵਾਸਤੇ ਹਨੂਮਾਨ ਨੂੰ ਭੇਜਿਆ ਗਿਆ, ਹਨੂਮਾਨ ਜੀ ਨੈ ਮਾਤਾ ਸੀਤਾ ਜੀ ਨੂੰ ਸਾਰੀ ਵਾਰਤਾ ਕਹਿ ਸੁਣਾਈ ਕਿ ਕਿਵੇਂ ਸ੍ਰੀ ਰਾਮ ਚੰਦਰ ਜੀ ਨੇ ਸਭ ਦੁਸ਼ਟਾਂ ਦਾ ਸੰਘਾਰ ਕਰ ਦਿੱਤਾ ਹੈ, ਤੇ ਹੁਣ ਉਹ ਆਪਣੀ ਪੂਜਯ ਮਾਤਾ ਨੂੰ ਸਤਿਕਾਰ ਸਹਿਤ ਲੈਣ ਲਈ ਆਇਆ ਹੈ। ਸੀਤਾ ਜੀ ਆਨੰਦ ਵਿਭੋਰ ਹੋ ਉਠੇ, ਬਿਰਹ ਵਿਛੋੜੇ ਦੀਆਂ ਘੜੀਆਂ ਖਤਮ ਹੋ ਗਈਆਂ। ਜਲਦੀ ਉਸ ਪਲ ਦੀ ਉਡੀਕ ਵਿੱਚ ਬੇਕਰਾਰ ਹੋ ਉਠੇ ਜਦੋਂ ਉਹਨਾਂ ਨੂੰ ਆਪਣੇ ਪਿਆਰੇ ਪ੍ਰਿਯ ਪ੍ਰੀਤਮ ਸ੍ਰੀ ਰਾਮ ਜੀ ਦੇ ਚਰਨ ਕੰਵਲਾਂ ਦੀ ਰਜ ਪ੍ਰਾਪਤ ਕਰਕੇ ਦਰਸ਼ਨਾਂ ਦਾ ਸੁਨਹਿਰਾ ਅਵਸਰ ਪ੍ਰਾਪਤ ਹੋਵੇਗਾ।

**।।ਰਸਾਵਲ ਛੰਦ।।**

**ਚਲਯੋ ਧਾਇਕੈ ਕੈ।।ਸੀਆ ਸੋਧ ਲੈ ਕੈ।।**
**ਹੁਤੀ ਬਾਗ ਮਾਹੀ।।ਤਰੇ ਬ੍ਰਿਛ ਛਾਹੀ।।**
**ਪਰਯੋ ਜਾਇ ਪਾਯੰ।।ਸੁਨੋ ਸੀਅ ਮਾਯੰ।।**
**ਰਿਪੰ ਰਾਮ ਮਾਰੇ।।ਖਰੇ ਤੋਹਿ ਦੁਆਰੇ।।**
**ਚਲੋ ਬੇਗ ਸੀਤਾ।।ਜਹਾ ਰਾਮ ਸੀਤਾ।।**
**ਸਭੈ ਸ਼ੱਤ੍ਰ ਮਾਰੇ।।ਭੂਅੰ ਭਾਰ ਉਤਾਰੇ।।**
**ਚਲੀ ਮੋਦ ਕੈ ਕੈ।।ਹਨੂੰ ਸੰਗ ਲੈ ਕੈ।।**
**ਸੀਅ ਰਾਮ ਦੇਖੇ।।ਉਹੀ ਰੂਪ ਲੇਖੇ।।**
**ਲਗੀ ਆਨ ਪਾਯੰ।।ਲਖੀ ਰਾਮ ਰਾਯੰ।।**
**ਕਹਯੋ ਕਉਨਛ ਨੈਨੀ।।ਬਿਧੁੰ ਬਾਕ ਬੈਨੀ।।**

ਪਰ ਮਿਲਾਪ ਦੀਆਂ ਘੜੀਆਂ ਵਿੱਚ ਹਾਲਾਂ ਕੁਝ ਦੇਰ, ਕੁਝ ਪਲਾਂ ਦੀ ਹੋਰ ਦੇਰ ਸੀ। ਇਸ ਸੰਦੇਹ ਭਰੀ ਸਮਾਜ ਦੇ ਸੰਦੇਹਮਈ ਲੋਕਾਂ ਨੂੰ ਸੰਤੁਸ਼ਟ ਕਰਨ ਵਾਸਤੇ, ਸੀਤਾ ਜੀ ਨੂੰ ਆਪਣੀ ਪਵਿਤ੍ਰਤਾ ਦਾ ਸਬੂਤ ਦੇਣਾ ਪਿਆ। ਇਸ ਲਈ ਆਪਣਾ ਸੁਕੁਮਾਰ ਸਰੀਰ ਅਗਨੀ ਦੀ ਭੇਟ ਕਰ ਦਿੱਤਾ। ਉਹ ਅੱਗ ਦੀ ਗੋਦ ਵਿੱਚ ਬੈਠ ਗਏ। ਭਲਾ ਅੱਗ ਉਸ ਪਵਿੱਤਰ ਪਾਵਨ ਸ਼ੁਧ, ਸੁੱਚੇ ਸਰੀਰ ਦਾ ਕੀ ਵਿਗਾੜ ਸਕਦੀ ਸੀ। ਇੱਕ ਲੂੰ ਤਕ ਨੂੰ ਸੇਕ ਨਾ ਲੱਗਾ। ਸਗੋਂ ਕੁੰਦਨ ਬਣ ਗਿਆ। ਸ੍ਰੀ ਰਾਮ ਜੀ ਨੇ ਬੜੇ ਪਿਆਰ ਸਹਿਤ ਸੀਤਾ ਨੂੰ ਆਪਣੇ ਗਲ ਨਾਲ ਲਾ ਕੇ ਨਿੱਘਾ ਸੁਆਗਤ ਕੀਤਾ। ਸਭ ਦੇਵੀ ਦੇਵਤਿਆਂ ਵਿੱਚ ਖੁਸ਼ੀ ਦਾ ਸਮੁੰਦ੍ਰ ਠਾਠਾਂ ਮਾਰ ਉੱਠਿਆ। ਆਕਾਸ਼ ਤੋਂ ਫੁੱਲਾਂ ਦੀ ਵਰਖਾ ਹੋਈ।

ਸੱਚੇ ਪਾਤਸ਼ਾਹ ਜੀ ਰਸਾਵਲ ਛੰਦ ਵਿੱਚ ਫੁਰਮਾ ਰਹੇ ਹਨ-

**ਧਸੋ ਅੱਗ ਮੱਧੰ।। ਤਬੈ ਹੋਇ ਸੁੱਧੰ।।**

**ਲਈ ਮਾਨ ਸੀਸੰ।। ਰਚਯੋ ਪਾਵਕੀਸੰ।।**
**ਗਈ ਪੈਠ ਐਸੇ।। ਘਨੰ ਬਿੱਜ ਜੈਸੇ।।**
**ਸ੍ਰੁਤੰ ਜੇਮ ਗੀਤਾ।। ਮਿਲੀ ਤੇਮ ਸੀਤਾ।।**
**ਧਸੀ ਜਾਇ ਕੈ ਕੈ।। ਕਢੀ ਕੁੰਦਨ ਹ੍ਵੈ ਕੈ।।**
**ਗਰੈ ਰਾਮ ਲਾਈ।। ਕਬੰ ਕ੍ਰਿਤ ਗਾਈ।।**
**ਲਈ ਜੀਤ ਸੀਤਾ।। ਮਹਾਂ ਸੁਭ੍ਰ ਗੀਤਾ।।**
**ਸਭੈ ਦੇਖ ਹਰਖੇ।। ਨਭੰ ਪੁਹਪ ਬਰਖੇ।।**

ਸ੍ਰੀ ਰਾਮ ਚੰਦਰ ਜੀ ਸੀਤਾ ਜੀ ਤੇ ਭਾਈ ਲਛਮਣ ਸਹਿਤ ਅਵਧ ਪੁਰੀ ਦੀ ਸੰਗਤ ਨੂੰ ਦਰਸ਼ਨ ਦੇਣ ਲਈ ਵਾਪਸ ਆ ਰਹੇ ਹਨ। ਸੰਗਤ ਦਰਸ਼ਨਾਂ ਦੀ ਤਾਂਘ ਵਿੱਚ ਬਿਹਬਲ ਹੋ ਕੇ ਉਸ ਘੜੀ ਦੀ ਉਡੀਕ ਕਰ ਰਹੀ ਹੈ। ਜਦੋਂ ਉਹਨਾਂ ਨੂੰ ਆਪਣੇ ਪਿਆਰੇ ਗੁਲਬਦਨ, ਗੁਲਚਿਹਰ, ਮਨਹਰਨ, ਸ੍ਰੀ ਰਾਮ ਜੀ ਦੇ ਦਰਸ਼ਨ ਹੋਣਗੇ।

**।।ਮਕਰਾ ਛੰਦ।।**

**ਸੀਅ ਲੈ ਸੀਏਸ਼ ਆਏ।। ਮੰਗਲ ਸੁ ਚਾਰ ਗਾਏ।।**
**ਆਨੰਦ ਹੀਏ ਬਢਾਏ।। ਸਹਰੋ ਅਵਧ ਜਹਾਂ ਰੇ।।**

ਪਰ ਪਿਆਰੇ ਪ੍ਰੀਤਮ ਸ੍ਰੀ ਰਾਮ ਜੀ ਦੇ ਚਰਨ ਕੰਵਲਾਂ ਵਿੱਚ ਰਹਿਣ ਦਾ ਸੁਭਾਗ ਸੀਤਾ ਜੀ ਨੂੰ ਥੋੜੇ ਚਿਰ ਲਈ ਹੀ ਮਿਲ ਸਕਿਆ। ਮਰਯਾਦਾ ਪੁਰਸ਼ੋਤਮ ਰਾਜਾ ਰਾਮ ਜੀ ਨੇ ਆਪਣੀ ਪਿਆਰੀ ਪਰਜਾ ਦੇ ਇਕ ਮਾਮੂਲੀ ਜਹੇ ਤੁੱਛ ਜੀਵ ਦੀ ਤੁੱਛ ਬਾਣੀ ਨੂੰ ਪੂਰਨ ਮਹੱਤਤਾ ਦਿੱਤੀ ਤੇ ਹੁਣ ਫਿਰ ਇਕ ਵਾਰੀ ਸੀਤਾ ਜੀ ਨੂੰ ਪਤੀ ਵਿਯੋਗ ਦੀਆਂ ਪੀੜਾਂ ਦੀਆਂ ਔਖੀਆਂ, ਨਾ ਮੁੱਕਣ ਵਾਲੀਆਂ ਘੜੀਆਂ ਦਾ ਸਾਹਮਣਾ ਕਰਨਾ ਪਿਆ। ਪਹਿਲੇ ਦਾ ਬਨਵਾਸ ਤਾਂ ਚੌਦਾਂ ਸਾਲਾਂ ਤਕ ਹੀ ਸੀਮਿਤ ਸੀ, ਪਰ ਹੁਣ ਬਨਬਾਸ ਦਾ ਅੰਤ ਕਦੋਂ ? ਨਾ ਮੁੱਕਣ ਵਾਲੇ ਅੰਤ ਦਾ ਸੀਤਾ ਜੀ ਨੂੰ ਕੁਝ ਪਤਾ ਨਹੀਂ, ਪਹਿਲਾਂ ਤਾਂ ਆਪਣੇ ਪਿਆਰੇ ਪ੍ਰੀਤਮ ਪਤੀ ਸ੍ਰੀ ਰਾਮ ਜੀ ਤੇ ਵੀਰ ਲਛਮਣ ਨਾਲ ਸਨ, ਪਰ ਹੁਣ ? ਹੁਣ ਇਕੱਲੇ ਹੀ ਸਭ ਦੁੱਖਾਂ ਮੁਸੀਬਤਾਂ ਨੂੰ ਝੱਲਣਾ ਪੈਣਾ ਹੈ। ਹਾ ਉਹ ਇਕ ਬੱਚੇ ਨੂੰ ਜਨਮ ਦੇਣ ਵਾਲੇ ਹਨ। ਪਰ ਫਿਰ ਵੀ ਸੀਤਾ ਜੀ ਇਕ ਮੂਕ, ਨਿਰੀਹ ਤਪਸਵਨੀ ਬਣਕੇ, ਧਿਆਨ ਮਗਨ ਹੋ ਕੇ, ਆਪਣੇ ਪਿਆਰੇ ਪ੍ਰਭੂ ਪ੍ਰੀਤਮ ਦੇ ਚਰਨਾਂ ਵਿੱਚ ਆਪਣੇ ਦਿਲ ਦੇ ਦੁਖੜਿਆਂ ਨੂੰ ਹਿਰਦੇ ਵਿੱਚ ਸਮੇਟਕੇ, ਜੀਵਨ ਦੇ ਪਲ ਗੁਜ਼ਾਰਨ ਲੱਗ ਪਏ। ਲਛਮਨ ਜੀ ਸੀਤਾ ਜੀ ਨੂੰ ਨਾਲ ਲੈ ਕੇ-

**ਦੀਯੋ ਰਾਮ ਸੰਗੰ ਸੁਮਿਤ੍ਰਾ ਕੁਮਾਰੰ।।**
**ਦਈ ਜਾਨਕੀ ਸੰਗ ਤਾਕੇ ਸੁਧਾਰੰ।।**

**ਜਹਾਂ ਘੋਰ ਸਾਲੰ ਤਮਾਲੰ ਬਿਕ੍ਰਾਲੰ।।**
**ਤਹਾਂ ਸੀਅ ਕੋ ਛੋਰ ਆਇਯੋ ਉਤਾਲੰ।।**

ਇਸ ਘੋਰ ਘਣੇ ਜੰਗਲ ਵਿੱਚ ਰਹਿਣ ਦੀ ਪੂਜਯ ਸੀਤਾ ਜੀ ਦੀ ਆਦਤ ਹੀ ਬਣ ਗਈ ਸੀ, ਕਿਉਂਕਿ ਸੀ ਤਕ ਨਾ ਕਰਣ ਦਾ ਵਾਅਦਾ ਤਾਂ ਉਹ ਪਹਿਲਾਂ ਹੀ ਸ੍ਰੀ ਰਾਮ ਚੰਦਰ ਜੀ ਨਾਲ ਕਰ ਚੁੱਕੇ ਸਨ ਪਰ ਬਾਲਮੀਕ ਜੀ ਨੇ ਆਪਣੀ ਪੂਰੀ ਜ਼ਿੰਮੇਵਾਰੀ ਸਮਝੀ ਤੇ ਸੀਤਾ ਜੀ ਨੂੰ ਆਪਣੇ ਨਾਲ ਹੀ ਆਪਣੇ ਆਸ਼ਰਮ ਵਿੱਚ ਲੈ ਗਏ ਜਿੱਥੇ ਸੀਤਾ ਜੀ ਨੇ ਪਿਆਰੇ ਬਾਲਕ ਨੂੰ ਜਨਮ ਦਿੱਤਾ।

**।।ਭੁਜੰਗ ਪ੍ਰਯਾਤ ਛੰਦ।।**
**ਸੀਆ ਸੰਗਿ ਲੀਨੇ ਗਯੋ ਧਾਮ ਆਪੰ।।**
**ਮਨੋ ਬੱਚ ਕਰਮੰ ਦੁਰਗਾ ਜਾਪ ਜਾਪੰ।।**
**ਭਯੋ ਏਕ ਪੁੱਤ੍ਰੰ ਤਹਾਂ ਜਾਨਕੀ ਤੈਂ।।**
**ਮਨੋ ਰਾਮ ਕੀਨੋ ਦੁਤੀ ਰਾਮ ਤੇ ਲੈ।।**

ਇੱਕ ਦਿਨ ਸੀਤਾ ਜੀ ਆਪਣੇ ਪਿਆਰੇ ਬਾਲਕ ਨੂੰ ਨਾਲ ਲੈ ਕੇ ਕਿਧਰੇ ਬਾਹਰ ਗਏ। ਰਿਸ਼ੀ ਬਾਲਮੀਕ ਜੀ ਬਾਲਕ ਦਾ ਪਾਲਣਾ ਖਾਲੀ ਵੇਖ ਕੇ ਚਿੰਤਾਤੁਰ ਹੋ ਉਠੇ, ਕਿ ਜਾਨਕੀ ਨੰਦਨ ਕਿਧਰ ਗਾਇਬ ਹੋ ਗਿਆ ਹੈ ਤੇ ਉਸ ਵੇਲੇ ਹੀ-

**।।ਭੁਜੰਗ ਪ੍ਰਯਾਤ ਛੰਦ।।**
**ਕੁਸ਼ਾ ਹਾਥ ਲੈ ਕੇ ਰਚਯੋ ਏਕ ਬਾਲੰ।।**
**ਤਿਸੀ ਰੂਪ ਰੰਗੰ ਅਨੂਪੰ ਉਤਾਲੰ।।**
**ਫਿਰੀ ਕਾਇ ਸੀਤਾਕਹਾ ਆਨ ਦੇਖਯੋ।।**
**ਵੁਹੀ ਰੂਪ ਬਾਲੰ ਸੁਪਾਲੰ ਬਸੇਖਯੋ।।**
**ਕਿੰਪਾ ਮਨੋ ਰਾਜੰ ਘਨੀ ਜਾਨ ਦਾਨੋ।।**
**ਦੁਤੀ ਪੁੱਤ੍ਰ ਤਾਤੇ ਕ੍ਰਿਪਾ ਜਾਨ ਕੀਨੋ।।**

ਪੂਜਯ ਸੀਤਾ ਜੀ ਦੇ ਦੋਵੇਂ ਪੁੱਤਰ ਲਵ ਤੇ ਕੁਸ਼ ਬਾਲਮੀਕ ਜੀ ਦੀ ਛਤਰ ਛਾਂ ਹੇਠ ਪਲ ਕੇ ਮਹਾਨ ਵੀਰ ਯੋਧਾ ਬਣ ਗਏ। ਇੱਥੋਂ ਤਕ ਕਿ ਲਛਮਣ ਜੀ ਨੂੰ ਮੂਰਛਾ ਕਰਨ ਦੀ ਸਮਰੱਥਾ ਰੱਖਦੇ ਸਨ। ਹੋਰ ਤੇ ਹੋਰ ਸ੍ਰੀ ਰਾਮ ਚੰਦਰ ਜੀ ਦਾ ਵੀ ਡੱਟ ਕੇ ਮੁਕਾਬਲਾ ਕੀਤਾ। ਜਦੋਂ ਸ੍ਰੀ ਰਾਮ ਚੰਦਰ ਜੀ ਇਹਨਾਂ ਬੱਚਿਆਂ ਦਾ ਮੁੱਖ ਨਿਹਾਰਦੇ ਹਨ, ਉਹਨਾਂ ਵਿੱਚ ਆਪਣਾ ਰੂਪ ਹੀ ਦਿਸ ਆਉਂਦਾ ਹੈ। ਤੇ ਫਿਰ ਬਾਲਕਾਂ ਕੋਲੋਂ ਪੁੱਛਦੇ ਹਨ-

**।।ਦੋਹਰਾ।।**
**ਕਵਨ ਤਾਤ ਬਾਲਕ ਤੁਮੈ ਕਵਨ ਤਿਹਾਰੀ ਮਾਇ।।**

ਤੇ ਬਾਲਕ ਉਤੱਰ ਦਿੰਦੇ ਹਨ,

**।।ਮਕਰਾ ਛੰਦ।।**

**ਮਿਥਲਾ ਪੁਰ ਰਾਜਾ।। ਜਨਕ ਸੁਭਾਜਾ।।**
**ਤਿਹ ਸਿਸ ਸੀਤਾ।। ਅਤ ਸੁਭ ਗੀਤਾ।।**
**ਸੋ ਬਨ ਆਏ।। ਤਿਹ ਹਮ ਜਾਏ।।**
**ਹੈਂ ਦੁਇ ਭਾਈ।। ਸੁਨਿ ਰਘੁਰਾਈ।।**
**ਰਘੁਬਰ ਜਾਨੀ।। ਚਿਤ ਪਹਿਚਾਨੀ।।**
**ਮੁੱਖ ਨ ਬਖਾਨੀ।।**

ਸ੍ਰੀ ਰਾਮ ਜੀ ਨੇ ਵੀ ਇਹਨਾਂ ਬਾਲਕਾਂ ਨੂੰ ਆਪਣਾ ਪੂਰਾ ਪ੍ਰਾਕ੍ਰਮ ਵਿਖਾਉਣ ਦਾ ਅਵਸਰ ਦਿੱਤਾ। ਵੀਰ ਮਾਤਾ ਦੇ ਵੀਰ ਬਾਲਕਾਂ ਨੇ-

**।।ਮਕਰਾ ਛੰਦ।।**

**ਜਬ ਪ੍ਰਭ ਮਾਰੇ।।ਸਭ ਦਲ ਹਾਰੇ।।**
**ਬਹੁ ਬਿਧਿ ਭਾਗੇ।।ਦੁਐ ਸਿਸ ਆਗੇ।।**

ਜਦੋਂ ਸੀਤਾ ਜੀ ਨੂੰ ਇਹ ਸਭ ਕੁਛ ਪਤਾ ਲੱਗਾ ਤਾਂ ਉਹ ਇਹ ਸਭ ਕੁਛ ਕਿਵੇਂ ਸਹਾਰ ਸਕਦੇ ਸਨ-

**ਦੇਖ ਸੀਆ ਪਤ ਮੁਖ ਰੋ ਦੀਨਾ।।**
**ਕਹਯੋ ਪੂਤ ਬਿਧਵਾ ਮੁਹਿ ਕੀਨਾ।।**

ਸੀਤਾ ਜੀ ਆਪਣੇ ਪਿਆਰੇ ਪਤੀ ਰਾਮ ਜੀ ਬਿਨਾ ਕਿਸ ਤਰ੍ਹਾਂ ਜੀਵਤ ਰਹਿ ਸਕਦੇ ਸਨ। ਖੁਦ ਪਤੀ ਨਾਲ ਜਲ ਜਾਣ ਦਾ ਫੈਸਲਾ ਕਰ ਲਿਆ।

**।।ਚੌਪਈ।।**

**ਅਬ ਮੋਕਉ ਕਾਸਟ ਦੇ ਆਨਾ।।**
**ਜਰਉ ਲਾਗਿ ਪਤਿ ਹੋਊਂ ਮਸਾਨਾ।।**
**ਸੁਨਿ ਮੁਨਿ ਰਾਜ ਬਹੁਤ ਬਿਧ ਹੋਏ।।**
**ਇਨ ਬਾਲਨ ਹਮਰੇ ਸੁਖ ਖੋਏ।।**

ਬੱਚਿਆ ਨੂੰ ਉਹਨਾ ਦੇ ਕੀਤੇ ਤੇ ਕੋਸ ਰਹੇ ਹਨ। ਜਦੋਂ ਸੀਤਾ ਜੀ ਜਲਣ ਲਈ ਤਿਆਰ ਹੋਏ ਤਾ-

**ਜਬ ਸੀਤਾ ਤਨ ਰਹਾ ਕਿ ਕਾਢੂੰ।।**
**ਜੋਗ ਅਗਨਿ ਉਪਰਾਜ ਸੁ ਛਾਡੂੰ।।**
**ਤਬ ਇਮ ਭਈ ਗਗਨ ਤੇ ਬਾਨੀ।।**
**ਕਹਾ ਭਈ ਸੀਤਾ ਤੈ ਇਯਾਨੀ।।**

ਤੇ ਫਿਰ ਇਕ ਦਮ ਇਯਾਨੀ ਸੀਤਾ ਜੀ ਨੇ ਸੋਚਿਆ-

।।ਦੋਹਰਾ।।
ਜਉ ਮਨ ਬਚ ਕਰਮਨ ਸਹਿਤ ਰਾਮ ਬਿਨਾ ਨਹੀਂ ਅਉਰ।।
ਤਉ ਏ ਰਾਮ ਸਹਿਤ ਜੀਐ ਕਹਯੋ ਸੀਆ ਤਿਹ ਠਉਰ।।
।।ਅਰੂਪਾ ਛੰਦ।।
ਸੀਆ ਆਨੀ।। ਜਗੰ ਰਾਨੀ।।
ਧਰਮ ਧਾਨੀ।। ਸਤੀ ਮਾਨੀ।।
ਮਨ ਭਾਈ।। ਉਰੰ ਲਾਈ।।
ਸਤੀ ਜਾਨੀ।। ਮਨੈ ਮਾਨੀ।।

ਸ੍ਰੀ ਰਾਮ ਜੀ ਨੇ ਪੂਰਨ ਰੂਪ ਵਿੱਚ ਸਤੀ ਮੰਨਿਆ ਤੇ ਸਵੀਕਾਰ ਕੀਤਾ। ਆਪਣੇ ਦੋਨੋਂ ਬੱਚਿਆਂ ਸਮੇਤ ਸ੍ਰੀ ਰਾਮ ਜੀ ਤੇ ਸਤੀ ਸੀਤਾ ਜੀ ਅਯੁੱਧਿਆ ਪੁਰੀ ਵਾਪਸ ਆ ਗਏ।

।।ਦੋਹਰਾ।।
ਬਹੁ ਬਿਧਿ ਸੀ ਅਹਿ ਸਮੋਧ ਕਰ ਚਲੇ ਅਜੁਧਿਆ ਦੇਸ।।
ਲਵ ਕੁਸ਼ ਦੋਉ ਪੁਤ੍ਰਨਿ ਸਹਿਤ ਸ੍ਰੀ ਰਘੁਬੀਰ ਨਰੇਸ਼।।
।।ਚੌਪਈ।।
ਬਹੁਤ ਭਾਂਤਿ ਕਰ ਸਿਸਨ ਸਮੋਧਾ।।
ਸੀਯ ਰਘੁਬੀਰ ਚਲੇ ਪੁਰ ਅਉਧਾ।।
ਅਨਿਕ ਬੇਖ ਸੇ ਸ਼ਸਤ੍ਰ ਸੁਹਾਏ।।
ਜਾਨਤ ਤੀਨ ਰਾਮ ਬਨ ਆਏ।।

ਸਤੀ ਸੀਤਾ ਜੀ ਦੇ ਕਸ਼ਟ, ਦੁੱਖ, ਪੀੜਾਂ ਸ੍ਰੀ ਰਾਮ ਚੰਦਰ ਜੀ ਦੇ ਚਰਨਾਂ ਵਿੱਚ ਆ ਕੇ ਖਤਮ ਹੋ ਗਏ-

ਬਹੁਰ ਆਨ ਸੀਤਾ ਪਗ ਪਰੀ।।
ਮਿਟ ਗਈ ਤਹੀਂ ਦੂਖਨ ਕੀ ਘਰੀ।।

ਪਰ ਦੁਖਾਂ ਦਾ ਅੰਤ ਹਾਲਾਂ ਨਹੀਂ ? ਇੱਕ ਦਿਨ ਸੀਤਾ ਜੀ ਆਪਣੀਆਂ ਸਖੀਆਂ ਵਿੱਚ ਬੈਠੇ ਸਨ। ਸਖੀਆਂ ਨੇ ਸੀਤਾ ਕੋਲੋਂ ਪੁੱਛਿਆ ਕਿ ਰਾਵਣ ਕਿਸ ਤਰ੍ਹਾਂ ਦੀ ਸ਼ਕਲ ਦਾ ਸੀ। ਸੀਤਾ ਜੀ ਨੇ ਚਿੱਤਰ ਬਣਾ ਕੇ ਆਪਣਾ ਭਾਵ ਪ੍ਰਗਟ ਕੀਤਾ।

।।ਚੌਪਈ।।
ਏਕ ਦਿਵਸ ਜਾਨਕਿ ਤ੍ਰਿਯ ਸਿਖਾ।।
ਭੀਤ ਭਏ ਰਾਵਣ ਕਹ ਲਿਖਾ।।
ਜਬ ਰਘੁਬਰ ਤਿਹ ਆਨ ਨਿਹਾਰਾ।।
ਕਛੁਕ ਕੋਪ ਇਸ ਬਚਨ ਉਚਾਰਾ।।

।।ਰਾਮ ਬਾਚ ਮਨ ਮੈ।।ਚੌਪਈ।।
ਯਾਕੋ ਕਛੁ ਰਾਵਣ ਸੋ ਹੇਤਾ।।
ਤਾਤੇ ਚਿੱਤ੍ਰ ਚਿੱਤ੍ਰ ਕੈ ਦੇਖਾ।।
ਬਚਨ ਸੁਨਤ ਸੀਤਾ ਭਈ ਰੋਖਾ।।
ਪ੍ਰਭ ਮੁਹਿ ਅਜਹੂੰ ਲਗਾਵਤ ਧੋਖਾ।।

ਸ੍ਰੀ ਰਾਮ ਜੀ ਮਨ ਹੀ ਮਨ ਅੰਦਰ ਸੰਦੇਹ ਕਰਦੇ ਹਨ ਕਿ ਸੀਤਾ ਜੀ ਨੂੰ ਰਾਵਣ ਨਾਲ ਜ਼ਰੂਰ ਕੁਝ ਹੇਤ ਹੈ, ਇਸ ਲਈ ਸੀਤਾ ਜੀ ਰਾਵਣ ਦੇ ਚਿੱਤਰ ਬਣਾ ਕੇ ਵੇਖ ਰਹੇ ਹਨ। ਸ੍ਰੀ ਰਾਮ ਚੰਦਰ ਜੀ ਦੇ ਅੰਤਹਕਰਣ ਦੇ ਵਿਚਾਰਾਂ ਨੂੰ ਅੰਤਰਜਾਮੀ ਸੀਤਾ ਜੀ ਨੇ ਪੜ੍ਹ ਲਿਆ। ਉਹ ਦੁਨੀਆ ਦੀ ਕਠਿਨ ਤੋਂ ਕਠਿਨ ਔਕੜ ਦਾ ਸਾਹਮਣਾ ਤਾਂ ਕਰ ਸਕਦੇ ਹਨ, ਜਿਵੇਂ ਕਿ ਉਹਨਾਂ ਦੇ ਅਮਲੀ ਜੀਵਨ ਤੋਂ ਸਪਸ਼ਟ ਵੀ ਹੈ। ਪਰ ਸ੍ਰੀ ਰਾਮ ਜੀ ਉਹਨਾਂ ਤੇ ਸੰਦੇਹ ਕਰਨ, ਇਹ ਤਾਂ ਮਰਨ ਵਾਲੀ ਗੱਲ ਹੋਈ। ਉਹਨਾਂ ਨੂੰ ਹੁਣ ਜਿਊਣ ਦਾ ਕੋਈ ਹੱਕ ਨਹੀਂ। ਪਰਮ ਪਵਿੱਤਰ ਨਿਰਦੋਸ਼ ਸਤੀ ਸੀਤਾ ਜੀ ਨੇ ਆਪਣੇ ਅੰਤਹਕਰਣ ਨੂੰ ਪੁਕਾਰਿਆ-

।।ਦੋਹਰਾ।।
ਜਉ ਮੇਰੇ ਬਚ ਕਰਮ ਕਰਿ ਹ੍ਰਿਦੈ ਬਸਤ ਰਘੁਰਾਇ।।
ਪ੍ਰਿਥੀ ਪੈਡ ਮੁਹਿ ਦੀਜੀਐ ਲੀਜੈ ਮੋਹਿ ਮਿਲਾਇ।।
ਚੌਪਈ।।
ਸੁਨਤ ਬਚਨ ਧਰਤੀ ਫਟ ਗਈ।।
ਲੋਪ ਸੀਅ ਤਿਹ ਭੀਤਰ ਭਈ।।
ਚੱਕ੍ਰਿਤ ਰਹੇ ਨਿਰਖ ਰਘੁਰਾਈ।।
ਰਾਜ ਕਰਨ ਕੀ ਆਸ ਚੁਕਾਈ।।

ਧਰਤੀ ਤਾਂ ਸੀਤਾ ਜੀ ਦੇ ਦੁਖੜੇ ਨਾ ਸਹਾਰ ਸਕੀ ਧਰਤੀ ਫਟ ਗਈ ਤੇ ਸੀਤਾ ਜੀ ਹਮੇਸ਼ਾ ਹਮੇਸ਼ਾ ਲਈ ਧਰਤੀ ਮਾਂ ਦੀ ਗੋਦ ਵਿੱਚ ਸਮਾ ਗਏ। ਸਾਰੇ ਦੁੱਖਾਂ ਦਾ ਅੰਤ ਹੋ ਗਿਆ। ਪਰ ਹੁਣ ਸ੍ਰੀ ਰਾਮ ਜੀ ਸੀਤਾ ਜੀ ਦਾ ਵਿਯੋਗ ਸਹਿਨ ਨਾ ਕਰ ਸਕੇ ਅਤੇ ਆਪਣਾ ਸਰੀਰ ਤਿਆਗਣ ਦਾ ਫੈਸਲਾ ਕਰ ਲਿਆ-

।।ਦੋਹਰਾ।।
ਇੰਦ੍ਰ ਮਤੀ ਹਿਤ ਅਜ ਨ੍ਰਿਪਤ ਜਿਮ ਗ੍ਰਿਹ ਤਜ ਲੀਅ ਜੋਗ।।
ਤਿਮ ਰਘੁਬਰ ਤਨ ਕੋ ਤਜਾ ਸ੍ਰੀ ਜਾਨਕੀ ਬਿਯੋਗ।।

ਤੇ ਇਧਰ ਪਰਮ ਪੂਜਯ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਵਿਦਵਤਾ ਭਰੀ ਕਲਮ ਰਾਹੀਂ, ਮਾਤਾ ਸੀਤਾ ਜੀ ਦੀ ਸਖਸ਼ੀਅਤ ਪੂਰਨ ਰੂਪ

ਵਿੱਚ ਉਘੜ ਕੇ ਅਮਰਤਵ ਦੀਆਂ ਸਿਖਰਾਂ ਨੂੰ ਛੋਹ ਰਹੀ ਹੈ। ਉਹਨਾਂ ਦੇ ਮਹਾਨ ਆਦਰਸ਼ ਚਾਨਣ ਮੁਨਾਰਾ ਬਣ ਗਏ ਹਨ, ਤੇ ਉਸ ਪ੍ਰਕਾਸ਼ ਦੀਆਂ ਕਿਰਨਾਂ ਅਜੇ ਤਕ ਵੀ ਅਣਗਿਣਤ ਹਿਰਦਿਆਂ ਨੂੰ ਪ੍ਰਕਾਸ਼ਿਤ ਕਰਕੇ ਝੰਜੋੜ ਰਹੀਆਂ ਹਨ, ਉਹਨਾਂ ਦੀ ਪਵਿੱਤਰ ਪਾਵਨ ਪਤੀਵਰਤਾ ਧਰਮ ਦੀ ਮਰਯਾਦਾ ਦੀ ਸੁਗੰਧੀ ਅਜੇ ਵੀ ਮਨ ਨੂੰ ਮੰਤਰ ਮੁਗਧ ਤੇ ਸੁਗੰਧਮਈ ਬਣਾ ਰਹੀ ਹੈ। ਸਬਰ, ਸੰਤੋਖ, ਬਲਿਦਾਨ, ਤਿਆਗ, ਧੀਰਜ, ਖਿਮਾਂ ਦੀਆਂ ਉਲੀਕੀਆਂ ਲੀਹਾਂ ਅੱਜ-ਕਲ੍ਹ ਦੀ ਆਧੁਨਿਕ ਨਾਰੀ ਨੂੰ ਪ੍ਰੇਰਿਤ ਕਰ ਰਹੀਆਂ ਹਨ। ਆਓ ਜ਼ਰਾ ਦੋ ਘੜੀ ਆਪਣੀ ਬੁੱਕਲ ਵਿੱਚ ਝਾਤੀ ਮਾਰ ਕੇ ਆਪਣੇ ਆਪ ਨੂੰ ਝੰਜੋੜੀਏ ਕਿ ਅਸੀਂ ਕਿਸ ਪੱਧਰ ਤੇ ਹਾਂ। ਅਸੀਂ ਆਪਣੇ ਪਤੀਵ੍ਰਤ ਧਰਮ ਦਾ ਕਿੰਨਾ ਕੁ ਪਾਲਣ ਕਰ ਰਹੇ ਹਾਂ।

ਪੂਜਯ ਮਾਤਾ ਸੀਤਾ ਜੀ ਦੇ ਪਾਏ ਪੂਰਨੇ ਸਾਨੂੰ ਭੁੱਲ ਗਏ ਲੱਗਦੇ ਹਨ। ਪਤੀ ਪਤਨੀ ਦੇ ਵਿਚਾਰਾਂ ਦੀ ਅਸਹਿਮਤੀ ਜ਼ਰਾ ਕੁ ਹੋਈ ਨਹੀਂ, ਲੜਾਈ, ਝਗੜੇ ਸ਼ੁਰੂ। ਸਵਰਗਮਈ ਪਰਿਵਾਰ ਦੀ ਸੁਖ ਸ਼ਾਂਤੀ ਸਮਾਪਤ, ਕਿਉਂਕਿ ਜਲਦੀ ਹੀ ਇਕ ਦੂਜੇ ਨੂੰ ਤਿਆਗਣ ਦਾ ਫੈਸਲਾ ਹੋ ਜਾਂਦਾ ਹੈ। ਪੂਜਯ ਮਾਤਾ ਸੀਤਾ ਜੀ ਨਿਰਭੈ, ਨਿਡਰ, ਦਲੇਰ, ਬਹਾਦੁਰ ਵੀਰਾਂਗਣ ਸਨ। ਇਸ ਲਈ ਸਾਰੇ ਕਸ਼ਟ ਖੁਸ਼ੀ ਖੁਸ਼ੀ ਝੱਲਦੇ 'ਸੀ' ਤਕ ਨਾ ਕਰਨ ਦਾ ਵਾਅਦਾ ਕਰਦੇ ਹਨ। ਸ਼ੇਰ, ਸੱਪ, ਬਘਿਆੜਾਂ ਦਾ ਡਰ ਕਿਸ ਨੂੰ ? ਤੇ ਅੱਜ ਨਿੱਕੀ ਜਹੀ ਚੂਹੀ ਵੀ ਸਾਨੂੰ ਡਰਾ ਸਕਦੀ ਹੈ। ਕੀ ਆਧੁਨਿਕ ਨਾਰੀ ਦੀ ਸਖਸ਼ੀਅਤ ਐਨੀ ਅਧਿਆਤਮਕ ਸ਼ਿਖਰਾਂ ਦੀ ਛੋਹ ਨੂੰ ਪ੍ਰਾਪਤ ਕਰ ਸਕਦੀ ਹੈ, ਕਿ ਉਹ ਅਜੋਕੇ ਯੁੱਗ ਵਿੱਚ ਆਪਣੇ ਚਰਿੱਤਰ ਦਾ ਨਿਰਮਾਣ ਸੀਤਾ ਜੀ ਦੇ ਆਦਰਸ਼ਾਂ ਅਨੁਸਾਰ ਕਰ ਸਕੇ। ਘੋਰ ਜੰਗਲਾਂ ਵਿੱਚ ਸੁਕੁਮਾਰ ਸੀਤਾ ਜੀ ਨੇ ਵੀਰ ਬਾਲਕਾਂ ਨੂੰ ਜਨਮ ਦੇ ਕੇ ਨਿਰਭੈ, ਦਲੇਰ, ਬਹਾਦੁਰ, ਵੀਰ, ਪਰਾਕਰਮੀ ਯੋਧਾ ਇਸ ਪਧੱਰ ਤਕ ਬਣਾ ਦਿੱਤਾ, ਕਿ ਉਹ ਲਛਮਣ ਜੀ ਤੇ ਸ੍ਰੀ ਰਾਮ ਚੰਦਰ ਜੀ ਨੂੰ ਮੂਰਛਾ ਕਰਨ ਦੀ ਸਮਰੱਥਾ ਰੱਖਦੇ ਸਨ, ਤੇ ਆਓ ਅੱਜ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਵੇਖੀਏ ਕਿ ਅਸੀਂ ਕਿਨੇ ਕੁ ਲਵ, ਕੁਸ਼ ਪੈਦਾ ਕੀਤੇ ਹਨ ? ਸੀਤਾ ਜੀ ਨੇ ਇਕੱਲੇ ਹੀ ਗਰਭਾਵਸਥਾ ਵਿੱਚ ਜੰਗਲਾਂ ਦੀ ਕਠੋਰਤਾ ਤੇ ਭਿਆਨਕਤਾ ਦਾ ਸਾਹਮਣਾ ਕੀਤਾ ਪਰ ਕੀ ਅਸੀਂ ਜੀਵਨ ਦੇ ਸਾਰੇ ਸੁਖਾਂ ਦੀ ਉਪਲਬਧੀ ਹੁੰਦਿਆਂ ਹੋਇਆਂ ਵੀ ਸੀਤਾ ਜੀ ਦੀ ਸਖਸ਼ੀਅਤ ਦਾ ਅਨੁਸਰਣ ਕਰ ਸਕਦੇ ਹਾਂ ?

# 2

# ਸ਼ਬਰੀ

## *ਉਡੀਨੀ ਉਡੀਨੀ ਉਡੀਨੀ*

ਪੂਜਯ ਮਾਤਾ ਸ਼ਬਰੀ ਦੇ ਨਾਮ ਦਾ ਸਿਮਰਨ ਕਰਦਿਆਂ ਹੀ, ਅਸੀ ਤ੍ਰੇਤੇ ਯੁੱਗ ਵਿੱਚ ਪਹੁੰਚ ਜਾਂਦੇ ਹਾਂ। ਉਹ ਭਾਵੇਂ ਆਧੁਨਿਕ ਯੁੱਗ ਦੇ ਨਹੀ, ਪਰ ਉਹਨਾਂ ਦੀਆਂ ਅਧਿਆਤਮਕ ਪ੍ਰਾਪਤੀਆਂ, ਉਹਨਾਂ ਦੇ ਆਪਣੇ ਪਿਆਰੇ ਗੁਰੂ ਮਤੰਗ ਦੇ ਚਰਨਾਂ ਨਾਲ ਅਥਾਹ, ਅਸੀਮ ਪਿਆਰ, ਆਸਥਾ, ਨਿਸਵਾਰਥ ਭਗਤੀ ਅਤੇ ਆਪਣੇ ਸੁਨਿਸ਼ਚਿਤ ਇਸ਼ਟ ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨਾਂ ਦੇ ਸੁਭਾਗ ਨੇ ਅਮਰ ਕਰ ਦਿੱਤਾ। ਅੱਜ ਕਲਿਜੁਗ ਦੇ ਵਿੱਚ ਵਿਚਰ ਰਹੇ ਜੀਵ ਮਾਤਾ ਸ਼ਬਰੀ ਨੂੰ ਯਾਦ ਕਰਕੇ, ਉਹਨਾ ਦੇ ਚਰਨਾਂ ਵਿੱਚ ਸ਼ਰਧਾ ਦੇ ਫੁੱਲ ਚੜ੍ਹਾਉਂਦੇ ਹਨ ਅਤੇ ਕ੍ਰਿਤ ਕ੍ਰਿਤਯ ਹੋ ਉਠਦੇ ਹਨ। ਉਹਨਾਂ ਦੇ ਨਿਸਵਾਰਥ ਪ੍ਰੇਮਾ ਭਗਤੀ ਨੂੰ ਯਾਦ ਕਰਕੇ, ਨਤਮਸਤਕ ਹੋ ਕੇ ਬੁੱਲ੍ਹ ਆਪਣੇ ਆਪ ਕਹਿ ਉਠਦੇ ਹਨ 'ਧੰਨ ਮਾਤਾ ਸ਼ਬਰੀ'! ਧੰਨ ਹੈ ਉਹਨਾਂ ਦਾ ਤਿਆਗ, ਬਲਿਦਾਨ ! ਧੰਨ ਹੈ ਉਹਨਾਂ ਦੀ ਗੁਰੂ ਉੱਤੇ ਅਪਾਰ ਸ਼ਰਧਾ ਅਤੇ ਆਪਣੇ ਪਿਆਰੇ ਰਾਮ ਜੀ ਦੇ ਚਰਨਾਂ ਨਾਲ ਡੂੰਘੀ ਪ੍ਰੀਤ।

ਸ਼ਬਰੀ ਬਚਪਨ ਤੋਂ ਹੀ ਬੜੇ ਦਿਆਲੂ, ਕੋਮਲ ਅਤੇ ਨਿਮ੍ਰ ਸੁਭਾਅ ਦੀ ਸੀ। ਇਸ ਜਗਤ ਵਿੱਚ ਵਿਚਰ ਰਹੇ ਹਰ ਪ੍ਰਾਣੀ, ਜੀਵ ਜੰਤ ਵਿੱਚ ਉਸ ਅਕਾਲ ਪੁਰਖ ਪ੍ਰਭੂ ਦੀ ਹੋਂਦ ਨਿਹਾਰਦੀ। ਉਹ ਕਿਸੇ ਦੀ ਦੁੱਖ, ਪੀੜਾ, ਦਰਦ ਨੂੰ ਸਹਾਰ ਨਹੀ ਸੀ ਸਕਦੀ। ਉਹ ਘਰ ਦੇ ਇੱਕ ਕੋਣੇ ਵਿੱਚ ਬਹਿ ਕੇ ਸੋਚਦੀ—ਕਿੰਨੇ ਮੂਕ, ਕਿੰਨੇ ਨਿਰੀਹ ਹਨ, ਉਸ ਪ੍ਰਭੂ ਦੇ ਬਣਾਏ ਹੋਏ ਪਸ਼ੂ, ਪੰਛੀ ਅਤੇ ਜਾਨਵਰ। ਉਹਨਾਂ ਦੇ ਹਿਰਦੇ ਦੀ ਵਿਅਥਾ ਨੂੰ ਮਨੁੱਖ ਨਹੀਂ ਸਮਝ ਸਕਦਾ। ਪੰਛੀ ਰੁੱਖ ਉੱਤੇ ਬੈਠੇ ਹੋਏ ਕਿੰਨੇ ਸੁਹਣੇ ਲੱਗਦੇ ਹਨ। ਉਹਨਾਂ ਦੇ ਮੂੰਹੋਂ ਨਿਕਲੀਆਂ ਹੋਈਆਂ ਆਵਾਜ਼ਾਂ ਕਿੰਨੀਆਂ ਮਧੁਰ ਹਨ, ਮਿੱਠੀਆ ਹਨ ! ਇੰਝ ਲਗਦਾ ਹੈ ਓਹ ਆਪਣੀਆਂ ਭਾਂਤ-ਭਾਂਤ ਦੀਆਂ ਬੋਲੀਆਂ ਰਾਹੀਂ ਉਸ ਅਕਾਲ ਪੁਰਖ ਪ੍ਰਭੂ ਦੇ ਗੀਤ ਗਾਉਂਦੇ ਹਨ। ਮਨੁੱਖ ਇਹ ਸਭ ਕੁਝ ਨਹੀਂ ਸਹਾਰ ਸਕਦਾ। ਇਸੇ ਲਈ, ਉਹ ਸ੍ਵਛੰਦ ਵਿਚਰ ਰਹੇ ਜੀਵਾਂ ਨੂੰ ਨਿਸ਼ਾਨਾ ਬਣਾ ਕੇ ਮਾਰ ਮੁਕਾਉਂਦਾ ਹੈ, ਅਤੇ ਆਪਣਾ ਭੋਜਨ ਬਣਾ ਕੇ ਪੇਟ ਦੀ ਪਾਲਣਾ ਕਰਦਾ ਹੈ। ਜੰਗਲ ਵਿੱਚ ਵਿਚਰ ਰਹੇ ਜਾਨਵਰ

ਮਨੁੱਖ ਦੇ ਜ਼ੁਲਮਾਂ ਦਾ ਸ਼ਿਕਾਰ ਬਣਦੇ ਹਨ। ਉਹ ਉਹਨਾਂ ਉੱਤੇ ਨਿਰਮੋਹੀ ਹੋ ਕੇ ਅੱਤਿਆਚਾਰ ਕਰਦਾ ਹੈ, ਅਤੇ ਜਾਨਵਰਾਂ ਨੂੰ ਮਾਰ ਕੇ ਆਪਣੀ ਜੀਵਕਾ ਦਾ ਸਾਧਨ ਬਣਾਉਂਦਾ ਹੈ। ਲਾਹਨਤ ਹੈ ਇਹੋ ਜਿਹੀ ਕਮਾਈ ਨੂੰ।

ਸ਼ਬਰੀ ਦੀਆਂ ਅੱਖਾਂ ਦੇ ਸਾਹਮਣੇ ਲਹੂ ਲੁਹਾਨ ਜਾਨਵਰਾਂ, ਪੰਛੀਆਂ ਦੀਆਂ ਤਸਵੀਰਾਂ ਘੁੰਮਦੀਆਂ ਰਹਿੰਦੀਆਂ ਹਨ। ਉਹ ਵਿਆਕੁਲ ਹੋ ਉਠਦੀ, ਉਸਦੇ ਕੋਮਲ ਹਿਰਦੇ ਅੰਦਰ ਕਸਕ, ਪੀੜਾ ਉਠਦੀ ਅਤੇ ਉਸਦੀਆਂ ਅੱਖੀਆਂ ਅੱਥਰੂਆਂ ਨਾਲ ਭਿੱਜ ਜਾਂਦੀਆਂ, ਉਸਦਾ ਹਿਰਦਾ ਕਰੁਣਾ ਨਾਲ ਭਰ ਜਾਂਦਾ, ਉਹ ਚਿੰਤਾਤਰ ਹੋ ਕੇ ਉਦਾਸ ਹੋ ਜਾਂਦੀ। ਉਸ ਦੇ ਮਨ ਦੀ ਇਹ ਅਵਸਥਾ ਕਈ ਘੰਟੇ ਲਗਾਤਾਰ ਰਹਿੰਦੀ। ਉਹ ਬੜੀ ਬੇਬਸ ਸੀ, ਪਰ ਇਸ ਲਈ ਕੁਝ ਵੀ ਤਾਂ ਨਹੀਂ ਸੀ ਕਰ ਸਕਦੀ। ਹਾਂ ਉਹ ਇੱਕ ਕੰਮ ਜ਼ਰੂਰ ਕਰ ਸਕਦੀ ਸੀ ਤੇ ਉਹ ਸੀ ਆਪਣੇ ਪ੍ਰਭੂ ਪਿਆਰੇ ਦੇ ਚਰਨਾਂ ਵਿੱਚ ਬੇਨਤੀਆਂ, ਤਰਲੇ ਅਤੇ ਅਰਜ਼ੋਈਆਂ।

ਸ਼ਬਰੀ ਦੇ ਮਾਤਾ ਪਿਤਾ ਨੂੰ ਉਸ ਦੇ ਵਿਆਹ ਦੀ ਚਿੰਤਾ ਹੋ ਉਠੀ ਕਿਉਂ ਕਿ ਉਸ ਦਾ ਬਚਪਨ ਬੀਤ ਚੁੱਕਿਆ ਸੀ ਅਤੇ ਉਹ ਜਵਾਨੀ ਦੀ ਦਹਿਲੀਜ਼ ਤੇ ਪੈਰ ਰੱਖ ਚੁੱਕੀ ਸੀ। ਦਿਨ-ਰਾਤ ਉਸ ਲਈ ਸੁਯੋਗ ਵਰ ਲੱਭਣ ਦੇ ਯਤਨ ਹੋਣ ਲੱਗ ਪਏ। ਆਖਰ ਇੱਕ ਦਿਨ ਉਸ ਦੇ ਮਾਤਾ ਪਿਤਾ ਨੇ ਸ਼ਬਰੀ ਲਈ ਵਰ ਲੱਭ ਹੀ ਲਿਆ। ਸ਼ਬਰੀ ਨੂੰ ਆਪਣੇ ਹੋਣ ਵਾਲੇ ਪਤੀ ਦੀ ਸ਼ੋਭਾ ਬਾਰੇ ਪਤਾ ਲੱਗਾ। ਉਹ ਬੜਾ ਕੁਸ਼ਲ ਤੀਰ ਅੰਦਾਜ਼ ਸੀ। ਉਸ ਦੀ ਤੀਰ ਚਲਾਉਣ ਵਿੱਚ ਐਨੀ ਨਿਪੁੰਨਤਾ ਸੀ, ਕਿ ਉਹ ਇੱਕ ਤੀਰ ਨਾਲ ਕਈ ਜਾਨਵਰ ਮਾਰ ਸਕਦਾ ਸੀ। ਦੌੜਦੇ ਹੋਏ ਹਿਰਨ ਉਸ ਦੇ ਤੀਰਾਂ ਦਾ ਨਿਸ਼ਾਨਾ ਬੜੀ ਆਸਾਨੀ ਨਾਲ ਬਣ ਜਾਂਦੇ। ਮੁੱਕਦੀ ਗੱਲ ਕਿ ਉਸ ਦਾ ਹੋਣ ਵਾਲਾ ਜੀਵਨ ਸਾਥੀ ਜਾਨਵਰਾਂ, ਪੰਛੀਆਂ ਨੂੰ ਮਾਰਨ ਵਿੱਚ ਨਿਪੁੰਨ ਹੋਣ ਕਰਕੇ ਇੱਕ ਬਹੁਤ ਕੁਸ਼ਲ ਸ਼ਿਕਾਰੀ ਸੀ। ਸ਼ਬਰੀ ਇਹ ਸਭ ਕੁਝ ਸਹਿਨ ਨਾ ਕਰ ਸਕੀ। ਉਸ ਨੂੰ ਆਪਣਾ ਆਉਣ ਵਾਲਾ ਭਵਿੱਖ ਬੜਾ ਅੰਧਕਾਰਮਈ ਦਿੱਸ ਰਿਹਾ ਸੀ। ਉਸ ਦੀ ਕੋਈ ਪੇਸ਼ ਨਹੀ ਸੀ ਜਾ ਰਹੀ, ਉਹ ਅਤਿਅੰਤ ਬੇਬਸ ਸੀ।

ਘਰ ਦੇ ਇੱਕ ਕੋਣੇ ਵਿੱਚ ਬਹਿ ਕੇ ਉਸ ਨੇ ਬਹੁਤ ਸੋਚਿਆ ਅਤੇ ਅੰਤ ਵਿੱਚ ਇਹ ਫੈਸਲਾ ਕਰ ਲਿਆ ਕਿ ਉਹ ਇਸ ਦੁੱਖ, ਪੀੜਾ ਭਰਪੂਰ ਜ਼ਿਦਗੀ ਤੋਂ ਦੂਰ ਬਹੁਤ ਦੂਰ ਚਲੀ ਜਾਏਗੀ। ਉਸ ਨੇ ਆਪਣੇ ਪਿਆਰੇ ਪ੍ਰਭੂ ਦੇ ਚਰਨਾਂ ਵਿੱਚ ਬੇਨਤੀਆਂ ਕੀਤੀਆਂ ਅਤੇ ਉਹਨਾਂ ਦਾ ਆਸਰਾ ਲੈ ਕੇ, ਅੱਧੀ ਰਾਤ ਵੇਲੇ, ਜਦੋਂ ਸਾਰੇ ਦੁਨਿਆਵੀ ਜੀਵ ਨੀਂਦ ਦੀ ਗੋਦ ਵਿੱਚ ਆਰਾਮ ਕਰ ਰਹੇ ਸਨ, ਹਰ ਪਾਸੇ ਸੰਨਾਟਾ ਹੀ ਸੰਨਾਟਾ ਛਾਇਆ ਹੋਇਆ

ਸੀ, ਰਾਤ ਖੂਬ ਹਨੇਰੀ ਸੀ, ਅਸਮਾਨ ਵਿੱਚ ਅੰਧਕਾਰ ਹੋਣ ਕਰਕੇ ਤਾਰੇ ਖੂਬ ਚਮਕ ਰਹੇ ਸਨ, ਕੀ ਜੀਵ, ਕੀ ਜੰਤ ਸਭ ਗਹਿਰੀ ਨੀਂਦ ਵਿੱਚ ਸੌਂ ਰਹੇ ਸਨ, ਸ਼ਬਰੀ ਦੱਬੇ ਪੈਰ, ਆਪਣੇ ਮਾਤਾ ਪਿਤਾ, ਘਰ ਪਰਵਾਰ ਨੂੰ ਛੱਡ ਕੇ ਦੂਰ ਜੰਗਲਾਂ ਨੂੰ ਚੀਰਦੀ ਹੋਈ ਅਗਾਂਹ ਵੱਧ ਰਹੀ ਸੀ ਅਤੇ ਵੱਧਦੀ ਹੀ ਜਾ ਰਹੀ ਸੀ। ਉਹ ਕਦੇ ਕਦੇ ਮੁੜ ਕੇ ਪਿਛਾਂਹ ਨੂੰ ਵੇਖ ਲੈਂਦੀ ਕਿ ਕਿਧਰੇ ਉਸ ਦੇ ਮਾਤਾ, ਪਿਤਾ ਉਸ ਦਾ ਪਿੱਛਾ ਤਾਂ ਨਹੀਂ ਕਰ ਰਹੇ। ਇਹ ਸੋਚ ਕੇ ਉਸਦੇ ਚੱਲਣ ਦੀ ਰਫਤਾਰ ਹੋਰ ਤੇਜ਼ ਹੋ ਜਾਂਦੀ ਅਤੇ ਉਹ ਇੱਕਲੀ ਹਨੇਰਿਆਂ ਨੂੰ ਚੀਰਦੀ ਹੋਈ, ਘਣੇ ਸੰਘਣੇ ਜੰਗਲਾਂ ਨੂੰ ਪਾਰ ਕਰਦੀ ਗਈ। ਉਸ ਵੇਲੇ ਉਸ ਨੂੰ ਆਪਣੇ ਤਨ ਮਨ ਦੀ ਸੁੱਧ ਨਹੀਂ ਸੀ। ਉਸ ਨੂੰ ਰਸਤੇ ਵਿੱਚ ਪਏ ਹੋਏ ਰੋੜੇ ਪੱਥਰਾਂ ਦੀ ਪਰਵਾਹ ਨਹੀਂ ਸੀ, ਨਦੀਆਂ ਪਹਾੜ ਉਸ ਦੀ ਚਾਲ ਨੂੰ ਨਹੀਂ ਸਨ ਰੋਕ ਸਕਦੇ। ਉਸ ਦੇ ਸਾਹਮਣੇ ਸੀ ਉਸ ਦਾ ਇੱਕੋ ਹੀ ਮੰਤਵ, ਅਤੇ ਉਹ ਸੀ, ਕਿ ਉਹ ਜੀਵਨ ਭਰ ਬ੍ਰਹਮਚਾਰਨੀ ਰਹਿ ਕੇ ਪ੍ਰਭੂ ਭਗਤੀ ਕਰੇ।

ਦੋ ਦਿਨ ਬੀਤ ਚੁੱਕੇ ਸਨ। ਉਹ ਆਪਣੀ ਮੰਜ਼ਿਲ ਵੱਲ੍ਹ ਅਗਾਂਹ ਵੱਧ ਰਹੀ ਸੀ। ਸੂਰਜ ਅਸਮਾਨ ਵਿੱਚ ਪ੍ਰਾਤਕਾਲ ਦੀ ਲਾਲੀ ਬਿਖੇਰ ਰਿਹਾ ਸੀ, ਜੰਗਲ ਵਿੱਚ ਰੁੱਖਾਂ ਅਤੇ ਪੌਦਿਆਂ ਦੇ ਪੱਤਿਆਂ ਉੱਤੇ ਤ੍ਰੇਲ ਪਈ ਹੋਈ ਸੀ, ਸ਼ਬਰੀ ਪੰਪਾਸਰ ਨਾਮਕ ਸਥਾਨ ਤੇ ਪਹੁੰਚੀ। ਉਹ ਖੂਬ ਥੱਕੀ ਹੋਈ ਸੀ, ਭੁੱਖੀ ਪਿਆਸੀ ਇੱਕ ਪਾਸੇ ਬੈਠ ਕੇ ਵਿਸ਼ਰਾਮ ਕਰਨ ਲੱਗੀ, ਜਦੋਂ ਉਸ ਨੂੰ ਉੱਥੋਂ ਲੰਘ ਰਹੇ ਕੁਝ ਸੰਤਾਂ, ਸਾਧੂਆਂ, ਮੁਨੀਆਂ ਦੇ ਦਰਸ਼ਨ ਹੋਏ। ਦਰਸ਼ਨ ਕਰ ਕੇ ਉਹਨਾਂ ਦੇ ਮਨ ਨੂੰ ਅਕਹਿ ਸ਼ਾਂਤੀ ਦਾ ਅਨੁਭਵ ਹੋਇਆ। ਮਨ ਨੂੰ ਇੱਕ ਅਨੋਖੇ ਸੁਖ ਦਾ ਅਹਿਸਾਸ ਹੋਇਆ। ਉਸ ਨੂੰ ਇੰਝ ਪ੍ਰਤੀਤ ਹੋਇਆ, ਜਿਵੇਂ ਉਹ ਆਪਣੀ ਮੰਜ਼ਿਲ ਤੇ ਆਣ ਪਹੁੰਚੀ ਹੋਵੇ। ਰਿਖੀ ਮੁਨੀਆਂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਕਰਕੇ ਉਹ ਆਪਣੇ ਪਿਆਰੇ ਰੱਬ ਦਾ ਦਰਸ਼ਨ ਜ਼ਰੂਰ ਕਰ ਲਏਗੀ। ਉਸ ਨੇ ਫੈਸਲਾ ਕਰ ਲਿਆ, ਕਿ ਉਹ ਉੱਥੇ ਹੀ ਰਹੇਗੀ। ਹੁਣ ਉਸ ਦੇ ਸਾਹਮਣੇ ਇੱਕ ਸਵਾਲ ਸੀ ਕਿ ਉਹ ਤਾਂ ਨੀਵੀ ਜਾਤ ਦੀ ਹੈ, ਜੇਕਰ ਉਹ ਰਿਖੀਆਂ ਮੁਨੀਆਂ ਦੇ ਨੇੜੇ ਰਹੇਗੀ ਤਾਂ ਉਹਨਾਂ ਦਾ ਧਰਮ ਭਰਿਸ਼ਟ ਹੋ ਜਾਵੇਗਾ ਅਤੇ ਉਹ ਪਾਪ ਦੀ ਭਾਗੀ ਬਣੇਗੀ। ਇਹ ਸੋਚ ਕੇ ਉਸ ਨੇ ਰਿਖੀਆਂ ਮੁਨੀਆਂ ਦੇ ਆਸ਼ਰਮ ਤੋਂ ਦੂਰ ਇੱਕ ਛੋਟੀ ਜਿਹੀ ਕੁਟੀਆ ਬਣਾ ਲਈ ਅਤੇ ਉਸ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ।

**ਆਉ ਸਖੀ ਸੰਤ ਪਾਸਿ ਸੇਵਾ ਲਾਗੀਐ।।**
**ਪੀਸਉ ਚਰਨ ਪਖਾਰਿ ਆਪੁ ਤਿਆਗੀਐ।।**

**ਤਜਿ ਆਪੁ ਮਿਟੈ ਸੰਤਾਪੁ ਆਪੁ ਨਹ ਜਾਣਾਈਐ।।**
**ਸਰਣਿ ਗਹੀਜੈ ਮਾਨਿ ਲੀਜੈ, ਕਰੈ ਸੋ ਸੁਖੁ ਪਾਈਐ।।**
**ਕਰਿ ਦਾਸ ਦਾਸੀ ਤਜਿ ਉਦਾਸੀ,**
**ਕਰ ਜੋੜਿ ਦਿਨੁ ਰੈਣਿ ਜਾਗੀਐ।।**
**ਨਾਨਕੁ ਵਖਾਣੈ ਗੁਰ ਬਚਨਿ ਜਾਣੈ,**
**ਆਉ ਸਖੀ ਸੰਤ ਪਾਸਿ ਸੇਵਾ ਲਾਗੀਐ।।**

ਸ਼ਬਰੀ ਨੂੰ ਇਸ ਗੱਲ ਦਾ ਪੂਰਨ ਰੂਪ ਵਿੱਚ ਗਿਆਨ ਪ੍ਰਾਪਤ ਸੀ ਕਿ ਜੇਕਰ ਉਹ ਰਿਖੀਆਂ ਮੁਨੀਆਂ ਦੀ ਸੇਵਾ ਕਰੇਗੀ, ਤਾਂ ਉਸ ਨੂੰ ਆਪਣੇ ਪਿਆਰੇ ਇਸ਼ਟ ਦੇ ਦਰਸ਼ਨ ਜ਼ਰੂਰ ਹੋਣਗੇ। ਉਸ ਦੇ ਹਿਰਦੇ ਅੰਦਰ ਸੇਵਾ ਕਰਨ ਦਾ ਅਥਾਹ ਸੌਕ ਸੀ। ਇਸ ਲਈ ਉਸ ਨੇ ਰਿਖੀਆਂ ਦੇ ਆਸ਼ਰਮ ਤੋਂ ਦੂਰ ਰਹਿ ਕੇ ਵੀ, ਉਹਨਾਂ ਦੀ ਸੇਵਾ ਕਰਨੀ ਆਰੰਭ ਕਰ ਦਿੱਤੀ। ਉਸ ਦੀ ਸੇਵਾ ਨਿਸ੍ਵਾਰਥ ਸੀ, ਇਸ ਲਈ ਉਹ ਸੰਤਾਂ, ਸਾਧੂਆਂ ਦੀ ਸੇਵਾ ਲੁਕ ਛਿਪ ਕੇ ਕਰਦੀ। ਪਹਿਰ ਰਾਤ ਰਹਿੰਦੀ, ਉਹ ਜਾਗ ਪੈਂਦੀ ਅਤੇ ਮਤੰਗ ਰਿਖੀ ਦੇ ਆਸ਼ਰਮ ਦੀ ਸਫਾਈ ਕਰਦੀ। ਆਪਣੇ ਹੱਥਾਂ ਨਾਲ ਰਸਤੇ ਵਿੱਚ ਪਏ ਹੋਏ ਰੋੜੇ ਪੱਥਰ ਚੁੱਕਦੀ ਅਤੇ ਕਈ ਕਈ ਵਾਰ ਬੁਹਾਰੀ ਨਾਲ ਰਸਤੇ ਸਾਫ ਕਰਦੀ ਕਿ ਕਿਧਰੇ ਰਿਖੀਆਂ, ਮੁਨੀਆਂ ਦੇ ਚਰਨਾਂ ਵਿੱਚ ਕੋਈ ਕੰਕਰ ਨਾ ਲੱਗ ਜਾਵੇ। ਇਸ ਤੋਂ ਉਪਰੰਤ ਉਹ ਰਿਸ਼ੀਆਂ ਦੇ ਡੇਰਿਆਂ ਦੇ ਬਾਹਰ ਲੱਕੜੀਆਂ ਇੱਕਠੀਆਂ ਕਰਕੇ ਰੱਖ ਦਿੰਦੀ। ਉਸ ਦੇ ਮਨ ਵਿੱਚ ਸੇਵਾ ਕਰਨ ਦਾ ਅਥਾਹ ਸੌਕ ਸੀ, ਪਰ ਇਹ ਸੇਵਾ ਉਹ ਪਰੋਖ ਰੂਪ ਵਿੱਚ ਹੀ ਕਰਦੀ। ਰਿਖੀ, ਮੁਨੀ ਇਹ ਸਾਫ ਸਫਾਈ ਅਤੇ ਲੱਕੜੀਆਂ ਨੂੰ ਵੇਖ ਕੇ ਅਤਿਅੰਤ ਹੈਰਾਨ ਹੁੰਦੇ, ਕਿ ਇਹ ਸਭ ਕੁਝ ਕੌਣ ਕਰਦਾ ਹੈ। ਉਹਨਾਂ ਦੀ ਸਮਝ ਵਿੱਚ ਕੁਝ ਵੀ ਨਾ ਆਉਂਦਾ, ਉਹਨਾਂ ਨੂੰ ਸੇਵਾ ਕਰਨ ਵਾਲਾ ਸੇਵਾਦਾਰ ਨਾ ਲੱਭਦਾ। ਆਖਰ ਵਿੱਚ ਉਹਨਾਂ ਨੇ ਇੱਕ ਵਿਉਂਤ ਬਣਾਈ, ਕੇ ਰਿਖੀਆਂ ਦੇ ਸੇਵਕ ਰਾਤ ਨੂੰ ਵਾਰੀ ਵਾਰੀ ਜਾਗ ਕੇ ਪਹਿਰਾ ਦੇਣਗੇ ਅਤੇ ਸੇਵਾਦਾਰ ਦਾ ਪਤਾ ਜ਼ਰੂਰ ਲਾ ਲੈਣਗੇ।

ਆਖਿਰ ਇੱਕ ਦਿਨ ਸ਼ਬਰੀ ਪਕੜੀ ਹੀ ਗਈ। ਸੇਵਕਾਂ ਨੇ ਉਸ ਨੂੰ ਮਤੰਗ ਰਿਖੀ ਦੇ ਸਾਹਮਣੇ ਪੇਸ਼ ਕੀਤਾ। ਸ਼ਬਰੀ ਡਰਦੀ ਹੋਈ ਥਰ ਥਰ ਕੰਬ ਰਹੀ ਸੀ, ਜਿਵੇਂ ਕਿ ਉਸ ਨੇ ਕੋਈ ਬੜਾ ਵੱਡਾ ਕਸੂਰ ਕਰ ਦਿੱਤਾ ਹੋਵੇ, ਜਿਸ ਦੀ ਸਜ਼ਾ ਉਸ ਨੂੰ ਹੁਣ ਮਤੰਗ ਰਿਖੀ ਦੇਣਗੇ। ਪਰ ਹੋਇਆ ਸਭ-ਕੁਛ ਇਸ ਤੋਂ ਵਿਪਰੀਤ ਹੀ। ਮਤੰਗ ਰਿਖੀ ਨੇ ਸ਼ਬਰੀ ਦੀ ਸੇਵਾ-ਭਾਵ ਦੀ ਅਤਿ ਸਰਾਹੁਣਾ ਕੀਤੀ ਅਤੇ ਉਸ ਨੂੰ ਆਗਿਆ ਦੇ ਦਿੱਤੀ ਕਿ ਉਹ ਹੁਣ ਛੁਪ ਕੇ ਨਹੀਂ ਸਗੋਂ ਸ਼ਰੇਆਮ, ਖੁਲ੍ਹੇ ਤੌਰ ਤੇ ਸੇਵਾ ਕਰ ਸਕਦੀ ਹੈ।

ਦਾ ਪਾਠ ਕਰਕੇ ਵਿਸਮਾਦਿਤ ਹੋ ਜਾਂਦੇ ਹਨ। ਮਾਤਾ ਦੁਰਗਾ ਸ਼ੇਰ ਦੀ ਸਵਾਰੀ ਕਰਦੀ ਹੈ, ਅਤੇ ਵੱਡੇ-ਵੱਡੇ ਵੈਰੀਆਂ ਦਾ ਨਾਸ ਕਰਦੀ ਹੈ। ਮਾਤਾ ਰਿੱਧੀਆਂ ਸਿੱਧੀਆਂ ਦੀ ਦਾਤੀ ਹੈ। ਵੇਦ ਦੁਰਗਾ ਮਾਤਾ ਦਾ ਹੀ ਗਾਇਨ ਕਰਦੇ ਹਨ। ਵੱਡੇ-ਵੱਡੇ ਦੇਵਤੇ ਅਤੇ ਰਿਸ਼ੀ ਮਾਤਾ ਦਾ ਅੰਤ ਨਹੀਂ ਪਾ ਸਕਦੇ। ਦੇਵੀ ਮਾਤਾ ਸਰਬ ਵਿਆਪੀ ਹੈ, ਜਲ, ਥਲ, ਪਰਬਤ ਸਭ ਥਾਵਾਂ ਉੱਤੇ ਬਿਰਾਜਮਾਨ ਹੈ, ਉਸਦਾ ਪ੍ਰਕਾਸ਼ ਸਾਰੇ ਜਗਤ ਵਿੱਚ ਫੈਲ ਰਿਹਾ ਹੈ। ਸੱਚੇ ਪਾਤਸ਼ਾਹ ਜੀ ਦੀ ਇਹ ਤੀਵਰ ਇੱਛਾ ਹੈ, ਕਿ ਉਹਨਾਂ ਤੇ ਦੇਵੀ ਮਾਤਾ ਦੀ ਕ੍ਰਿਪਾ ਸਦਕਾ ਹਰ ਪਾਸੇ, ਹਰ ਖੇਤਰ ਵਿੱਚ ਫਤਹਿ ਪ੍ਰਾਪਤ ਹੋਵੇ। ਸਾਰੇ ਦੁਸ਼ਟਾਂ ਦਾ ਅੰਤ ਹੋ ਜਾਵੇ ਅਤੇ ਸਾਰੇ ਆਪਸੀ ਝਗੜੇ ਖਤਮ ਹੋ ਜਾਣ। ਸਾਰੇ ਸੰਸਾਰ ਵਿੱਚ ਖਾਲਸਾ ਪੰਥ ਦੀ ਪ੍ਰਧਾਨਤਾ ਹੋਵੇ। ਸੱਚੇ ਪਾਤਸ਼ਾਹ ਪਹਿਲੇ ਛੰਦ ਦੇ ਅੰਤ ਵਿੱਚ ਲਿਖਦੇ ਹਨ-

**ਸੁਣਹੁ ਤੁਮ ਭਵਾਨੀ ਹਮਨ ਕੀ ਪੁਕਾਰੇ।।**
**ਕਰਹੁ ਦਾਸ ਪਰ ਮਿਹਰ ਅਪਰੰ ਅਪਾਰੇ।।**

ਹੇ ਮਾਤਾ ਭਵਾਨੀ, ਤੁਸੀ ਸਾਡੀ ਪੁਕਾਰ ਸੁਣੋ। ਤੁਸੀਂ ਆਪਣੀਆਂ ਅਪਾਰ ਮਿਹਰਾਂ ਤੇ ਬਖਸ਼ਿਸ਼ਾਂ ਦੇ ਭੰਡਾਰੇ ਹਮੇਸ਼ਾਂ-ਹਮੇਸ਼ਾਂ ਲਈ ਆਪਣੇ ਦਾਸ ਲਈ ਖੋਲ੍ਹ ਦਿਓ।

ਦੇਵੀ ਮਾਤਾ ਦੈਂਤਾਂ ਦਾ ਸੰਹਾਰ ਕਰਨ ਵਾਲੀ ਹੈ। ਦੇਵੀ ਮਾਤਾ ਆਦਿ ਸ਼ਕਤੀ ਦਾ ਰੂਪ ਹੈ। ਉਹ ਜੋਗ ਮਾਯਾ ਹੈ। ਉਸਦਾ ਅੰਤ ਕੋਈ ਨਹੀਂ ਪਾ ਸਕਦਾ।

**ਸਭੈ ਥਕ ਰਹੇ ਮਰਮ ਕਿਨਹੂੰ ਨ ਪਾਯਾ।।**

ਦੇਵੀ ਮਾਤਾ ਜਲ, ਅਗਨੀ ਅਤੇ ਪਵਨ ਹੈ। ਉਹ ਅਤਿਅੰਤ ਸੁੰਦਰ ਅਤੇ ਹੂਰ ਪਰੀ ਹੈ। ਉਹੀ ਚੰਦ੍ਰਮਾ ਹੈ, ਸੂਰਜ ਹੈ। ਆਦਿ ਸ਼ਕਤੀ ਸਾਰੇ ਸੰਸਾਰ ਦੀ ਜਨਨੀ ਹੈ। ਦੇਵੀ ਮਾਤਾ ਦੇ ਅਣਗਿਣਤ ਰੂਪ ਹਨ। ਸੱਚੇ ਪਾਤਸ਼ਾਹ ਜੀ ਲਿਖਦੇ ਹਨ-

**ਨਹੀਂ ਤੁਮ ਬਿਨਾ ਕੋਇ ਰੱਛਕ ਹਮਾਰਾ।।**
**ਤੁਹੀ ਆਦਿ ਕੁਆਰਿ ਦੇਵੀ ਅਪਾਰਾ।।**

ਦੇਵੀ ਮਾਤਾ ਤੋਂ ਬਿਨਾ ਕੋਈ ਵੀ ਰੱਛਕ ਨਹੀਂ। ਦੇਵੀ ਮਾਤਾ ਆਦਿ ਕਾਲ ਤੋਂ ਹੈ ਅਤੇ ਕੁਆਰਿ ਦੇਵੀ ਹੈ, ਬਹੁਤ ਦਿਆਲੂ ਹੈ, ਅਤੇ ਸਾਰਿਆਂ

ਦੇ ਬਿਨਾਂ ਮੈਂ ਕਿਸੇ ਕੰਮ ਦੀ ਨਹੀਂ। ਆਪ ਜੀ ਤੋਂ ਬਿਨਾਂ ਮੈਂ ਪਰਮਾਰਥ ਨਹੀਂ ਕਰ ਸਕਦੀ। ਜੇਕਰ ਆਪ ਜੀ ਨੇ ਸਰੀਰ ਤਿਆਗਣ ਦਾ ਫੈਸਲਾ ਕਰ ਹੀ ਲਿਆ ਹੈ, ਤੇ ਮੈਂ ਵੀ ਆਪ ਜੀ ਦੇ ਨਾਲ ਹੀ ਆਪਣੇ ਪ੍ਰਾਣ ਤਿਆਗ ਦੇਵਾਂਗੀ।'' ਆਪਣੀ ਪਿਆਰੀ ਭਗਤਣੀ ਦੀਆਂ ਇਹ ਬੇਨਤੀਆਂ ਸੁਣ ਕੇ ਮਤੰਗ ਰਿਖੀ ਨੇ ਉਹਨਾਂ ਨੂੰ ਬਹੁਤ ਸਾਂਤਵਨਾ ਦਿੱਤੀ, ਧੀਰਜ ਦਿੱਤਾ ਅਤੇ ਫਰਮਾਇਆ,''ਐ ਮੇਰੀ ਪਿਆਰੀ ਬੇਟੀ ! ਤੂੰ ਹੌਸਲਾ ਨਾ ਛੱਡ ਮੇਰਾ ਤਾਂ ਸਮਾਂ ਹੁਣ ਨਜ਼ਦੀਕ ਆ ਗਿਆ ਹੈ, ਮੈਨੂੰ ਤਾਂ ਹੁਣ ਜਾਣਾ ਹੀ ਪਵੇਗਾ, ਪਰ ਤੂੰ ਹੌਸਲਾ ਨਾ ਛੱਡ। ਦਸ਼ਰਥ-ਨੰਦਨ ਰਾਮ ਇੱਕ ਦਿਨ ਇੱਥੇ ਜ਼ਰੂਰ ਆਉਣਗੇ ਅਤੇ ਤੈਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕਰਨਗੇ, ਤੇਰੀ ਸਾਧਨਾ ਦਰਸ਼ਨ ਕਰਕੇ ਪੂਰੀ ਹੋ ਜਾਵੇਗੀ।''

ਇਹ ਸ਼ਬਦ ਕਹਿ ਕੇ ਮਤੰਗ ਰਿਖੀ ਨੇ ਆਪਣੇ ਪ੍ਰਾਣ ਤਿਆਗ ਦਿੱਤੇ ਅਤੇ ਸ਼ਬਰੀ ਆਪਣੇ ਪਿਆਰੇ ਭਗਵਾਨ ਦੇ ਦਰਸ਼ਨਾਂ ਦੀ ਤਾਂਘ ਵਿੱਚ ਦਿਨ ਰਾਤ ਬਿਹਬਲ ਰਹਿਣ ਲੱਗ ਪਈ। ਉਸ ਨੂੰ ਹਰ ਪਲ, ਹਰ ਘੜੀ ਆਪਣੇ ਪਿਆਰੇ ਇਸ਼ਟ ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨਾਂ ਦੀ ਲੋਚਾ ਰਹਿੰਦੀ। ਉਹ ਰੋਜ਼ ਆਪਣੇ ਆਲੇ ਦੁਆਲੇ ਨੂੰ ਚੰਗੀ ਤਰ੍ਹਾਂ ਸਾਫ ਸੁਥਰਾ ਕਰਦੀ, ਕਈ ਕਈ ਵਾਰ ਬੁਹਾਰੀ ਨਾਲ ਰਸਤਿਆਂ ਨੂੰ ਸਾਫ ਕਰਦੀ। ਸਾਫ ਸਫਾਈ ਪਿੱਛੋਂ ਉਹਨਾਂ ਰਸਤਿਆਂ ਤੇ ਦੂਰ ਦੂਰ ਤਕ ਫੁੱਲਾਂ ਨੂੰ ਵਿਛਾ ਦਿੰਦੀ, ਵਾਤਾਵਰਨ ਨੂੰ ਬਹੁਤ ਸੁਹਾਵਣਾ ਬਣਾਉਂਦੀ। ਆਪਣੀ ਕੁਟੀਆ ਤੋਂ ਬਾਹਰ ਕਈ ਕੋਹਾਂ ਤਕ ਉਹ ਟੁਰੀ ਜਾਂਦੀ, ਜਿਵੇਂ ਉਹ ਆਪਣੇ ਭਗਵਾਨ ਸ੍ਰੀ ਰਾਮ ਚੰਦਰ ਜੀ ਦਾ ਅਗਾਂਹ ਪਹੁੰਚ ਕੇ ਸੁਆਗਤ ਕਰਨ ਲਈ ਬੇਕਰਾਰ ਹੋਵੇ। ਕਈ ਸਾਲਾਂ ਤਕ ਇਸ ਉਡੀਕ ਦਾ ਸਿਲਸਲਾ ਚਲਦਾ ਰਿਹਾ। ਸ਼ਬਰੀ ਮਾਤਾ ਦੇ ਵਿਛਾਏ ਹੋਏ ਫੁੱਲਾਂ ਉਤੋਂ ਕਈ ਵਾਰੀ ਰਿਖੀ ਮੁਨੀ ਚਲ ਕੇ ਉਥੋਂ ਦੀ ਲੰਘਣਾ ਚਾਹੁੰਦੇ, ਪਰ ਸ਼ਬਰੀ ਮਾਤਾ ਉਹਨਾਂ ਨੂੰ ਉਹਨਾ ਸੁੰਦਰ ਫੁੱਲਾਂ ਉੱਤੇ ਚੱਲਣ ਦੀ ਆਗਿਆ ਨਾ ਦਿੰਦੇ, ਕਿਉਂਕਿ ਉਹ ਸੁਸੱਜਿਤ ਪੱਥ ਸਿਰਫ ਸ੍ਰੀ ਰਾਮ ਚੰਦਰ ਜੀ ਲਈ ਹੀ ਸੁਰਖਿਅਤ ਸੀ। ਸ਼ਬਰੀ ਮਾਤਾ ਉਹਨਾਂ ਰਿਖੀਆਂ ਮੁਨੀਆਂ ਨੂੰ ਕਹਿੰਦੇ,''ਕਿਰਪਾ ਕਰਕੇ ਇਹਨਾਂ ਫੁੱਲਾਂ ਉੱਤੇ ਨਾ ਚੱਲੋ, ਇਹਨਾਂ ਦੀ ਸਾਰੀ ਸੁੰਦਰਤਾ ਨਸ਼ਟ ਹੋ ਜਾਵੇਗੀ। ਕਿਉਂਕਿ ਇਹ ਤੁਹਾਡੇ ਪੈਰਾਂ ਹੇਠਾਂ ਲਤਾੜੇ ਜਾਣਗੇ।'' ਮਾਤਾ ਦੇ ਸ਼ਬਦ ਸੁਣ ਕੇ ਰਿਖੀ ਉੱਤਰ ਦਿੰਦੇ,''ਸ਼ਬਰੀ ਤੂੰ ਪਾਗਲ ਹੈਂ, ਤੂੰ ਨਿਤ ਪ੍ਰਤੀ ਮਾਰਗ ਵਿੱਚ ਫੁਲਾਂ ਨੂੰ ਇਸ ਤਰ੍ਹਾਂ ਵਿਛਾਂਉਂਦੀ ਹੈਂ, ਕਿ ਸ੍ਰੀ ਰਾਮ ਚੰਦਰ ਜੀ ਜਿਵੇਂ ਹੁਣੇ ਹੀ ਆਉਣ ਵਾਲੇ ਹੋਣ। ਇਸ ਤਰ੍ਹਾਂ ਕਰਦਿਆਂ ਕਿੰਨੇ ਸਾਲ ਬੀਤ ਗਏ ਹਨ, ਤੇਰੇ ਰਾਮ ਤਾਂ ਅਜੇ ਤਕ ਨਹੀਂ ਆਏ।'' ਸ਼ਬਰੀ ਮਾਤਾ ਉੱਤਰ ਦਿੰਦੀ,''ਅਜੇ

ਤਕ ਤਾਂ ਮੇਰੇ ਰਾਮ ਨਹੀਂ ਆਏ, ਪਰ ਉਹ ਜ਼ਰੂਰ ਆਉਣਗੇ ਅਤੇ ਜ਼ਰੂਰ ਮੈਨੂੰ ਦਰਸ਼ਨ ਦੇਣਗੇ। ਮੇਰੇ ਗੁਰੂ ਮਤੰਗ ਰਿਖੀ ਦਾ ਬਚਨ ਗਲਤ ਨਹੀ ਹੋ ਸਕਦਾ। ਇਸੇ ਲਈ ਮੈਂ ਪ੍ਰਤੀ ਦਿਨ, ਪ੍ਰਤੀ ਪਲ ਉਨਾਂ ਦਾ ਸੁਆਗਤ ਕਰਨ ਲਈ ਹਮੇਸ਼ਾ ਤਿਆਰ ਰਹਿੰਦੀ ਹਾਂ। ਜੇਕਰ ਉਹ ਕਿਸੇ ਵੇਲੇ ਵੀ ਆ ਗਏ ਤੇ ਮੈਨੂੰ ਆ ਕੇ ਕੀ ਕਹਿਣਗੇ ਕਿ ਇਸ ਭੀਲਣੀ ਨੂੰ ਸੁਆਗਤ ਵੀ ਨਹੀਂ ਕਰਨਾ ਆਉਂਦਾ। ਤੁਸੀ ਮੇਰੇ ਉੱਤੇ ਕਿਰਪਾ ਕਰੋ ਅਤੇ ਦੂਸਰੇ ਪਾਸਿਉਂ ਦੀ ਹੋ ਕੇ ਚਲੇ ਜਾਵੋ।''

ਉਹਨਾਂ ਦੇ ਗੁਰਦੇਵ ਰਿਖੀ ਨੇ ਉਹਨਾਂ ਨੂੰ ਸਲਾਹ ਦਿੱਤੀ ਅਤੇ ਕਿਹਾ,''ਇਸ ਨੂੰ ਦੁਖੀ ਨਾ ਕਰੋ, ਚਲੋ ਅਸੀਂ ਕਿਸੇ ਦੂਸਰੇ ਪਾਸਿਉਂ ਚਲੇ ਜਾਂਦੇ ਹਾਂ''। ਉਹਨਾਂ ਵਿਚੋਂ ਇੱਕ ਰਿਖੀ ਨੇ ਕਿਹਾ—ਮੈਨੂੰ ਤਾਂ ਕਈ ਵਾਰੀ ਇਸ ਤਰ੍ਹਾਂ ਲਗਦਾ ਹੈ ਕਿ ਸ਼ਬਰੀ ਪਾਗਲ ਹੋ ਗਈ ਹੈ। ਗੁਰਦੇਵ ਰਿਖੀ ਨੇ ਕਿਹਾ,''ਹੋ ਸਕਦਾ ਹੈ, ਪਰ ਤੁਹਾਨੂੰ ਇਹ ਕਦੇ ਵੀ ਨਹੀਂ ਭੁਲਣਾ ਚਾਹੀਦਾ ਕਿ ਭਗਤੀ ਅਤੇ ਪਾਗਲਪਨ ਵਿੱਚ ਕੋਈ ਬਹੁਤਾ ਫਰਕ ਨਹੀ। ਸੰਸਾਰਿਕ ਦ੍ਰਿਸ਼ਟੀ ਤੋਂ ਭਗਤ ਪਾਗਲ ਹੀ ਨਜ਼ਰ ਆਉਂਦਾ ਹੈ। ਸ਼ਬਰੀ ਇਕ ਮਹਾਨ ਤਪੱਸੂਨੀ ਹੈ ਅਤੇ ਉਹਨਾਂ ਨੂੰ ਰਿਧੀਆਂ ਸਿਧੀਆਂ ਪ੍ਰਾਪਤ ਹਨ, ਪਰ ਉਹਨਾਂ ਨੂੰ ਕਿਸੇ ਕਿਸਮ ਦਾ ਰੱਤੀ ਭਰ ਵੀ ਅਹੰਕਾਰ ਨਹੀ। ਇਹੀ ਇੱਕ ਸੱਚੇ ਭਗਤ ਦੀ ਨਿਸ਼ਾਨੀ ਹੈ।''

ਇਸ ਤਰ੍ਹਾਂ ਕਈ ਵਾਰੀ ਰਿਖੀ ਮੁਨੀ ਉਹਨਾਂ ਦੀ ਇਸ ਆਸਥਾ ਦਾ ਮਖੌਲ ਉਡਾਉਂਦੇ ਪਰ ਸ਼ਬਰੀ ਮਾਤਾ ਦਾ ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨਾਂ ਦੀ ਤਾਂਘ ਵਿੱਚ, ਰੱਤਾ ਭਰ ਵੀ ਫਰਕ ਨਾ ਪੈਂਦਾ। ਉਹ ਤਾਂ ਦਿਨ ਰਾਤ, ਹਰ ਪਲ, ਹਰ ਘੜੀ ਆਪਣੇ ਇਸ਼ਟ ਦੀ ਉਡੀਕ ਵਿੱਚ ਬਤੀਤ ਕਰ ਰਹੀ ਸੀ।

ਇੰਤਜ਼ਾਰ ਦੇ ਲੰਮੇ ਪਲ ਮੁੱਕ ਗਏ। ਹੁਣ ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨਾਂ ਦੇ ਸੁਭਾਗ ਦੀ ਸ਼ੁਭ ਘੜੀ ਆਣ ਪਹੁੰਚੀ। ਸ੍ਰੀ ਰਾਮ ਚੰਦਰ ਜੀ ਆਪਣੇ ਛੋਟੇ ਭਰਾ ਲਛਮਣ ਨਾਲ ਸ਼ਬਰੀ ਨੂੰ ਦਰਸ਼ਨਾਂ ਦੀ ਦਾਤ ਨਾਲ ਤ੍ਰਿਪਤ ਕਰਨ ਲਈ ਆਣ ਪਹੁੰਚੇ। ਮਾਤਾ ਸ਼ਬਰੀ ਆਪਣੇ ਪ੍ਰਿਯ ਪ੍ਰੀਤਮ ਦੇ ਰਾਹਾਂ ਨੂੰ ਨਿਹਾਰਦੀ ਹੋਈ, ਉਡੀਕ ਵਿੱਚ ਖੜ੍ਹੇ ਸੀ।

**ਉਡੀਨੀ ਉਡੀਨੀ ਉਡੀਨੀ।।**
**ਕਬ ਘਰਿ ਆਵੈ ਰੀ।।ਰਹਾਓ।।**
**ਸਰਨਿ ਸੁਹਾਗਨਿ ਚਰਨ ਸੀਸੁ ਧਰਿ।।**
**ਲਾਲਨੁ ਮੋਹਿ ਮਿਲਾਵਹੁ।।**
**ਕਬ ਘਰਿ ਆਵੈ ਰੀ।।**

ਸ੍ਰੀ ਰਾਮ ਚੰਦਰ ਜੀ ਨੇ ਸ਼ਬਰੀ ਨੂੰ ਪੁੱਛਿਆ ਕਿ ਮਾਤਾ ਸ਼ਬਰੀ ਦੀ ਕੁਟੀਆ ਕਿੱਥੇ ਹੈ। ਸ਼ਬਰੀ ਨੇ ਪੁੱਛਿਆ,"ਤੁਸੀਂ ਕੌਣ ਹੋ ਅਤੇ ਸ਼ਬਰੀ ਦਾ ਥਾਂ ਟਿਕਾਣਾ ਕਿਉਂ ਪੁੱਛ ਰਹੇ ਹੋ ?" ਸ੍ਰੀ ਰਾਮ ਚੰਦਰ ਜੀ ਨੇ ਉੱਤਰ ਦਿੱਤਾ,"ਮੈਂ ਰਾਮ ਹਾਂ ਅਤੇ ਇਹ ਮੇਰਾ ਛੋਟਾ ਭਰਾ ਲਛਮਣ ਹੈ"। ਮਾਤਾ ਇੱਕ ਦਮ ਵੈਰਾਗੀ ਹੋ ਗਈ। ਉਸ ਦੀਆਂ ਅੱਖਾਂ ਵਿੱਚੋਂ ਅੱਥਰੂਆਂ ਦੀ ਝੜੀ ਲੱਗ ਗਈ। ਉਸ ਨੇ ਆਪਣਾ ਸਿਰ ਸ੍ਰੀ ਰਾਮ ਚੰਦਰ ਜੀ ਦੇ ਚਰਨਾਂ ਉੱਤੇ ਰੱਖ ਦਿੱਤਾ ਅਤੇ ਉਹਨਾਂ ਦੇ ਚਰਨਾਂ ਨੂੰ ਆਪਣੇ ਅਥੱਰੂਆਂ ਨਾਲ ਧੋ ਦਿੱਤਾ। ਭਗਤ ਨੂੰ ਆਪਣੇ ਇਸ਼ਟ ਦੇ ਦਰਸ਼ਨ ਹੋ ਗਏ ਅਤੇ ਉਹ ਵਿਆਕੁਲ ਹੋ ਕੇ ਬੋਲ ਉਠੀ—ਪ੍ਰਭੂ, ਤੁਸੀਂ ਆ ਗਏ, ਸ਼ਬਰੀ ਦੀ ਕੁਟੀਆ ਵਿੱਚ। ਮੈਂ ਤੁਹਾਨੂੰ ਪਛਾਣ ਨਹੀਂ ਸਕੀ। ਹੇ ਮੇਰੇ ਪ੍ਰਭੂ ! ਮੈਨੂੰ ਮੁਆਫ ਕਰ ਦਿਓ। ਸ਼ਬਰੀ ਰਾਮ ਚੰਦਰ ਜੀ ਅਤੇ ਲਛਮਣ ਨੂੰ ਨਾਲ ਲੈ ਕੇ ਆਪਣੀ ਕੁਟੀਆ ਵਲ ਚਲ ਪਈ। ਰਸਤੇ ਵਿੱਚ ਵਿਛੇ ਹੋਏ ਫੁੱਲਾਂ ਦੀ ਸੇਵਾ ਅੱਜ ਸਾਰਥਕ ਹੋ ਗਈ। ਸ੍ਰੀ ਰਾਮ ਚੰਦਰ ਜੀ ਨੇ ਆਪਣੇ ਪਵਿੱਤਰ ਚਰਨਾਂ ਦੀ ਛੋਹ ਨਾਲ ਫੁੱਲਾਂ ਨੂੰ ਹੋਰ ਪਵਿੱਤਰ ਕਰ ਦਿੱਤਾ। ਸ਼ਬਰੀ ਖੁਸ਼ੀ ਨਾਲ ਫੁੱਲੀ ਨਹੀਂ ਸੀ ਸਮਾ ਰਹੀ, ਅੱਜ ਉਸ ਦੇ ਪਿਆਰੇ ਰਾਮ ਉਸ ਨੂੰ ਦਰਸ਼ਨ ਦੇ ਕੇ ਉਸ ਦੀ ਕੁਟੀਆ ਨੂੰ ਪਵਿੱਤਰ ਕਰ ਰਹੇ ਸਨ। ਚਰਨਾਂ ਨੂੰ ਜਲ ਨਾਲ ਸਵੱਛ ਕਰਨ ਦੀ ਲੋੜ ਹੀ ਨਹੀਂ ਸੀ, ਕਿਉਂ ਕਿ ਉਹਨਾਂ ਪਵਿੱਤਰ ਚਰਨ-ਕੰਵਲਾਂ ਨੂੰ ਤਾਂ ਸ਼ਬਰੀ ਨੇ ਪਹਿਲਾਂ ਹੀ ਆਪਣੇ ਅਥੱਰੂਆਂ ਨਾਲ ਧੋ ਦਿੱਤਾ ਸੀ।

ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨ ਕਰ ਕੇ ਮਾਤਾ ਸ਼ਬਰੀ ਨਿਹਾਲ ਹੋ ਗਈ ਅਤੇ ਆਪਣੀ ਸੁੱਧ ਬੁੱਧ ਭੁੱਲ ਗਈ,

*ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,*
*ਬੁਧ ਕੀ ਨ ਬੁਧ ਰਹੀ ਮਤਿ ਮੈ ਨ ਮਤਿ ਹੈ।*
*ਸੁਰਤਿ ਮੈ ਨ ਸੁਰਤਿ ਔ, ਧਯਾਨ ਮੈ ਨ ਧਯਾਨ ਰਹਯੋ,*
*ਗਯਾਨ ਮੈ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ।*
*ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ,*
*ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਹੈ।*
*ਅਦਭੁਤ ਪਰਮਦ ਭੁਤ ਬਿਸਮੈ ਬਿਸਮੈ,*
*ਅਸਚਰਜੈ ਅਸਚਰਜ ਅਤਿ ਅਤਿ ਹੈ।*

ਸ਼ਬਰੀ ਮਾਤਾ ਦਾ ਦਿਲ ਹੁਣ ਉਨਾਂ ਦੋਹਾਂ ਭਰਾਵਾਂ ਨੂੰ ਕੁਝ ਛਕਾਉਣ ਲਈ ਕਰ ਰਿਹਾ ਸੀ। ਜਿੱਥੇ ਉਹ ਇੱਕ ਪਾਸੇ ਆਪਣੇ ਪਿਆਰੇ ਇਸ਼ਟ ਦਾ ਮਾਰਗ ਫੁੱਲਾਂ ਨਾਲ ਸੁੱਸਜਿਤ ਕਰਦੀ ਸੀ, ਉੱਥੇ ਉਹਨਾਂ ਦੇ ਛਕਣ ਵਾਸਤੇ ਹਰ ਰੋਜ਼ ਮਿੱਠੇ ਬੇਰਾਂ ਨੂੰ ਟੋਕਰੀ ਵਿੱਚ ਸਜਾ ਕੇ ਰੱਖਦੀ ਸੀ, ਜਿਹੜੇ ਬੇਰ

ਮਿੱਠੇ ਹੁੰਦੇ, ਉਨਾਂ ਨੂੰ ਰੱਖ ਲੈਂਦੀ ਅਤੇ ਖੱਟੇ ਬੇਰਾਂ ਨੂੰ ਸੁੱਟ ਦਿੰਦੀ। ਉਹਨਾਂ ਅੱਧੇ ਖਾਧੇ ਹੋਏ ਬੇਰਾਂ ਦੀ ਟੋਕਰੀ ਸ਼ਬਰੀ ਨੇ ਅੰਦਰੋਂ ਲਿਆ ਕੇ ਸ੍ਰੀ ਰਾਮ ਚੰਦਰ ਜੀ ਦੇ ਚਰਨਾਂ ਵਿੱਚ ਭੇਟ ਕੀਤੀ ਅਤੇ ਦੋਵੇਂ ਹੱਥ ਜੋੜ ਕੇ, ਬੜੇ ਪ੍ਰੇਮ ਭਾਵ ਨਾਲ ਭੋਗ ਲਾਉਣ ਲਈ ਬੇਨਤੀ ਕੀਤੀ। ਸ੍ਰੀ ਰਾਮ ਚੰਦਰ ਜੀ ਨੇ ਵੀ ਬੜੇ ਪ੍ਰੇਮ ਨਾਲ ਆਪਣੇ ਪਿਆਰੇ ਭਗਤ ਦੀ ਬੇਨਤੀ ਪ੍ਰਵਾਨ ਕਰਕੇ ਉਨ੍ਹਾਂ ਇਕੱਠੇ ਕੀਤੇ ਹੋਏ ਜੂਠੇ ਬੇਰਾਂ ਨੂੰ ਬੜੇ ਸੁਆਦ ਨਾਲ ਛਕਿਆ। ਮਾਤਾ ਸ਼ਬਰੀ ਜੀ ਅੰਦਰ ਹੀ ਅੰਦਰ ਬਹੁਤ ਪ੍ਰਸੰਨ ਹੋ ਰਹੇ ਸਨ ਅਤੇ ਆਪਣੇ ਭਾਗਾਂ ਦੀ ਅਤਿਅੰਤ ਸਰਾਹੁਣਾ ਕਰ ਰਹੇ ਸਨ। ਸ੍ਰੀ ਰਾਮ ਚੰਦਰ ਜੀ ਲਛਮਣ ਨੂੰ ਦੱਸ ਰਹੇ ਸਨ,, ਕਿ ਇਹੋ ਜਿਹੇ ਸ੍ਵਾਦਿਸ਼ਟ ਫਲ ਮਾਤਾ ਕੁਸ਼ਲਿਆ ਦੇ ਵਾਤਸਲਯ ਰਸ ਨਾਲ ਭਰਪੂਰ ਹਨ ਅਤੇ ਇਹੋ ਜਿਹਾ ਸੁਆਦ ਉਨਾਂ ਨੂੰ ਬੜੇ ਚਿਰ ਪਿਛੋਂ ਪ੍ਰਾਪਤ ਹੋਇਆ ਹੈ। ਸ਼ਬਰੀ ਮਾਤਾ ਨੇ ਅਰਜ਼ ਕੀਤੀ ਕਿ ਫਲਾਂ ਦਾ ਸ੍ਵਾਦਿਸ਼ਟ ਹੋਣ ਦਾ ਕਾਰਣ ਉਨਾਂ ਦੇ ਗੁਰੂ ਮਤੰਗ ਰਿਖੀ ਦਾ ਹੀ ਪ੍ਰਤਾਪ ਸੀ। ਸ਼ਬਰੀ ਮਾਤਾ ਨੇ ਸ੍ਰੀ ਰਾਮ ਚੰਦਰ ਜੀ ਅੱਗੇ ਬੇਨਤੀ ਕੀਤੀ—ਇਹ ਸਭ ਮੇਰੇ ਗੁਰੂ ਮਤੰਗ ਰਿਖੀ ਦੀ ਕ੍ਰਿਪਾ ਦਾ ਪ੍ਰਭਾਵ ਹੈ। ਇਸ ਆਸ਼ਰਮ ਵਿੱਚ ਫੁੱਲ ਕਦੇ ਨਹੀ ਮੁਰਝਾਏ। ਉਹ ਹਮੇਸ਼ਾ ਤਾਜ਼ੇ ਰਹਿੰਦੇ ਹਨ। ਇਹ ਮੇਰੇ ਗੁਰੂ ਦੀ ਕਿਰਪਾ ਸਦਕਾ ਹੀ ਹੈ। ਇਸ ਆਸ਼ਰਮ ਦੇ ਸਾਰੇ ਪ੍ਰਾਣੀ ਹਿੰਸਾ ਬਿਰਤੀ ਛੱਡ ਦਿੰਦੇ ਹਨ। ਪਰਮ ਗੁਰੂ ਜਿੱਥੇ ਬੈਠਦੇ ਸਨ, ਉਸ ਜਗ੍ਹਾ ਤੇ ਬਨ ਦੇ ਸਾਰੇ ਜਾਨਵਰ ਸ਼ੇਰ, ਬੱਕਰੀ ਗਾਵਾਂ ਆਦਿ ਇਕੱਠੇ ਹੀ ਪਾਣੀ ਪੀਦੇ ਸਨ। ਉਨਾਂ ਨੂੰ ਪਰਲੋਕ ਸਿਧਾਰੇ ਕਈ ਸਾਲ ਬੀਤ ਚੁੱਕੇ ਹਨ, ਪਰ ਜਿਸ ਸਥਾਨ ਤੇ ਬੈਠ ਕੇ ਉਹ ਭਜਨ ਬੰਦਗੀ ਕਰਦੇ ਸਨ, ਉੱਥੇ ਇੱਕ ਮਹਾਨ ਤੇਜ, ਮਹਾਨ ਸ਼ਕਤੀ ਹਮੇਸ਼ਾ ਲਈ ਜਗਦੀ ਰਹਿੰਦੀ ਹੈ। ਸ੍ਰੀ ਰਾਮ ਚੰਦਰ ਜੀ ਨੇ ਸ਼ਬਰੀ ਦੇ ਭਾਗਾਂ ਦੀ ਸਰਾਹੁਣਾ ਕੀਤੀ ਕਿ ਉਨ੍ਹਾਂ ਨੂੰ ਮਤੰਗ ਰਿਖੀ ਵਰਗੇ ਗੁਰੂ ਦੀ ਸੇਵਿਕਾ ਹੋਣ ਦਾ ਸੁਭਾਗ ਪ੍ਰਾਪਤ ਹੈ। ਪਰ ਸ਼ਬਰੀ ਅਤਿ ਵਡਭਾਗਣ ਸੀ, ਜਿਸ ਨੂੰ ਅਕਾਲ ਪੁਰਖ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ। ਇਹ ਉਸ ਦੇ ਗੁਰੂ ਮਤੰਗ ਰਿਖੀ ਜੀ ਦੀ ਕਿਰਪਾ ਸਦਕਾ ਹੀ ਹੋ ਸਕਿਆ ਸੀ।

ਸ਼ਬਰੀ ਮਾਤਾ ਆਪਣੇ ਭਗਵਾਨ ਸ੍ਰੀ ਰਾਮ ਚੰਦਰ ਜੀ ਨੂੰ ਉਸ ਸਥਾਨ ਤੇ ਲੈ ਗਏ ਜਿਥੇ ਉਨ੍ਹਾਂ ਦੇ ਗੁਰੂ ਮਤੰਗ ਜੀ ਦੀ ਅਨਿੰਨ ਨਿਸ੍ਵਾਰਥ ਭਗਤੀ ਸਦਕਾ ਤੇਜ ਪ੍ਰਕਾਸ਼ ਦਾ ਪੁੰਜ ਬਣਿਆ ਹੋਇਆ ਸੀ। ਇਧਰ ਸ੍ਰੀ ਰਾਮ ਚੰਦਰ ਜੀ ਭੀਲਣੀ ਦੇ ਗ੍ਰਿਹਿ ਨੂੰ ਪਵਿੱਤਰ ਕਰ ਰਹੇ ਸਨ ਅਤੇ ਭੀਲਣੀ ਦੇ ਜੂਠੇ ਬੇਰ ਖਾ ਕੇ ਆਪਣੇ ਪਿਆਰੇ ਭਗਤ ਦੇ ਪ੍ਰੇਮ ਦੀ ਸਰਾਹੁਣਾ ਕਰ ਰਹੇ ਸਨ ਕਿ ਰਿਖੀਆਂ ਮੁਨੀਆਂ ਦਾ ਟੋਲਾ ਸ੍ਰੀ ਰਾਮ ਚੰਦਰ ਜੀ ਦੇ

ਦਰਸ਼ਨਾਂ ਲਈ ਉੱਥੇ ਪਹੁੰਚਿਆ। ਉਨਾਂ ਦੇ ਦਰਸ਼ਨਾਂ ਦੀ ਦਾਤ ਨੇ ਸਾਰਿਆਂ ਨੂੰ ਨਿਹਾਲ ਕਰ ਦਿੱਤਾ। ਉਨਾਂ ਰਿਖੀਆਂ ਨੇ ਸ੍ਰੀ ਰਾਮ ਚੰਦਰ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਪੰਪਾਸਰ ਨਾਮਕ ਸਰੋਵਰ ਦੇ ਵਿੱਚ ਕੀੜੇ ਪੈ ਗਏ ਹਨ ਅਤੇ ਜਲ ਪੀਣ ਯੋਗ ਨਹੀ ਰਹਿ ਗਿਆ ਅੰਤਰਜਾਮੀ ਸ੍ਰੀ ਰਾਮ ਚੰਦਰ ਜੀ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਕੇ ਉਹ ਰਿਖੀਆਂ ਮੁਨੀਆਂ ਦੇ ਚਰਨਾਂ ਨੂੰ ਜਲ ਨਾਲ ਧੋ ਕੇ, ਉਹਨਾਂ ਦਾ ਚਰਨਾਮ੍ਰਿਤ ਪੰਪਾਸਰ ਵਿੱਚ ਪਾ ਦੇਣ। ਇਸੇ ਤਰ੍ਹਾਂ ਹੀ ਕੀਤਾ ਗਿਆ, ਪਰ ਜਲ ਜਿਉਂ ਦਾ ਤਿਉਂ ਹੀ ਰਿਹਾ, ਅਪਵਿੱਤ੍ਰਤਾ ਦੂਰ ਨਾ ਹੋਈ। ਫਿਰ ਲਛਮਣ ਜੀ ਦੇ ਚਰਨਾਂ ਨੂੰ ਧੋ ਕੇ ਪੰਪਾਸਰ ਵਿੱਚ ਪਾਇਆ ਗਿਆ। ਸ੍ਰੀ ਰਾਮ ਚੰਦਰ ਜੀ ਨੇ ਆਪਣੇ ਚਰਨਾਂ ਦਾ ਵੀ ਚਰਨਾਮ੍ਰਿਤ ਪੰਪਾਸਰ ਵਿੱਚ ਪਾਇਆ, ਪਰ ਉਸ ਦਾ ਜਲ ਉਸੇ ਤਰ੍ਹਾਂ ਹੀ ਅਪਵਿੱਤਰ ਰਿਹਾ। ਭਗਵਾਨ ਨੇ ਆਪਣੇ ਪਿਆਰੇ ਭਗਤ ਦੀ ਲਾਜ ਰੱਖਣੀ ਸੀ। ਜਦੋਂ ਕੁਝ ਵੀ ਨਾ ਬਣਿਆ ਤੇ ਸ੍ਰੀ ਰਾਮ ਚੰਦਰ ਜੀ ਨੇ ਹੁਕਮ ਕੀਤਾ,"ਭਾਈ ! ਸ਼ਬਰੀ ਮਾਤਾ ਦੇ ਚਰਨਾਂ ਦਾ ਚਰਨਾਮ੍ਰਿਤ ਪੰਪਾਸਰ ਵਿੱਚ ਪਾਓ, ਉਸ ਦੇ ਨਾਲ ਹੀ ਜਲ ਪਵਿੱਤਰ ਹੋ ਸਕਦਾ ਹੈਂ"। ਇਸੇ ਤਰ੍ਹਾਂ ਹੀ ਕੀਤਾ ਗਿਆ। ਸ਼ਬਰੀ ਦੇ ਚਰਨਾਂ ਦਾ ਚਰਨਾਮ੍ਰਿਤ ਪੰਪਾਸਰ ਵਿੱਚ ਪਾਉਣ ਦੀ ਦੇਰ ਸੀ ਕਿ ਉਸ ਸਰੋਵਰ ਦਾ ਜਲ ਪਹਿਲਾਂ ਦੀ ਤਰ੍ਹਾਂ ਪਵਿੱਤਰ ਹੋ ਗਿਆ, ਸ਼ੁਧ ਹੋ ਗਿਆ, ਨਿਰਮਲ ਹੋ ਗਿਆ। ਸਾਰੇ ਸ਼ਬਰੀ ਮਾਤਾ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਦੇ ਗੁਣਾਂ ਦਾ ਗਾਣ ਕਰ ਰਹੇ ਸਨ। ਸ਼ਬਰੀ ਮਾਤਾ ਸ੍ਰੀ ਰਾਮ ਚੰਦਰ ਜੀ ਦੀ ਕਿਰਪਾ ਲਈ ਅਨੁਗ੍ਰਹਿਤ ਹੋ ਰਹੇ ਸਨ।

ਸ਼ਬਰੀ ਮਾਤਾ ਦੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਹੋ ਗਈ ਸੀ। ਉਹਨਾਂ ਦੇ ਜੀਵਨ ਦੇ ਮੰਤਵ ਦੀ ਉਪਲਬਧੀ ਹੋ ਚੁੱਕੀ ਸੀ, ਉਹਨਾਂ ਨੂੰ ਆਪਣੇ ਗੁਰੂ ਮਤੰਗ ਰਿਖੀ ਦੀ ਕਿਰਪਾ ਸਦਕਾ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਗਿਆ ਸੀ। ਉਹ ਆਪਣੇ ਗੁਰੂ ਦੀ ਆਗਿਆ ਅਨੁਸਾਰ ਹੁਣ ਆਪਣਾ ਸਰੀਰ ਤਿਆਗਣਾ ਚਾਹੁੰਦੇ ਸਨ, ਇਸ ਤੋਂ ਪਹਿਲਾਂ, ਸ਼ਬਰੀ ਮਾਤਾ ਨੇ ਸ੍ਰੀ ਰਾਮ ਚੰਦਰ ਜੀ ਨੂੰ ਉਹਨਾਂ ਦੀ ਸੁਪਤਨੀ ਸੀਤਾ ਜੀ ਕੋਲ ਪਹੁੰਚਣ ਦਾ ਮਾਰਗ ਦੱਸਿਆ, ਅਤੇ ਸ੍ਰੀ ਰਾਮ ਚੰਦਰ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਉਹ ਉਹਨਾਂ ਨੂੰ ਭਗਤੀ ਦਾ ਗਿਆਨ ਦੇਣ। ਸ੍ਰੀ ਰਾਮ ਚੰਦਰ ਜੀ ਨੇ ਸ਼ਬਰੀ ਨੂੰ ਨੌਧਾ ਭਗਤੀ ਬਾਰੇ ਗਿਆਨ ਦਰਸਾਇਆ, ਜੋ ਇਸ ਪ੍ਰਕਾਰ ਦੀ ਹੈ :

(੧) ਸ੍ਰਵਣ — ਆਪਣੇ ਇਸ਼ਟ ਦੇਵ ਦਾ ਯਸ਼ ਸੁਣਨਾ
(੨) ਕੀਰਤਨ — ਗੁਣਾਂ ਦਾ ਕਥਨ ਕਰਨਾਂ
(੩) ਸਿਮਰਣ — ਯਾਦ ਕਰਨਾ ਚਿਤ ਦੁਆਰਾ ਚਿੰਤਨ ਕਰਨਾ

(੪) ਪਾਦਸੇਵਨ — ਚਰਨ ਸੇਵਾ
(੫) ਅਰਚਨ — ਚੰਦਨ ਫੁੱਲ ਆਦਿ ਦੀ ਸਾਮ੍ਰਗੀ ਨਾਲ ਪੂਜਨ
(੬) ਵੰਦਨ — ਪ੍ਣਾਮ
(੭) ਸਖਯ — ਇਸ਼ਟ ਕਾਲ ਨਾਲ ਮਿਤ੍ਰ ਭਾਵ
(੮) ਦਾਸਯ — ਸੇਵਕ ਭਾਵ
(੯) ਆਤਮ ਨਿਵੇਦਨ — ਆਪਣਾ ਆਪ ਅਰਪਨ

ਇਸ ਤਰ੍ਹਾਂ ਸ਼ਬਰੀ ਦਾ ਜਨਮ ਭਾਵੇਂ ਨੀਵੀ ਕੁਲ ਵਿੱਚ ਹੋਇਆ, ਪਰ ਉਨ੍ਹਾਂ ਦੇ ਹਿਰਦੇ ਦੀ ਪਵਿੱਤਰਤਾ, ਨਿਰਛਲਤਾ, ਸੁਭਾਵ ਦੀ ਮਿਠਾਸ, ਨਿਮ੍ਰਤਾ, ਉਨ੍ਹਾਂ ਦਾ ਜੀਵ, ਜੰਤੂਆਂ ਲਈ ਅਥਾਹ ਪਿਆਰ, ਦਿਆਲਤਾ ਕਰੁਣਾ, ਉਨਾਂ ਦੀ ਸ਼ਹਿਨਸ਼ੀਲਤਾ, ਸਬਰ ਸੰਤੋਖ, ਸਿਦਕ, ਨਿੱਘਾ ਵਾਤਸਲਯ, ਆਪਣੇ ਪਿਆਰੇ ਗੁਰੂ ਮਤੰਗ ਰਿਖੀ ਦੇ ਚਰਨਾਂ ਲਈ ਡੂੰਘੀ ਪ੍ਰੀਤ ਅਤੇ ਉਨਾਂ ਦੇ ਬਚਨਾ ਤੇ ਪੂਰਾ ਭਰੋਸਾ, ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨਾਂ ਦੀ ਤਾਂਘ, ਉਡੀਕ ਤੇ ਫਿਰ ਉਨ੍ਹਾਂ ਦੇ ਦਰਸ਼ਨਾਂ ਦਾ ਸੁਭਾਗ ਆਦਿ ਨੇ ਉਨ੍ਹਾਂ ਨੂੰ ਪ੍ਰਭੂ ਭਗਤਾਂ ਪਿਆਰਿਆਂ ਦੀ ਪਹਿਲੀ ਕਤਾਰ ਵਿੱਚ ਖੜ੍ਹਾ ਕਰ ਦਿੱਤਾ। ਭਜਨ ਬਾਣੀ ਨੇ ਉਨ੍ਹਾਂ ਨੂੰ ਉੱਚ ਅਧਿਆਤਮਕਤਾ ਪ੍ਰਦਾਨ ਕਰਕੇ ਉਨ੍ਹਾਂ ਨੂੰ ਅਮਰ ਕਰ ਦਿੱਤਾ। ਉਹ ਇੱਕ ਚਾਨਣ ਮੁਨਾਰਾ ਬਣੇ, ਜਿਸ ਦੀ ਰੌਸ਼ਨੀ ਦੀ ਸੇਧ ਪਾ ਕੇ ਹਰ ਕੋਈ ਪ੍ਰਕਾਸ਼ਮਾਨ ਹੋ ਜਾਂਦਾ ਹੈ, ਉਹ ਇੱਕ ਐਸੇ ਆਦਰਸ਼ ਸਨ, ਜਿਨ੍ਹਾਂ ਦੇ ਪੂਰਨਿਆਂ ਤੇ ਚਲ ਕੇ ਸਾਰਾ ਜਗਤ ਗੌਰਵ ਦਾ ਅਨੁਭਵ ਕਰਦਾ ਹੈ। ਧੰਨ ਹਨ ਮਾਤਾ ਸ਼ਬਰੀ ! ਅਤੇ ਧੰਨ ਹੈ ਉਨਾਂ ਦੀ ਕਮਾਈ।

# 3

# ਰਾਧਾ

## *ਕਾਨ੍ਹਰ ਕੇ ਸੰਗ ਖੇਲਤ ਥੀ*

ਸ੍ਰੀ ਰਾਧਾ ਜੀ ਦਾ ਵਰਣਨ ਆਦਿਕਾਲ ਤੋਂ ਹੀ ਉਪਲੱਬਧ ਹੈ। ਵੈਦਿਕ ਸਾਹਿਤਯ ਵਿੱਚ ਰਾਧਾ ਜੀ ਦਾ ਉਲੇਖ ਮਿਲਦਾ ਹੈ ਅਤੇ ਅਨੇਕਾਂ ਹੀ ਇਸ ਤਰ੍ਹਾਂ ਦੇ ਮੰਤਰ ਮਿਲਦੇ ਹਨ ਜਿੰਨ੍ਹਾਂ ਵਿੱਚ ਰਾਧਾ ਜੀ ਨੂੰ ਵਿਸ਼ਨੂੰ ਜੀ ਦੀ ਪਤਨੀ ਦੱਸਿਆ ਗਿਆ ਹੈ। ਯਜੁਰਵੇਦ ਦੇ ਇੱਕ ਮੰਤਰ ਵਿੱਚ ਸ਼ਿਰੀ ਅਤੇ ਲਕਸ਼ਮੀ, ਇਨ੍ਹਾਂ ਦੋ ਪਤਨੀਆਂ ਦਾ ਸਪਸ਼ਟ ਵਰਣਨ ਮਿਲਦਾ ਹੈ। ਉਸ ਸਲੋਕ ਵਿੱਚ ਸ਼ਿਰੀ ਸ਼ਬਦ ਨਿਸ਼ਚਿਤ ਰੂਪ ਵਿੱਚ ਰਾਧਾ ਲਈ ਹੀ ਵਰਤਿਆ ਗਿਆ ਹੈ। ਉਪਨਿਸ਼ਦਾਂ ਵਿੱਚੋਂ ਰਾਧਿਕੋਪਨਿਸ਼ਦ ਤਾਂ ਮੁੱਖ ਰੂਪ ਵਿੱਚ ਰਾਧਾ ਨਾਲ ਹੀ ਸੰਬੰਧਿਤ ਹੈ, ਇਸ ਵਿੱਚ ਰਾਧਾ ਦੀ ਮਹਿਮਾ ਦਾ ਵਰਣਨ ਵਾਰਤਕ ਵਿੱਚ ਹੀ ਕੀਤਾ ਗਿਆ ਹੈ। ਰਾਧਾ ਸ਼ਬਦ ਦੀ ਉਤਪਤੀ ਰਾਸ ਧਾਤੂ ਤੋਂ ਹੈ। ਸ੍ਰੀ ਕ੍ਰਿਸ਼ਨ ਜੀ ਰਾਹੀਂ ਜੋ ਅਰਾਧਿਤ ਹੈ, ਉਹੀ ਰਾਧਾ ਹੈ। ਸ੍ਰੀ ਕ੍ਰਿਸ਼ਨ ਜੀ ਦੀ ਸਦਾ ਅਰਾਧਨਾ ਕਰਨ ਵਾਲੀ ਰਾਧਿਕਾ ਹੈ। ਸ੍ਰੀ ਕ੍ਰਿਸ਼ਨ ਜੀ ਇਨ੍ਹਾ ਦੀ ਅਰਾਧਨਾ ਕਰਦੇ ਹਨ।

ਰਾਧਾ ਜੀ ਨੂੰ ਵੈਦਿਕ, ਸਾਹਿਤਯ ਵਿੱਚ ਕਾਫੀ ਮਾਨ ਸਨਮਾਨ ਪ੍ਰਾਪਤ ਹੋ ਚੁੱਕਿਆ ਸੀ। ਇਸ ਤੋਂ ਵੱਧ ਸਥਾਨ ਅਤੇ ਸਨਮਾਨ ਰਾਧਾ ਜੀ ਨੂੰ ਪੁਰਾਣਾਂ ਵਿੱਚ ਮਿਲਿਆ। ਵਿਸ਼ਨੂੰ ਪੁਰਾਣ ਵਿੱਚ ਰਾਧਾ ਜੀ ਦਾ ਵਰਣਨ ਐਨਾ ਜ਼ਿਆਦਾ ਮਿਲਦਾ ਹੈ, ਕਿ ਇਸ ਅਧਾਰ ਤੇ ਉਸਦੀ ਪ੍ਰਾਚੀਨਤਾ ਤੇ ਸੰਦੇਹ ਹੋਣ ਲਗ ਪੈਂਦਾ ਹੈ। ਇਸ ਪੁਰਾਣ ਵਿੱਚ ਰਾਧਾ ਜੀ ਦਾ ਵਰਣਨ ਕਰਦਿਆਂ ਹੋਇਆਂ ਦੱਸਿਆ ਗਿਆ ਹੈ ਕਿ ਰਾਧਾ ਜੀ, ਪ੍ਰਕ੍ਰਿਤੀ ਅਤੇ ਸ੍ਰੀ ਕ੍ਰਿਸ਼ਨ ਜੀ ਦਾ ਸੁਮੇਲ ਹੈ। ਬ੍ਰਹਮਵੈਵਰਤ ਪੁਰਾਣ ਵਿੱਚ ਰਾਧਾ ਜੀ ਦੇ ਸਰੂਪ ਦਾ ਵਰਣਨ ਹੋਰ ਵੀ ਵਿਸਤਾਰ ਵਿੱਚ ਕੀਤਾ ਗਿਆ ਹੈ। ਇਸ ਪੁਰਾਣ ਦੇ ਪੰਦਰਹਵੇਂ ਅਧਿਆਇ ਵਿੱਚ ਰਾਧਾ ਜੀ ਦੇ ਸਰੂਪ ਦਾ ਵਰਣਨ ਹੈ। ਉਸ ਵਿੱਚ ਰਾਧਾ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਸੰਬੰਧ ਇਸ ਤਰ੍ਹਾਂ ਹਨ ਜਿਸ ਤਰ੍ਹਾਂ ਦੁੱਧ ਦੀ ਉਜੱਲਤਾ, ਅਤੇ ਪਾਣੀ ਦੀ ਸੀਤਲਤਾ ਹੁੰਦੀ ਹੈ।

ਰਾਧਾ ਜੀ ਦੀ ਤੁਲਨਾ ਸਾਵਿਤ੍ਰੀ, ਦੁਰਗਾ, ਸਰਸਵਤੀ, ਸਤੀ ਅਰਪਣਾ ਗੌਰੀ ਆਦਿ ਨਾਲ ਕੀਤੀ ਜਾਂਦੀ ਹੈ। ਰਕਾਰ ਦਾ ਉਚਾਰਣ ਕਰੋੜਾਂ ਜਨਮਾਂ

ਦੇ ਅੰਨ੍ਹਿਆਂ ਨੂੰ ਸੁਜਾਖਾ ਕਰਦਾ ਹੈ, ਆਕਾਰ, ਗਰਭ, ਮੌਤ ਅਤੇ ਰੋਗਾਂ ਤੋਂ ਛੁਡਾਉਂਦਾ ਹੈ, ਧਕਾਰ ਉਮਰ ਦੀ ਹਾਨੀ ਤੋਂ ਬਚਾਉਂਦਾ ਹੈ, ਅਕਾਰ ਸੰਸਾਰਿਕ ਬੰਧਨਾਂ ਤੋਂ ਮੁਕਤ ਕਰਾਉਂਦਾ ਹੈ। ਇੱਕ ਹੋਰ ਸਥਾਨ ਤੇ ਰਾਧਾ ਦੇ ਮਹੱਤਵ ਨੂੰ ਇਸ ਤਰ੍ਹਾਂ ਦੱਸਿਆ ਹੈ, ਰਾ ਸ਼ਬਦ ਮਹਾਂ ਵਿਸ਼ਨੂੰ ਦਾ ਵਾਚਕ ਹੈ, ਜਿਸਦੇ ਲੋਭ ਵਿੱਚ ਸਮੁੱਚਾ ਸੰਸਾਰ ਸਮਾਇਆ ਹੋਇਆ ਹੈ, ਧਾ ਸ਼ਬਦ ਵਿਸ਼ਵੰਭਰਾ ਦਾ ਵਾਚਕ ਹੈ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਜਿਸ ਸਮੇਂ ਬ੍ਰਹਮਵੈਵਰਤ ਪੁਰਾਣ ਦੀ ਰਚਨਾ ਹੋਈ ਸੀ, ਉਸ ਵੇਲੇ ਰਾਧਾ ਜੀ ਦੀ ਪ੍ਰਤਿਸ਼ਠਾ ਚਰਮ ਸ਼ਿਖਰਾਂ ਤੇ ਪਹੁੰਚ ਚੁੱਕੀ ਸੀ। ਹਿੰਦੀ ਦੇ ਮਹਾਂਕਵੀ ਵਿਦਿਆਪਤੀ ਨੇ ਵੀ ਰਾਧਾ ਦੀ ਅਪਾਰ ਸੁੰਦਰਤਾ, ਦਾ ਵਰਣਨ ਕੀਤਾ ਹੈ।

ਸੂਰਦਾਸ ਨੇ ਰਾਧਾ ਦਾ ਪ੍ਰਤੀਕਾਤਮਕ ਰੂਪ, ਰਾਧਾ ਦਾ ਬਾਲ ਸਹਚਰੀ ਰੂਪ ਅਤੇ ਰਾਧਾ ਦੇ ਬਲਭਾ ਰੂਪ ਦਾ ਵਰਣਨ ਕੀਤਾ ਹੈ। ਵੈਦਿਕ ਸਾਹਿਤਯ ਅਤੇ ਪੁਰਾਣ ਸਾਹਿੱਤ ਵਿੱਚ ਰਾਧਾ ਦੇ ਪ੍ਰਤੀਕਾਤਮਕ ਰੂਪ ਦਾ ਵਿਸਤਾਰ ਵਿੱਚ ਵਰਣਨ ਮਿਲਦਾ ਹੈ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਰਾਧਾ ਅਤੇ ਸ੍ਰੀ ਕ੍ਰਿਸ਼ਨ ਜੀ ਵਿੱਚ ਅਟੁੱਟ ਅਭਿੰਨਤਾ ਸੀ। ਰਾਧਾ ਅਤੇ ਸ੍ਰੀ ਕ੍ਰਿਸ਼ਨ ਦੋ ਨਹੀਂ ਸਨ, ਇਹ ਤਾਂ ਸਿਰਫ ਮਨੁੱਖਾ ਸਰੀਰ ਧਾਰਨ ਕਰਕੇ ਹੀ ਸੀ। ਰਾਧਾ ਅਤੇ ਸ੍ਰੀ ਕ੍ਰਿਸ਼ਨ ਜੀ ਦਾ ਸੰਬੰਧ ਉਨ੍ਹਾਂ ਦਾ ਨਾਂ, ਪ੍ਰੀਤ, ਪਿਆਰ ਜਨਮ-ਜਨਮਾਂਤ੍ਰਾਂ ਤੋਂ ਹੈ। ਰਾਧਾ ਦਾ ਸਥਾਨ ਸਾਰਿਆ ਨਾਲੋਂ ਸਰਵੋਤਮ ਹੈ। ਜਿਸ ਵੇਲੇ ਰਾਧਾ ਸ਼ਿੰਗਾਰ ਕਰਦੀ ਹੈ, ਉਸ ਵੇਲੇ ਲਕਸ਼ਮੀ ਪਾਰਵਤੀ, ਇੰਦਰਾਣੀ ਆਦਿ ਉਸਦੇ ਸ਼ਿੰਗਾਰ ਨੂੰ ਵੇਖਣ ਵਾਸਤੇ ਆਉਂਦੀਆਂ ਹਨ। ਉਹ ਰਾਧਾ ਦੇ ਅਪੂਰਵ ਸੁੰਦਰ ਰੂਪ ਨੂੰ ਵੇਖਕੇ ਫੁੱਲਾਂ ਦੀ ਵਰਖਾ ਕਰਦੀਆਂ ਹਨ ਅਤੇ ਬੜੇ ਪ੍ਰੇਮ ਨਾਲ ਰਾਧਾ ਦੇ ਗੁਣਾਂ ਦਾ ਗਾਣ ਕਰਦੀਆਂ ਹਨ। ਰਾਧਾ ਰੂਪ ਰਾਸ਼ੀ, ਸੁਖ ਰਾਸ਼ੀ, ਗੁਣ ਰਾਸ਼ੀ ਹੈ। ਇਸ ਦੀ ਉਪਾਸਨਾ ਕਰਨ ਵਾਲਿਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਚਰਨ ਪ੍ਰਾਪਤ ਹੁੰਦੇ ਹਨ, ਇਹ ਸੰਸਾਰ ਦੇ ਸੁਆਮੀ ਜਗਦੀਸ਼ ਦੀ ਪ੍ਰਿਯਤਮਾ, ਜਗਤ ਜਨਨੀ ਅਤੇ ਜਗਮਨੀ ਹੈ, ਜਿਹੜੀ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਮਿਲਕੇ ਬਿੰਦਰਾਬਨ ਦੀਆਂ ਗਲੀਆਂ ਵਿੱਚ ਨਿੱਤ ਵਿਚਰਦੀ ਹੈ। ਇਹ ਨਿਰਆਸਰਿਆਂ ਦਾ ਆਸਰਾ, ਅਤੇ ਆਪਣੇ ਭਗਤਾਂ ਪਿਆਰਿਆਂ ਦੀ ਮਰਿਯਾਦਾ ਦਾ ਪਾਲਨ ਕਰਵਾ ਕੇ ਉਨ੍ਹਾਂ ਦਾ ਮੰਗਲ ਕਰਦੀ ਹੈ। ਇਹ ਨਿਓਟਿਆਂ ਦੀ ਓਟ ਅਤੇ ਸਾਰੇ ਸੰਸਾਰਿਕ ਕਸ਼ਟਾਂ ਦਾ ਨਿਵਾਰਨ ਕਰਨ ਵਾਲੀ ਹੈ। ਉਨ੍ਹਾਂ ਦੀ ਤੁਲਨਾ ਕਰਨੀ ਅਸੰਭਵ ਹੈ।

ਬਿੰਦ੍ਰਾਬਨ ਵਿਖੇ ਰਹਿੰਦੇ ਬ੍ਰਿਖਭਾਨ ਦੀ ਸੁਪੁਤ੍ਰੀ ਦਾ ਨਾਮ ਰਾਧਿਕਾ ਸੀ। ਉਸਦਾ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਅਸੀਮ ਤੇ ਡੂੰਘਾ ਪਿਆਰ ਸੀ।

ਜੇਕਰ ਇਹ ਕਹਿ ਦਿੱਤਾ ਜਾਵੇ ਕਿ ਉਹ ਸ੍ਰੀ ਕ੍ਰਿਸ਼ਨ ਜੀ ਦੇ ਸਰੀਰ ਦਾ ਇੱਕ ਅਨਿੱਖੜਵਾਂ ਅਭਿੰਨ ਅੰਗ ਸਨ, ਤਾਂ ਕੋਈ ਅਤਿਕਥਨੀ ਨਹੀਂ। ਸ੍ਰੀ ਕ੍ਰਿਸ਼ਨ ਜੀ ਉਸਦੇ ਜੀਵਨ, ਪ੍ਰਾਣ ਆਧਾਰ, ਸਖਾ, ਮੀਤ, ਬੰਧਪ, ਸਾਜਨ ਸਭ ਕੁਝ ਹੀ ਸਨ। ਉਹ ਸ੍ਰੀ ਕ੍ਰਿਸ਼ਨ ਜੀ ਨਾਲ ਅਨੇਕ ਤਰ੍ਹਾਂ ਦੀਆਂ ਰਾਸ ਲੀਲਾਵਾਂ ਰਚਾਉਂਦੀ ਅਤੇ ਕਈ ਤਰ੍ਹਾਂ ਦੀਆਂ ਖੇਡਾਂ ਖੇਡਕੇ ਆਪਣੇ ਮਨ ਨੂੰ ਖੇੜਾ ਖੁਸ਼ੀ ਅਤੇ ਪ੍ਰਸੰਨਤਾ ਪ੍ਰਦਾਨ ਕਰਦੀ।

ਜਦੋਂ ਵੀ ਰਾਧਾ ਜੀ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਰਾਸ ਲੀਲਾ ਕਰਨ ਦਾ ਪਤਾ ਲਗਦਾ, ਉਹ ਭੱਜਕੇ ਸ੍ਰੀ ਕ੍ਰਿਸ਼ਨ ਜੀ ਦੇ ਕੋਲ ਪਹੁੰਚਦੇ। ਰਾਧਾ ਜੀ ਅਤਿਅੰਤ ਸੁੰਦਰ ਸਨ। ਉਨ੍ਹਾਂ ਦਾ ਮੁਖ ਨਿਰੋਲ ਪੁੰਨਿਆ ਦੇ ਚੰਦ੍ਰਮਾ ਵਰਗਾ ਸੀ ਅਤੇ ਉਨ੍ਹਾਂ ਦੇ ਸਰੀਰ ਦੀ ਚਮਕ ਦਮਕ ਸੋਨੇ ਵਰਗੀ ਸੀ। ਅਨੇਕਾਂ ਕਵੀਆਂ ਨੇ ਰਾਧਾ ਜੀ ਦੀ ਸੋਭਾ ਦਾ ਵਰਣਨ ਕਰਨ ਦੇ ਪ੍ਰਯਤਨ ਕੀਤੇ ਪਰ ਉਹ ਵਰਣਨ ਕਰਨ ਤੋਂ ਅਸਮਰਥ ਰਹੇ। ਰਾਧਾ ਜੀ ਚੜ੍ਹਦੀ ਜੁਆਨੀ ਵਿੱਚ ਸਨ। ਸੁੰਦਰਤਾ ਵਿੱਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਉਹ ਰੰਭਾ, ਉਰਵਸ਼ੀ, ਆਦਿਕ ਅਪੱਛਰਾਂ, ਸੱਚੀ ਅਤੇ ਮੰਦੋਦਰੀ ਨਾਲੋਂ ਵੀ ਸੁੰਦਰ ਸਨ, ਇਸ ਤਰ੍ਹਾਂ ਦੀ ਸੁੰਦਰੀ ਹੋਰ ਕੋਈ ਸਾਰੇ ਸੰਸਾਰ ਵਿੱਚ ਨਹੀਂ ਸੀ।

ਸਾਰੀਆਂ ਗੋਪੀਆਂ ਵਿੱਚੋਂ ਰਾਧਿਕਾ ਅਤਿ ਸੁੰਦਰ ਸੀ, ਬਾਕੀ ਦੀਆਂ ਗੋਪੀਆਂ ਜੇਕਰ ਕਾਲੇ ਬੱਦਲਾਂ ਦੀਆਂ ਘਟਾਵਾਂ ਹੋਣ ਤੇ ਰਾਧਾ ਜੀ ਉਨ੍ਹਾਂ ਸਾਰੀਆਂ ਵਿੱਚ ਬਿਜਲੀ ਰੂਪ ਹੋ ਕੇ ਚਮਕਦੇ ਸਨ। ਰਾਧਾ ਜੀ ਨੂੰ ਵੇਖਕੇ ਬ੍ਰਹਮਾ ਜੀ ਪ੍ਰਸੰਨ ਹੁੰਦੇ ਅਤੇ ਸ਼ਿਵਜੀ ਦੀ ਸਮਾਧੀ ਖੁਲ੍ਹ ਜਾਂਦੀ। ਉਨ੍ਹਾਂ ਨੂੰ ਵੇਖਕੇ ਰਤੀ ਮੋਹਿਤ ਹੋ ਜਾਂਦੀ ਅਤੇ ਰਤੀ ਦੇ ਪਤੀ ਕਾਮਦੇਵ ਦੇ ਮਨ ਵਿੱਚੋਂ ਆਪਣਾ ਸੁੰਦਰ ਹੋਣ ਦਾ ਹੰਕਾਰ ਟੁੱਟ ਜਾਂਦਾ। ਸੁੰਦਰਤਾ ਵੀ ਰਾਧਾ ਜੀ ਦੀ ਸੁੰਦਰਤਾ ਵੇਖਕੇ ਸ਼ਰਮਿੰਦਾ ਹੋ ਕੇ ਸਿਰ ਨੀਵਾਂ ਕਰ ਲੈਂਦੀ। ਲੋਕ, ਕਮਲ ਦੀ ਸੋਭਾ ਅੱਖਾਂ ਨੂੰ ਦਿੰਦੇ ਹਨ, ਰਾਧਾ ਜੀ ਦੀਆਂ ਅੱਖਾਂ ਹੀ ਕਮਲ ਸਨ। ਉਨ੍ਹਾਂ ਦੀ ਪ੍ਰਭਾ ਦੇ ਸਾਹਮਣੇ ਚੰਦ੍ਰਮਾ ਅਤੇ ਚਾਂਦਨੀ ਵੀ ਲੱਜਾਵਾਨ ਹੁੰਦੇ। ਉਹ ਤਾਂ ਸਾਰੀਆਂ ਇਸਤ੍ਰੀਆਂ ਵਿੱਚੋਂ ਰਾਜਾ ਇਸਤ੍ਰੀ ਜਾਣੀ ਗਈ। ਰਾਧਾ ਦੀ ਸੁੰਦਰਤਾ ਦੇ ਬਰਾਬਰ ਘ੍ਰਿਤਾਚੀ ਅਪੱਛਰਾ ਭੀ ਨਹੀਂ ਹੈ। ਕਾਮ ਦੀ ਇਸਤ੍ਰੀ ਰਤੀ ਭੀ ਰਾਧਾ ਦੇ ਸਾਹਮਣੇ ਸੁਹਣੀ ਨਹੀਂ ਅਤੇ ਜਿਸ ਦੀ ਮਹਾਨਤਾ ਵਿੱਚ ਇੰਦ੍ਰ ਦੀ ਵਹੁਟੀ ਸੱਚੀ ਭੀ ਬਰਾਬਰੀ ਨਹੀਂ ਕਰ ਸਕਦੀ। ਇੰਝ ਲਗਦਾ ਜਿਵੇਂ ਬ੍ਰਹਮਾ ਨੇ ਚੰਦ੍ਰਮਾ ਦਾ ਸਾਰਾ ਭਾਗ ਲੈ ਕੇ ਉਹ ਸਾਰੀ ਸੁੰਦਰਤਾ ਇਨ੍ਹਾਂ ਦੇ ਵਿੱਚ ਭਰ ਦਿੱਤੀ ਹੋਵੇ। ਰਾਧਾ ਜੀ ਸ੍ਰੀ ਕ੍ਰਿਸ਼ਨ ਜੀ ਦੇ ਬਿਲਾਸ ਕਰਨ ਵਾਸਤੇ ਹੀ ਇੱਕ ਬੜੀ ਵਚਿਤ੍ਰ ਚਿਤ੍ਰਕਾਰੀ ਵਾਲੀ ਮੂਰਤੀ ਬਣਾ ਦਿੱਤੀ ਹੋਵੇ।

ਇੱਕ ਤਾਂ ਰਾਧਾ ਅਤਿ ਅਨੂਪ ਤੇ ਸੁੰਦਰ ਸੀ ਅਤੇ ਦੂਸਰਾ ਉਹ ਬੜੇ ਸੁਹਣੇ ਢੰਗ ਨਾਲ ਸੁਸੱਜਿਤ ਹੁੰਦੀ। ਰਾਧਾ ਸਫੈਦ ਸੁੰਦਰ ਸਾੜੀ ਪਹਿਨਕੇ ਹੋਰ ਸੁੰਦਰ ਪ੍ਰਤੀਤ ਹੁੰਦੀ। ਹਿਰਨ ਵਰਗੀਆਂ ਅੱਖਾਂ ਵਿੱਚ ਸੁਰਮਾ ਪਾ ਲਿਆ ਅਤੇ ਚੰਗੇ-ਚੰਗੇ ਗਹਿਣਿਆਂ ਨਾਲ ਆਪਣਾ ਹਾਰ ਸ਼ਿੰਗਾਰ ਕਰ ਲਿਆ। ਕੋਇਲ ਦੇ ਗਲੇ ਨੂੰ ਰਾਧਾ ਨੇ ਚੁਰਾ ਲਿਆ ਅਤੇ ਉਸ ਦੇ ਹਾਵ-ਭਾਵਾਂ ਨੂੰ ਵੇਖਕੇ ਸਾਰੇ ਭਾਵਾਂ ਦਾ ਭਾਵ ਲੁੱਟਿਆ ਗਿਆ। ਰਾਧਾ ਦੀ ਸ਼ਾਨ-ਸ਼ੌਕਤ ਬੜੀ ਅਨੋਖੀ ਤੇ ਨਿਰਾਲੀ ਸੀ, ਤੇ ਇੰਝ ਹਾਰ ਸ਼ਿੰਗਾਰ ਕਰਕੇ, ਸੁਸੱਜਿਤ ਹੋ ਕੇ, ਅਨੂਪ ਰੂਪ ਸਰੂਪ ਵਾਲੀ ਰਾਧਾ ਆਪਣੇ ਪਿਆਰੇ ਕਾਨ੍ਹਰ ਦੇ ਨਾਲ ਰਾਸ ਦੀ ਖੇਡ ਰਚਾਉਂਦੀ ਸੀ। ਹੋਰ ਗੋਪੀਆਂ ਨਾਲ ਮਿਲਕੇ ਰਾਧਾ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਖੇਡਦੀ ਕਿਉਂਕਿ ਸ੍ਰੀ ਕ੍ਰਿਸ਼ਨ ਜੀ ਵਾਸਤੇ ਹੀ ਗੋਪੀਆਂ ਨੇ ਲੋਕਾਂ ਦੇ ਹਾਸੇ ਮਖੌਲ ਸਹਿਣ ਕੀਤੇ। ਦੂਸਰੇ ਪਾਸੇ ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਮੁਖੜੇ ਤੇ ਰਾਧਾ ਵੀ ਕੋਈਂ ਘੱਟ ਮੋਹਿਤ ਨਹੀਂ ਸੀ।

**ਸੋਵਤ ਥੀ ਜਨੁ ਲਾਜ ਕੀ ਨੀਂਦ ਮੈ**
**ਲਾਜ ਕੀ ਨੀਂਦ ਤਜੀ ਅਬ ਜਾਗੀ।।**
**ਜਾ ਕੋ ਮੁਨੀ ਨਹਿ ਅੰਤ ਲਹੈ ਇਹ**
**ਤਾਹੀ ਸੋ ਖੇਲ ਕਰੈ ਬਡਭਾਗੀ।।**

ਰਾਧਾ ਅਤਿਅੰਤ ਭਾਗਾਂ ਵਾਲੀ ਸੀ, ਜਿਸਨੂੰ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਖੇਡਣ ਦਾ ਅਵਸਰ ਪ੍ਰਾਪਤ ਹੋਇਆ। ਸ੍ਰੀ ਕ੍ਰਿਸ਼ਨ ਜੀ ਬੜੇ ਖੁਲ੍ਹ ਕੇ ਹੱਸੇ ਅਤੇ ਕਿਹਾ-

**ਖੇਲਹੁ ਗਾਵਹੁ ਪ੍ਰੇਮ ਸੋ ਸੁਨ ਸਮ ਕੰਚਨ ਗਾਤ।।**

ਇੱਕ ਸਮੇਂ ਤਾਂ ਰਾਧਾ ਆਪਣੇ ਕਾਨ੍ਹਰ ਕਾਲੇ ਨਾਲ ਖੇਡਾਂ ਕਰਦੀ ਤੇ ਦੂਜੇ ਪਾਸੇ ਖੇਡਾਂ ਦੇ ਨਾਲ ਆਪਣੀਆਂ ਸੁੰਦਰ ਮਧੁਰ ਧੁਨਾਂ ਰਾਹੀਂ ਗੀਤ ਗਾ ਕੇ ਵਾਤਾਵਰਨ ਹੋਰ ਸੁਹਾਵਣਾ ਬਣਾ ਦਿੰਦੀ। ਚੰਦ ਦੀ ਚਾਂਦਨੀ ਵਿੱਚ ਜਦੋਂ ਸ੍ਰੀ ਕ੍ਰਿਸ਼ਨ ਜੀ ਰਾਸ ਨੂੰ ਖੇਡਣ ਲੱਗ ਪਏ, ਉਸ ਵੇਲੇ ਰਾਧਾ ਦਾ ਮੂੰਹ ਚੰਦ ਵਰਗਾ ਸੁੰਦਰ ਵੇਖਕੇ, ਉਸਦੇ ਵਿੱਚ ਹੀ ਉਨ੍ਹਾਂ ਦਾ ਮਨ ਮਿਲ ਗਿਆ। ਰਾਧਾ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਿਤ ਨੂੰ ਚੁਰਾ ਲਿਆ। ਰਾਧਾ ਨੇ ਠੱਗਣੀ ਬਣ ਕੇ ਸ੍ਰੀ ਕ੍ਰਿਸ਼ਨ ਦੀਆਂ ਅੱਖਾਂ ਨੂੰ ਰਸ ਦਾ ਭੁਲਾਵਾ ਦੇ ਕੇ ਠੱਗ ਲਿਆ। ਰਾਧਾ ਸੁੰਦਰ ਸ਼ਿੰਗਾਰ ਕਰ ਕੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਖੇਡਾਂ ਖੇਡਦੇ। ਜਿਸ ਤਰ੍ਹਾਂ ਮਾਲਾ ਦੇ ਵਿੱਚ ਮਣੀ ਸ਼ੋਭਾ ਪਾਉਂਦੀ ਹੈ, ਉਸੇ ਤਰ੍ਹਾਂ ਹੀ ਇਸਤ੍ਰੀਆਂ, ਤੇ ਇਸਤ੍ਰੀਆਂ ਦਾ ਰਾਜਾ ਰੂਪ ਰਾਧਿਕਾ ਸੋਭਾ ਪਾ ਰਹੀ ਹੈ। ਮਹਾਂ-ਸੁੰਦਰ ਸ੍ਰੀ ਕ੍ਰਿਸ਼ਨ ਜੀ ਦੇ ਮੁਖੜੇ ਨੂੰ ਵੇਖਕੇ ਰਾਧਾ ਅਤਿਅੰਤ ਪ੍ਰਸੰਨ ਹੁੰਦੀ ਹੈ, ਸ੍ਰੀ ਕ੍ਰਿਸ਼ਨ ਜੀ ਜਮਨਾ ਨਦੀ ਦੇ ਕੰਢੇ ਉੱਤੇ ਬੈਠੇ ਹੋਏ ਸਨ। ਫੁੱਲਾਂ ਵਾਲਾ

ਜੰਗਲ ਸੋਭਾ ਪਾ ਰਿਹਾ ਸੀ।

**ਸਵੈਯਾ।। ਬ੍ਰਿਖਭਾਨ ਸੁਤਾ ਸੰਗ ਖੇਲਨ ਕੀ**
**ਹਸਿ ਕੈ ਹਰਿ ਸੁੰਦਰ ਬਾਤ ਕਹੈ।।**
**ਸੁਨ ਏ ਜਿਹ ਕੇ ਮਨ ਆਨੰਦ ਬਾਢਤ**
**ਜਾ ਸੁਨ ਕੈ ਸਭ ਸੋਕ ਦਹੈ।।**
**ਤਿਹ ਕਉਤਕ ਕੋ ਮਨ ਗੋਪਿਨ ਕੋ**
**ਕਬਿ ਸਯਾਮ ਕਹੈ ਦਿਖਬੋ ਈ ਚਹੈ।।**
**ਨਭਿ ਮੈ ਪਿਖਿ ਕੈ ਸੁਰ ਗੰਧ੍ਰਬ ਜਾਇ**
**ਚਲਯੋ ਨਹੀ ਜਾਇ ਸੁ ਰੀਝ ਰਹੈ।।**

ਰਾਧਾ ਜੀ ਆਪਣੀਆਂ ਸਖੀਆਂ ਦਾ ਝੁੰਡ ਨਾਲ ਲੈ ਕੇ ਅਤੇ ਮਨ ਵਿੱਚ ਅਤਿ ਪ੍ਰਸੰਨ ਹੋ ਕੇ ਸ੍ਰੀ ਕ੍ਰਿਸ਼ਨ ਜੀ ਨਾਲ ਮਿਲਕੇ ਨੱਚਦੇ ਖੇਡਦੇ ਅਤੇ ਗਾਉਂਦੇ ਸਨ। ਸ੍ਰੀ ਰਾਧਾ ਜੀ ਰਸ ਕੇਲ ਵਿੱਚ ਬਿਹਬਲ ਹੋ ਕੇ ਸ੍ਰੀ ਕ੍ਰਿਸ਼ਨ ਜੀ ਨਾਲ ਰੰਗ ਰਲੀਆਂ ਮਨਾਉਂਦੇ। ਖੇਡਣ ਦੇ ਵਾਸਤੇ ਸ੍ਰੀ ਕ੍ਰਿਸ਼ਨ ਜੀ ਨੇ ਮਹਾ-ਸੁੰਦਰ ਮੂਰਤੀ ਦੇ ਵਾਂਗ ਹੀ ਗੋਪੀਆਂ ਦੀ ਸਭਾ ਬਣਾਈ, ਜਿਸ ਤਰ੍ਹਾਂ ਹੋਰ ਸਾਰੀਆਂ ਗੋਪੀਆਂ ਤਾਰਿਆਂ ਦੇ ਸਮਾਨ ਹੋਣ ਅਤੇ ਰਾਧਾ ਉਨ੍ਹਾਂ ਦੇ ਵਿੱਚ ਚੰਦ੍ਰਮਾ ਦੇ ਸਮਾਨ ਸਨ। ਸ੍ਰੀ ਕ੍ਰਿਸ਼ਨ ਜੀ ਦੀ ਆਗਿਆ ਅਨੁਸਾਰ ਰਾਧਾ ਜੀ ਖੇਡਣ ਲਗ ਪਏ। ਸੁੰਦਰ ਇਸਤ੍ਰੀਆਂ ਨੂੰ ਆਪਸ ਵਿੱਚ ਹੱਥਾਂ ਨਾਲ ਹੱਥ ਫੜਕੇ, ਗੋਲ ਘੇਰੇ ਜਿਹੇ ਵਿੱਚ ਹੋ ਕੇ ਗਾਉਂਦੀਆਂ ਵੇਖਕੇ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਮਨ ਵਿੱਚ ਅਕਹਿ ਸੁਖ ਪ੍ਰਾਪਤ ਕੀਤਾ। ਸਾਰੀਆਂ ਗੋਪੀਆਂ ਦੇ ਝੁੰਡ ਵਿੱਚ ਰਾਧਾ ਜੀ ਸ੍ਰੀ ਕ੍ਰਿਸ਼ਨ ਜੀ ਨੂੰ ਖੁਸ਼ ਕਰਨ ਵਾਸਤੇ ਗਾਉਂਦੇ। ਘਣੇ ਬੱਦਲਾਂ ਵਿੱਚ ਬਿਜਲੀ ਦੇ ਲਿਸ਼ਕਣ ਵਾਂਗ ਪ੍ਰੇਮ-ਰੱਤੀ ਰਾਧਿਕਾ ਨਾਚ ਕਰਦੀ ਹੋਈ ਇੰਝ ਲਗਦੀ ਜਿਵੇਂ ਚੇਤ ਦੀ ਰੁੱਤ ਵਿੱਚ ਕੋਇਲ ਆਪਣੇ ਮਨ ਵਿੱਚ ਆਨੰਦ ਪ੍ਰਾਪਤ ਕਰਕੇ ਬਨ ਵਿੱਚ ਕੂਕ ਰਹੀ ਹੋਵੇ। ਜਿਹੜੀ ਗੱਲ ਸ੍ਰੀ ਕ੍ਰਿਸ਼ਨ ਜੀ ਸੋਚਦੇ, ਰਾਧਾ ਜੀ ਉਸਨੂੰ ਆਪਣੇ ਆਪ ਜਾਣ ਲੈਂਦੇ।

ਸ੍ਰੀ ਕ੍ਰਿਸ਼ਨ ਜੀ ਨੇ ਕੁੰਜ ਗਲੀਆਂ ਵਿੱਚ ਛੁਹਣ-ਛੁਹਾਈ ਦਾ ਖੇਡ ਅਰੰਭ ਕੀਤਾ।

**ਸਵੈਯਾ।। ਕਾਨ੍ਹ ਛੁਹਯੋ ਚਹੈ ਗ੍ਵਾਰਨਿ ਕੋ**
**ਸੋਊ ਭਾਗ ਚਲੈ ਨਹੀ ਦੇਤ ਛੁਹਾਈ।।**
**ਜਿਉ ਮ੍ਰਿਗਨੀ ਅਪਨੇ ਪਤਿ ਕੋ ਰਤਿ**
**ਕੇਲ ਸਮੇ ਨਹੀ ਦੇਤ ਮਿਲਾਈ।।**
**ਕੁੰਜਨ ਭੀਤਰ ਤੀਰ ਨਦੀ**

ਬ੍ਰਿਖਭਾਨ ਸੁਤਾ ਸੁ ਫਿਰੈ ਤਹ ਧਾਈ।।
ਠਉਰ ਤਹਾ ਕਬਿ ਸਯਾਮ ਕਹੈ
ਇਹ ਭਾਂਤ ਸੋ ਸਯਾਮ ਜੂ ਖੇਲ ਮਚਾਈ।।

ਰਾਧਾ ਜੀ ਕੁੰਜ ਗਲੀਆਂ ਵਿੱਚ ਨਦੀ ਦੇ ਕੰਢੇ ਉੱਤੇ ਭੱਜਦੇ ਫਿਰਦੇ ਸਨ। ਕ੍ਰਿਸ਼ਨ ਜੀ ਨੇ ਇਸ ਤਰ੍ਹਾਂ ਦੀ ਖੇਡ ਮਚਾਈ ਹੋਈ ਸੀ ਰਾਧਾ ਜੀ ਨੂੰ ਨੈਣਾਂ ਦੇ ਤੀਰਾਂ ਨਾਲ ਵਿੰਨ੍ਹ ਲਿਆ ਸੀ, ਮਾਨੋਂ ਭੋਹਾਂ ਦੀ ਕਮਾਨ ਚੜ੍ਹਾਕੇ ਸ਼ਿਕਾਰ ਮਾਰਿਆ ਹੈ। ਰਾਧਾ ਜੀ ਧਰਤੀ ਤੇ ਝੂਮਦੇ ਇੰਝ ਡਿੱਗ ਪਏ ਜਿਵੇਂ ਸ਼ਿਕਾਰੀ ਨੇ ਹਰਨੀ ਨੂੰ ਤੀਰ ਮਾਰ ਕੇ ਸੁੱਟ ਲਿਆ ਹੋਵੇ। ਜਦੋਂ ਰਾਧਾ ਜੀ ਧਰਤੀ ਉੱਤੇ ਬੇਸੁੱਧ ਹੋ ਕੇ ਡਿੱਗ ਪਏ, ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਦੀ ਸੁੱਧ ਲੈਣ ਆਏ ਤਾਂ ਰਾਧਾ ਜੀ ਅੱਗੇ ਵੱਲ ਨੂੰ ਉਠਕੇ ਭੱਜ ਪਏ। ਮਹਾ-ਰਸੀਏ ਸ੍ਰੀ ਕ੍ਰਿਸ਼ਨ ਜੀ ਰਾਧਾ ਜੀ ਦੇ ਪਿੱਛੇ-ਪਿੱਛੇ ਦੌੜੇ ਜਿਵੇਂ ਜ਼ਖਮੀ ਹੋ ਚੁੱਕੀ ਹਰਨੀ ਸਵਾਰ ਦੇ ਅੱਗੇ-ਅੱਗੇ ਭੱਜੀ ਜਾਂਦੀ ਹੋਈ ਕਦੇ ਪਿਛਾਂਹ ਭੀ ਪਰਤ ਕੇ ਵੇਖ ਲੈਂਦੀ ਹੈ, ਇਸ ਤਰ੍ਹਾਂ ਹੀ ਰਾਧਾ ਜੀ ਕਰਦੇ ਸਨ। ਇੰਝ ਲਗਦਾ ਸੀ ਸ੍ਰੀ ਕ੍ਰਿਸ਼ਨ ਜੀ ਨੇ ਰਾਧਾ ਨੂੰ ਬਹੁਤ ਦੂਰ ਤਕ ਭਜਾ ਭਜਾ ਕੇ ਹਾਰ ਮਨਾਉਣੀ ਹੋਵੇ।

ਸੁੰਦਰ ਮਨ ਵਾਲੀ ਰਾਧਿਕਾ ਸ੍ਰੀ ਕ੍ਰਿਸ਼ਨ ਦੇ ਪ੍ਰੇਮ ਨਾਲ ਮਸਤ ਹੋ ਰਹੀ ਸੀ ਅਤੇ ਦੀਵਾਨੀ ਹੋ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਢੂੰਢ ਰਹੀ ਸੀ। ਸ੍ਰੀ ਕ੍ਰਿਸ਼ਨ ਜੀ ਨਿਸੰਕੋਚ ਭਾਵ ਨਾਲ ਰਾਧਾ ਨਾਲ ਅਠਖੇਲੀਆਂ ਤੇ ਕ੍ਰੀੜਾਵਾਂ ਉਸ ਸਥਾਨ ਤੇ ਕਰਦੇ, ਜਿੱਥੇ ਚੰਦ੍ਰਮਾਂ ਦੀ ਚਾਂਦਨੀ ਫੈਲ ਰਹੀ ਸੀ; ਜਿੱਥੇ ਚੰਮੇਲੀ ਦੇ ਫੁੱਲ ਪੱਤ੍ਰਾਂ ਦੀ ਸੇਜ ਵਿਛੀ ਹੋਈ ਸੀ, ਜਿੱਥੇ ਚਿੱਟੇ-ਚਿੱਟੇ ਫੁੱਲ ਸੋਭਾ ਪਾ ਰਹੇ ਸਨ; ਜਿੱਥੇ ਕੋਲ ਹੀ ਜਮਨਾ ਨਦੀ ਹੰਸ ਵਰਗੀ ਚਾਲ ਚਲ ਰਹੀ ਸੀ। ਰਾਧਾ ਜੀ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਜਦੋਂ ਚੰਦ੍ਰਭਗਾ ਨਾਲ ਨੱਚਦਿਆਂ ਵੇਖਿਆ, ਉਨ੍ਹਾਂ ਦੇ ਮਨ ਵਿੱਚ ਇਹ ਭਰੋਸਾ ਹੋ ਗਿਆ ਕਿ ਹੁਣ ਕ੍ਰਿਸ਼ਨ ਜੀ ਰਾਧਾ ਨੂੰ ਪਿਆਰ ਨਹੀਂ ਕਰਦੇ। ਇਹ ਗੱਲ ਸੋਚਣ ਨਾਲ ਹੀ ਰਾਧਾ ਜੀ ਦੀਆਂ ਸਾਰੀਆਂ ਖੁਸ਼ੀਆਂ, ਗਮੀਆਂ ਵਿੱਚ ਬਦਲ ਗਈਆਂ, ਤੇ ਰਾਧਾ ਜੀ ਨੇ ਮਨ ਵਿੱਚ ਪੂਰਨ ਰੂਪ ਵਿੱਚ ਸੋਚ ਲਿਆ ਕਿ ਸਾਰੀਆਂ ਗੋਪੀਆਂ ਰਾਧਾ ਜੀ ਨਾਲੋਂ ਅਤਿ ਸੁਹਣੀਆਂ ਹਨ। ਇਸ ਲਈ ਇਹ ਨਿਰਣਾ ਕਰ ਲਿਆ-

ਕਹਿ ਕੈ ਇਹ ਭਾਂਤ ਸੋਊ ਤਬ ਹੀ
ਅਪਨੇ ਮਨ ਮੈ ਇਹ ਬਾਤ ਬਿਚਾਰੀ।।
ਪ੍ਰੀਤ ਕਰੀ ਹਰਿ ਆਨਹਿ ਸੋ ਤਜਿ
ਖੇਲ ਸਭੈ ਉਠਿ ਧਾਮ ਸਿਧਾਰੀ।।

**ਐਸ ਕਰੀ ਗਨਤੀ ਮਨ ਮੈ**
**ਉਪਮਾ ਤਿਹ ਕੀ ਕਬਿ ਸਯਾਮ ਉਚਾਰੀ।।**
**ਤ੍ਰੀਯਨ ਬੀਚ ਚਲੈ ਗੀ ਕਥਾ**
**ਬ੍ਰਿਖਭਾਨ ਸੁਤਾ ਬ੍ਰਿਜ ਨਾਥ ਬਿਸਾਰੀ।।**

ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਅਤੇ ਰਾਧਾ ਜੀ ਆਪਸ ਵਿੱਚ ਪਿਆਰ ਨਾਲ ਖੇਲ-ਕ੍ਰੀੜਾਵਾਂ ਰਾਸ-ਲੀਲਾਵਾਂ ਕਰਦੇ ਅਤੇ ਆਪਸ ਵਿੱਚ ਰੁੱਸਣ ਤੇ ਮੰਨਣ ਮਨਾਉਣ ਦਾ ਸਿਲਸਿਲਾ ਕੁੰਜ ਗਲੀਆਂ ਵਿੱਚ ਚਲਦਾ ਰਿਹਾ। ਪਰ ਇਹ ਸਿਲਸਿਲਾ ਬਹੁਤੇ ਚਿਰ ਤਕ ਨਾ ਚਲ ਸਕਿਆ। ਸ੍ਰੀ ਕ੍ਰਿਸ਼ਨ ਜੀ ਨੂੰ ਆਪਣੇ ਮੰਤਵਾਂ ਦੀ ਪੂਰਤੀ ਲਈ ਬ੍ਰਿਜ ਛੱਡ ਕੇ ਮਥਰਾ ਪੁਰੀ ਜਾਣਾ ਪਿਆ। ਗੋਪੀਆਂ ਰੋਂਦੀਆਂ ਕੁਰਲਾਂਦੀਆਂ ਪਿੱਛੇ ਰਹਿ ਗਈਆਂ।

ਸ੍ਰੀ ਕ੍ਰਿਸ਼ਨ ਜੀ ਮਥਰਾ ਜਾ ਕੇ ਆਪਣੇ ਰੁਝੇਵਿਆਂ ਵਿੱਚ ਲੱਗ ਗਏ, ਕੁਝ ਚਿਰ ਲਈ ਗੋਪੀਆਂ ਅਤੇ ਉਨ੍ਹਾਂ ਦਾ ਪਿਆਰ ਵਿਸਰ ਗਿਆ, ਪਰ ਇਧਰ ਬ੍ਰਿਜ ਵਿਖੇ ਗੋਪੀਆਂ ਦੀ ਤੜਪ ਦਿਨ ਪ੍ਰਤੀਂ ਦਿਨ ਵਧਦੀ ਗਈ। ਉਹ ਅਤਿ ਵਿਆਕੁਲ ਹੋ ਗਈਆਂ, ਉਨ੍ਹਾਂ ਦਾ ਸੁਖ-ਚੈਨ ਖਤਮ ਹੋ ਗਿਆ, ਉਹ ਹਰ ਵੇਲੇ ਚਿੰਤਾਤੁਰ ਰਹਿੰਦੀਆਂ, ਇਸ ਕਰਕੇ ਉਨ੍ਹਾਂ ਦੇ ਮਨ ਅਤੇ ਤਨ ਦੋਵੇਂ ਪੀੜਿਤ ਹੋ ਗਏ, ਉਨ੍ਹਾਂ ਦੇ ਤਨ ਕੁਮਦਨੀ ਵਾਂਗ ਮੁਰਝਾ ਗਏ, ਬਹਾਰ, ਖੇੜਾ ਖਤਮ ਹੋ ਗਏ, ਉਦਾਸੀ ਗਮੀ ਕਰ ਕੇ ਗੋਪੀਆਂ ਦੇ ਤਨ ਖੀਨ ਹੋ ਗਏ। ਸ੍ਰੀ ਕ੍ਰਿਸ਼ਨ ਜੀ ਨੇ ਇੱਕ ਦਿਨ ਉਨ੍ਹਾਂ ਦਾ ਹਾਲ ਪਤਾ ਪੁੱਛਣ ਲਈ ਅਤੇ ਸਾਂਤਵਨਾ ਦੇਣ ਲਈ ਊਧੋ ਨੂੰ ਭੇਜਿਆ ਕਿ ਉਹ ਬ੍ਰਿਜ ਵਿਖੇ ਜਾ ਕੇ ਗੋਪੀਆਂ ਨੂੰ ਗਿਆਨ ਦੇ ਕੇ ਸ਼ਾਂਤ ਕਰ ਆਉਣ।

ਊਧੋ ਨੂੰ ਵੇਖ ਕੇ ਸਾਰੀਆਂ ਗੋਪੀਆਂ ਤੜਪੜਾ ਉਠੀਆਂ ਅਤੇ ਸਾਰੀਆਂ ਗੋਪੀਆਂ ਤੋਂ ਵੱਧ ਤੜਪ ਉੱਠੀ ਬ੍ਰਿਖਭਾਨ ਦੀ ਲੜਕੀ ਰਾਧਾ। ਉਹ ਅਤਿਅੰਤ ਦੁਖੀ ਹੋ ਕੇ ਊਧੋ ਨੂੰ ਕਹਿਣ ਲੱਗੀ ਕਿ ਉਸਨੂੰ ਗਹਿਣੇ, ਭੋਜਨ, ਬਸਤ੍ਰ ਤੇ ਘਰ ਆਦਿਕ ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਚੰਗਾ ਨਹੀਂ ਲਗਦਾ। ਇਸ ਤਰ੍ਹਾਂ ਦੇ ਬਚਨ ਕਰਨ ਨਾਲ ਉਨ੍ਹਾਂ ਦੇ ਨੈਣ ਸ੍ਰੀ ਕ੍ਰਿਸ਼ਨ ਜੀ ਦੇ ਵਿਯੋਗ ਦੇ ਵੱਸ ਵਿੱਚ ਹੋ ਗਏ, ਅਤੇ ਰਾਧਾ ਜੀ ਦੇ ਨੇਤਰਾਂ ਵਿੱਚੋਂ ਦੁੱਖ ਕਰ ਕੇ ਜਲ ਵਗਣ ਲੱਗ ਪਿਆ। ਉਹ ਪ੍ਰੇਮ ਰਸ ਵਿੱਚ ਮਸਤ ਹੋ ਗਏ, ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਯਾਦ ਕਰ ਕਰ ਕੇ ਰੋਣ ਲੱਗ ਪਏ। ਅੱਖਾਂ ਵਿੱਚੋਂ ਜਲ ਨਿਕਲਣ ਨਾਲ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਕੱਜਲ ਨਿਕਲ ਕੇ ਅੱਖਾਂ ਦੇ ਜਲ ਰਾਹੀਂ ਬਾਹਰ ਨਿਕਲਣ ਲੱਗ ਪਿਆ। ਚੰਦ੍ਰਮਾਂ ਨੂੰ ਜੋ ਕਲੰਕ ਲੱਗਾ ਹੋਇਆ ਸੀ, ਉਹ ਕਲੰਕ ਹੀ ਰਾਧਾ ਜੀ ਦੀਆਂ ਅੱਖਾਂ ਰਾਹੀਂ ਨੁਚੱੜ ਕੇ ਨਿਕਲ ਰਿਹਾ ਸੀ। ਰਾਧਾ ਜੀ ਨੇ ਆਪਣੇ ਮਨ ਵਿੱਚ ਧੀਰਜ ਧਾਰਨ ਕੀਤਾ ਅਤੇ

ਊਧੋ ਜੀ ਨਾਲ ਬਚਨ ਕਰਨੇ ਸ਼ੁਰੂ ਕਰ ਦਿੱਤੇ—ਸ੍ਰੀ ਕ੍ਰਿਸ਼ਨ ਜੀ ਨੇ ਬ੍ਰਿਜ ਵਿੱਚ ਵੱਸਣ ਵਾਲਿਆਂ ਨਾਲੋਂ ਇੱਕ ਦਮ ਹੀ ਪ੍ਰੇਮ ਤਿਆਗ ਦਿੱਤਾ ਹੈ, ਸਾਡੇ ਵਿੱਚ ਹੀ ਕੋਈ ਘਾਟ ਹੋਵੇਗੀ, ਕੋਈ ਖੋਟ ਹੋਵੇਗਾ ਜਿਸ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਜਾਣ ਲਿਆ ਹੈ। ਜਿਸ ਵੇਲੇ ਸ੍ਰੀ ਕ੍ਰਿਸ਼ਨ ਜੀ ਰੱਥ ਵਿੱਚ ਬੈਠੇ ਸਨ, ਉਨ੍ਹਾਂ ਨੇ ਸਾਡੇ ਵੱਲ ਵੇਖਿਆਂ ਤਕ ਨਹੀਂ ਸੀ। ਬ੍ਰਿਜ ਨੂੰ ਤਿਆਗ ਕੇ ਮਥਰਾ ਪੁਰੀ ਚਲੇ ਗਏ ਹਨ, ਇਸ ਤੋਂ ਸਪਸ਼ਟ ਹੈ, ਸਾਡੇ ਭਾਗ ਹੀ ਮੰਦੇ ਹਨ।

**ਸਵੈਯਾ।।ਗਹਿ ਧੀਰਜ ਊਧਵ ਸੋ ਬਚਨਾ।।**
**ਬ੍ਰਿਖਭਾਨ ਸੁਤਾ ਇਹ ਭਾਂਤਿ ਉਚਾਰੇ।।**
**ਨੇਹੁ ਤਜਯੋ ਬ੍ਰਿਜਬਾਸਨ ਸੋ,**
**ਤਿਹ ਤੇ ਕਛੂ ਜਾਨਤ ਦੋਖ ਬਿਚਾਰੇ।।**
**ਬੈਠ ਗਏ ਰਥ ਭੀਤਰ ਆਪ**
**ਨਹੀ ਇਨ ਕੀ ਸੋਊ ਓਰ ਨਿਹਾਰੇ।।**
**ਤਯਾਗਿ ਗਏ ਬ੍ਰਿਜ ਕੋ ਮਥਰਾ**
**ਹਮ ਜਾਨਤ ਹੈ ਘਟ ਭਾਗ ਹਮਾਰੇ।।**

ਊਧੋ ਰਾਹੀਂ ਰਾਧਾ ਜੀ ਨੇ ਆਪਣੇ ਪਿਆਰੇ ਕੰਤ ਲਈ ਸੁਨੇਹਾ ਭੇਜਿਆ,"ਹੇ ਊਧੋ ਜਦੋਂ ਤੁਸੀਂ ਮਥਰਾ ਵਿੱਚ ਜਾਵੋ, ਮੇਰੇ ਵੱਲੋਂ ਇਹ ਬੇਨਤੀ ਕਰਨੀ, ਸਭ ਤੋਂ ਪਹਿਲਾਂ ਦਸ ਘੜੀਆਂ ਤਕ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨੂੰ ਫੜ ਰੱਖੀਂ ਤੇ ਫਿਰ ਉਹਨਾਂ ਨੂੰ ਮੇਰੇ ਨਾਮ ਦਾ ਚੇਤਾ ਕਰਾਉਣਾ। ਉਸ ਤੋਂ ਬਾਅਦ ਫਿਰ ਸ੍ਰੀ ਕ੍ਰਿਸ਼ਨ ਜੀ ਨੂੰ ਕਹਿਣਾਂ ਕਿ ਤੁਸੀਂ ਸਾਡੇ ਨਾਲ ਹਿਤ ਜੋੜ ਗਏ ਹੋ ਪਰ ਕਦੇ ਤੇ ਸਾਡੇ ਹਿਤ ਨੂੰ ਯਾਦ ਕਰ ਲਵੋ। ਜਦੋਂ ਤੋਂ ਮੇਰਾ ਮਨ ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਨਾਲ ਭਰਿਆ ਹੈ, ਉਸ ਵੇਲੇ ਤੋਂ ਹੀ ਸਾਰੀਆਂ ਗੱਲਾਂ ਛੱਡ ਦਿੱਤੀਆਂ ਸਨ। ਉਨ੍ਹਾਂ ਨੂੰ ਯਾਦ ਕਰਾਉਣਾ, ਜਦੋਂ ਉਹ ਬਨ ਵਿੱਚ ਮੇਰੇ ਨਾਲ ਅੜ ਖਲੋਤੇ ਸਨ, ਮੇਰੇ ਨਾਲ ਰੁੱਸ ਗਏ ਸਨ, ਉਦੋਂ ਮੈਂ ਮਾਣ ਕੀਤਾ ਸੀ, ਉਹਨਾਂ ਨੇ ਮੇਰੇ ਨਾਲ ਜੋ ਖੇਲ ਕੀਤੇ ਸਨ, ਉਹਨਾਂ ਨੂੰ ਮਨ ਵਿੱਚ ਚੇਤੇ ਕਰੋ, ਮੇਰੇ ਨਾਲ ਜੋ ਪ੍ਰੇਮ ਪਿਆਰ ਦੀਆਂ ਗੱਲਾਂ ਕੀਤੀਆਂ ਸਨ, ਉਨ੍ਹਾਂ ਨੂੰ ਆਪਣੇ ਚਿਤ ਵਿੱਚ ਚੇਤੇ ਕਰੋ, ਬ੍ਰਿਜ ਨੂੰ ਕਿਸ ਕਰਕੇ ਤਿਆਗ ਦਿੱਤਾ ਹੈ ਅਤੇ ਮਥਰਾ ਕਿਉਂ ਚਲੇ ਗਏ ਹੋ ? ਸਾਨੂੰ ਪਤਾ ਹੈ, ਇਸ ਵਿੱਚ ਤੁਹਾਡਾ ਕੋਈ ਦੋਸ਼ ਨਹੀ, ਸਾਡੇ ਭਾਗ ਹੀ ਮੰਦੇ ਹਨ ? ਅਸੀ ਜ਼ਰੂਰ ਕੋਈ ਭੈੜੇ ਕਰਮ ਕੀਤੇ ਹਨ।"

ਰਾਧਾ ਜੀ ਦੇ ਵਿਯੋਗ ਭਰਪੂਰ ਬਚਨ ਸੁਣ ਕੇ ਊਧੋ ਨੇ ਰਾਧਾ ਜੀ ਨੂੰ ਭਰੋਸਾ ਦਿਵਾਇਆ ਕਿ ਸ੍ਰੀ ਕ੍ਰਿਸ਼ਨ ਜੀ ਦੀ ਪ੍ਰੀਤ ਰਾਧਾ ਨਾਲ ਤਾਂ ਸਭ ਤੋਂ ਜ਼ਿਆਦਾ ਹੈ। ਪਰ ਊਧਵ ਨੂੰ ਇਹ ਪਤਾ ਨਹੀਂ ਲੱਗ ਰਿਹਾ ਸੀ ਕਿ

ਸ੍ਰੀ ਕ੍ਰਿਸ਼ਨ ਜੀ ਹੁਣ ਮਥਰਾ ਨੂੰ ਛੱਡ ਕੇ ਕਿਵੇਂ ਆ ਸਕਦੇ ਸਨ, ਕਿਉਂਕਿ ਸ੍ਰੀ ਕ੍ਰਿਸ਼ਨ ਜੀ ਤਾਂ ਗੋਪੀਆਂ ਦੇ ਮੋੜਨ ਤੇ ਵੀ ਨਹੀਂ ਰੁਕੇ। ਰਾਧਾ ਜੀ ਤਾਂ ਕਿਸੇ ਨੂੰ ਵੀ ਦੋਸ਼ ਨਹੀਂ ਦਿੰਦੇ ਉਹ ਤਾਂ ਸਿਰਫ ਇਹ ਜਾਣਦੇ ਹਨ:-

**ਜਾਨਤ ਹੈ ਹਮਰੇ ਘਟਿ ਭਾਗਨ**
**ਆਵਤ ਹੈ ਹਰਿ ਜੂ ਫਿਰ ਡੇਰੈ।।**

ਇਹ ਯਾਦ ਕਰਕੇ ਰਾਧਾ ਜੀ ਫਿਰ ਰੋਣ ਲੱਗ ਪਏ ਤੇ ਉਨ੍ਹਾਂ ਦਾ ਮਨ ਅਤਿਅੰਤ ਸ਼ੋਕ ਨਾਲ ਭਰਪੂਰ ਹੋ ਗਿਆ। ਮਨ ਦੀਆਂ ਸਾਰੀਆਂ ਖੁਸ਼ੀਆਂ ਖਤਮ ਹੋ ਗਈਆਂ ਅਤੇ ਉਹ ਚੱਕਰ ਖਾ ਕੇ ਬੇਸੁੱਧ ਹੋ ਕੇ ਧਰਤੀ ਉੱਤੇ ਡਿੱਗ ਪਏ। ਸਾਰੀ ਸੁੱਧ ਭੁੱਲ ਗਈ ਅਤੇ ਰਾਧਾ ਜੀ ਨੇ ਮਨ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਧਿਆਨ ਵਿੱਚ ਲਗਾ ਦਿੱਤਾ, ਅਤੇ-

**ਯੌ ਕਹਿ ਊਧਵ ਸੋ ਤਿਨ ਟੇਰ**
**ਹਹਾ ਹਮਰੇ ਗ੍ਰਹ ਸਯਾਮ ਨ ਆਯੋ।।**

ਰਾਧਾ ਜੀ ਨੂੰ ਉਨ੍ਹਾਂ ਦਿਨਾਂ ਦੀ ਯਾਦ ਆ ਗਈ ਜਦੋਂ ਉਹ ਗੋਪੀਆਂ ਨਾਲ ਮਿਲਕੇ ਬ੍ਰਿਜ ਦੀਆਂ ਗਲੀਆਂ ਵਿੱਚ ਖੇਡਾਂ ਮਚਾਉਂਦੇ ਸਨ। ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਮੰਗਲਮਈ ਗੀਤ ਗਾਉਂਦੇ ਸਨ। ਸ੍ਰੀ ਕ੍ਰਿਸ਼ਨ ਜੀ ਦਾ ਮਨ ਗੋਪੀਆਂ ਤੋਂ ਉਚਾਟ ਹੋ ਗਿਆ ਹੈ, ਇਸ ਲਈ ਬ੍ਰਿਜ ਤਿਆਗ ਕੇ ਮਥਰਾ ਚਲੇ ਗਏ ਹਨ ਤੇ ਅਜੇ ਤਕ ਵਾਪਸ ਪਰਤਣ ਦਾ ਪ੍ਰੋਗ੍ਰਾਮ ਨਹੀਂ ਬਣਾਇਆ। ਬ੍ਰਿਜਨਾਥ ਨੇ ਸਾਰੀਆਂ ਗੋਪੀਆਂ ਨੂੰ ਭੁਲਾ ਦਿੱਤਾ ਹੈ। ਸ੍ਰੀ ਕ੍ਰਿਸ਼ਨ ਜੀ ਉਥੋਂ ਦੀਆਂ ਵਾਸਣੀਆਂ ਨਾਲ ਰਚ ਮਿਚ ਗਏ ਹਨ ਅਤੇ ਉਨ੍ਹਾਂ ਨੂੰ ਉਹ ਬਹੁਤ ਪਿਆਰੀਆਂ ਲਗਦੀਆਂ ਹਨ। ਸ੍ਰੀ ਕ੍ਰਿਸ਼ਨ ਜੀ ਤੋਂ ਬਿਨਾਂ ਸਾਰੀਆਂ ਗੋਪੀਆਂ ਅਤਿ ਵਿਆਕੁਲ ਹੋ ਰਹੀਆਂ ਸਨ ਤੇ ਸ੍ਰੀ ਕ੍ਰਿਸਨ ਜੀ ਨੇ ਇਨ੍ਹਾਂ ਗੋਪੀਆਂ ਨੂੰ ਇੰਝ ਤਿਆਗ ਦਿੱਤਾ ਹੈ, ਜਿਸ ਤਰ੍ਹਾਂ ਸੱਪ ਆਪਣੀ ਕੁੰਜ ਤਿਆਗ ਦਿੰਦਾ ਹੈ। ਸ੍ਰੀ ਕ੍ਰਿਸ਼ਨ ਜੀ ਦੇ ਚਿਹਰੇ ਦੀ ਚਮਕ ਚੰਦ੍ਰਮਾ ਦੇ ਸਮਾਨ ਹੈ, ਉਹ ਤਿੰਨਾਂ ਲੋਕਾਂ ਵਿੱਚ ਪ੍ਰਭਾ-ਰੂਪ ਹੋ ਕੇ ਚਮਕ ਰਹੀ ਹੈ। ਸ੍ਰੀ ਕ੍ਰਿਸ਼ਨ ਜੀ ਮਥਰਾ ਪੁਰੀ, ਬ੍ਰਿਜ ਨੂੰ ਤਿਆਗ ਕੇ ਚਲੇ ਗਏ ਹਨ ਇਸ ਲਈ ਰਾਧਾ ਜੀ ਆਪਣੇ ਪਿਆਰੇ ਕੰਤ ਬਿਨਾਂ ਅਤਿ ਵਿਆਕੁਲ ਹੋ ਉੱਠੇ। ਜਿਸ ਦਿਨ ਤੋਂ ਸ੍ਰੀ ਕ੍ਰਿਸ਼ਨ ਜੀ ਮਥਰਾ ਚਲੇ ਗਏ ਹਨ, ਉਸ ਦਿਨ ਤੋਂ ਲੈ ਕੇ ਕਿਸੇ ਨੇ ਵੀ ਆ ਕੇ ਰਾਧਾ ਜੀ ਅਤੇ ਹੋਰ ਗੋਪੀਆਂ ਦੀ ਖ਼ਬਰ ਨਹੀਂ ਲਈ ਹੈ। ਜਿਸ ਦਿਨ ਦੇ ਸ੍ਰੀ ਕ੍ਰਿਸ਼ਨ ਜੀ ਗਏ ਹਨ ਉਹਨਾਂ ਨੇ ਕਿਸੇ ਹੋਰ ਮਨੁੱਖ ਨੂੰ ਵੀ ਉਨ੍ਹਾਂ ਦੀ ਖਬਰ ਲੈਣ ਨਹੀਂ ਭੇਜਿਆ। ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆਂ ਨਾਲ ਸਾਰਾ ਹੀ ਪ੍ਰੇਮ ਵਿਸਾਰ ਦਿੱਤਾ ਹੈ।

ਊਧੋ ਸ੍ਰੀ ਕ੍ਰਿਸ਼ਨ ਜੀ ਦੀ ਸਭ ਤੋਂ ਪਿਆਰੀ ਸਖੀ ਰਾਧਾ ਅਤੇ ਸਾਰੇ ਬ੍ਰਿਜ ਵਾਸੀਆਂ ਦੇ ਸੁਨੇਹੇਂ ਲੈ ਕੇ ਵਾਪਸ ਮਥਰਾ ਪੁਰੀ ਆ ਪਹੁੰਚੇ।

ਊਧੋ ਸ੍ਰੀ ਕ੍ਰਿਸ਼ਨ ਜੀ ਦੀ ਸਭ ਤੋਂ ਪਿਆਰੀ ਪ੍ਰੇਮਿਕਾ ਦਾ ਸੁਨੇਹਾ ਦਿੰਦੇ ਹਨ,"ਹੇ ਹਰਿ ਜੂ ! ਤੁਸੀ ਮਥਰਾ ਨੂੰ ਤਿਆਗ ਕੇ ਬ੍ਰਿਜ ਦੀਆਂ ਗਲੀਆਂ ਨੂੰ ਆ ਕੇ ਭਾਗ ਲਗਾਵੋ। ਜਿਸ ਤਰ੍ਹਾਂ ਤੁਸੀ ਸਾਡੇ ਨਾਲ ਕੁੰਜ ਗਲੀਆਂ ਵਿੱਚ ਭਾਂਤ-ਭਾਂਤ ਦੀਆਂ ਖੇਡਾਂ ਖੇਡਦੇ ਸੀ, ਉਸੇ ਤਰ੍ਹਾਂ ਹੀ ਆ ਕੇ ਫਿਰ ਖੇਡਾਂ ਦਾ ਸਿਲਸਿਲਾ ਅਰੰਭ ਕਰੋ। ਤੁਹਾਡੇ ਬਿਨਾਂ ਮੇਰਾ ਜੀਅ ਕਿਸੇ ਕੰਮ ਵਿੱਚ ਨਹੀ ਲਗਦਾ ਆਪ ਜੀ ਦੇ ਵਿਰਹ ਵਿੱਚ ਮੇਰਾ ਤਨ ਖੀਨ ਹੋ ਗਿਆ ਹੈ, ਨਾ ਕੁਝ ਖਾਣ ਦੇ ਵਿੱਚ ਰੁਚੀ ਲੱਗਦੀ ਹੈ ਅਤੇ ਨਾ ਹੀ ਕੁਝ ਪੀਣ ਨੂੰ ਜੀਅ ਕਰਦਾ ਹੈ। ਆਪ ਜੀ ਦਾ ਸੁੰਦਰ ਮੁਖੜਾ ਚੰਦ੍ਰਮਾ ਦੇ ਸਮਾਨ ਹੈ, ਸਾਰੀਆਂ ਗੋਪੀਆਂ ਚਕੋਰ ਹਨ, ਉਨ੍ਹਾਂ ਦੇ ਸੁੰਦਰ ਚੰਦ ਵਰਗੇ ਮੁਖੜੇ ਦੇ ਦਰਸ਼ਨ ਕਰ ਕੇ ਹੀ ਤ੍ਰਿਪਤ ਹੋ ਸਕਦੀਆਂ ਹਨ।"

ਮੁਰਝਾਈ ਹੋਈ ਰਾਧਾ ਜੀ ਦਾ ਸੰਦੇਸ਼ ਸ੍ਰੀ ਕ੍ਰਿਸ਼ਨ ਜੀ ਨੂੰ ਦੇਣ ਤੋਂ ਉਪਰੰਤ ਹੁਣ ਊਧੋ ਨੇ ਬਾਕੀ ਦੀਆਂ ਤੜਪਦੀਆਂ, ਮੁਰਝਾਈਆਂ ਹੋਈਆਂ ਗੋਪੀਆਂ ਦੇ ਸੰਦੇਸ਼ ਵਾਰੀ ਵਾਰੀ ਦਿੱਤੇ।

ਊਧੋ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਗੋਪੀਆਂ ਵਲੋਂ ਬੇਨਤੀ ਕੀਤੀ, "ਹੇ ਮੇਰੇ ਪਿਆਰੇ ਸੁਆਮੀ ! ਗੋਪੀਆਂ ਨੂੰ ਧੀਰਜ ਦਾ ਦਾਨ ਹੁਣੇ ਹੀ ਬਖਸ਼ਣ ਦੀ ਕ੍ਰਿਪਾਲਤਾ ਕਰੋ। ਉਨ੍ਹਾਂ ਨੂੰ ਸਾਂਤਵਨਾ ਪ੍ਰਦਾਨ ਕਰੋ।" ਊਧੋ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ,

**ਤੇਰੋ ਹੀ ਧਯਾਨ ਧਰੈ ਹਰਿ ਜੂ ਅਰੁ**
**ਤੇਰੋ ਹੀ ਲੈ ਕਰ ਨਾਮੁ ਪੁਕਾਰੈ।।**
**ਮਾਤ ਪਿਤਾ ਕੀ ਨ ਲਾਜ ਕਰੈ ਹਰਿ**
**ਸਾਇਤ ਸਯਾਮ ਹੀ ਸਯਾਮ ਚਿਤਾਰੈ।।**
**ਨਾਮ ਅਧਾਰ ਤੇ ਜੀਵਤ ਹੈ ਬਿਨ**
**ਨਾਮ ਕਹਯੋ ਛਿਨ ਮੈ ਕਸ ਟਾਰੈ।।**
**ਯਾ ਬਿਧਿ ਦੇਖ ਸਦਾ ਉਨ ਕੀ ਅਤਿ**
**ਬੀਚ ਬਢਯੋ ਜੀਯ ਸੋਕ ਹਮਾਰੈ।।**

ਊਧੋ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਦੱਸਿਆ ਕਿ ਸਾਰੀਆਂ ਗੋਪੀਆਂ ਹਰ ਵੇਲੇ ਸ੍ਰੀ ਕ੍ਰਿਸ਼ਨ ਜੀ ਦਾ ਧਿਆਨ ਕਰਦੀਆਂ ਹਨ, ਉਨ੍ਹਾਂ ਦਾ ਨਾਮ ਲੈ ਲੈ ਕੇ ਆਵਾਜ਼ਾਂ ਮਾਰਦੀਆਂ ਹਨ। ਸ੍ਰੀ ਕ੍ਰਿਸ਼ਨ ਜੀ ਜਾਂ ਤਾਂ ਉਨ੍ਹਾਂ ਨੂੰ ਲਿਆਉਣ ਲਈ ਦੂਤ ਭੇਜ ਦੇਣ, ਜਾਂ ਫਿਰ ਆਪ ਬ੍ਰਿਜ ਵਿਖੇ ਪਹੁੰਚ ਕੇ ਦਰਸ਼ਨ ਦੇਣ, ਨਹੀ ਤੇ ਉਨ੍ਹਾਂ ਨੂੰ ਧੀਰਜ ਦਾ ਵਰਦਾਨ ਦੇਣ।

**ਸਵੈਯਾ।।ਬ੍ਰਿਜ ਬਾਸਨ ਹਾਲ ਕਿਧੌ ਹਰਿ ਜੂ,**
**ਫੁਨ ਊਧਵ ਤੇ ਸਭ ਹੀ ਸੁਨ ਲੀਨੋ।।**
**ਜਾ ਕੀ ਕਥਾ ਸੁਨ ਕੈ ਚਿਤ ਤੇ ਸੁ**
**ਹੁਲਾਸ ਘਟੈ ਦੁਖ ਹੋਵਤ ਜੀ ਨੋ।।**
**ਸਯਾਮ ਕਹਯੋ ਮੁਖ ਤੇ ਇਹ ਭਾਂਤ**
**ਕਿਧੋਂ ਕਬਿ ਨੈ ਸੁ ਸੋਊ ਲਖਿ ਲੀਨੋ।।**
**ਊਧਵ ਮੈ ਉਨ ਗ੍ਵਾਰਨਿ ਕੋਂ ਸੁ**
**ਕਯੋ ਦ੍ਰਿੜਤਾ ਕੋ ਅਬੈ ਬਰ ਦੀਨੋ।।**

ਤੇ ਇਸ ਤਰ੍ਹਾਂ ਵਿਛੋੜੇ ਵਿੱਚ ਤੜਪ ਰਹੀਆਂ ਅਤਿ ਉਦਾਸੀਨ, ਗਮਗੀਨ ਮੁਰਝਾਈਆਂ ਹੋਈਆਂ ਗੋਪੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਮਥਰਾ ਵਿਖੇ ਬੈਠਿਆਂ ਦ੍ਰਿੜਤਾ ਦਾ ਵਰਦਾਨ ਦਿੱਤਾ।

ਜਦੋਂ ਗੋਪੀਆਂ ਨੂੰ ਇਹ ਪਤਾ ਲਗਾ ਕਿ ਕੁਰੂਕਸ਼ੇਤਰ ਵਿਖੇ ਸ੍ਰੀ ਕ੍ਰਿਸ਼ਨ ਜੀ ਵੀ ਆਏ ਹਨ, ਤਾਂ ਰਾਧਾ, ਚੰਦ੍ਰਭਗਾ ਆਦਿ ਗੋਪੀਆਂ ਦਾ ਕੋਈ ਠਿਕਾਣਾ ਹੀ ਨਾ ਰਿਹਾ। ਉਨ੍ਹਾ ਦੀਆਂ ਭਾਵਨਾਵਾਂ ਦੇ ਪ੍ਰਗਟਾਵੇ ਲਈ ਸ਼ਬਦਾਂ ਦੀ ਤੋਟ ਆ ਗਈ। ਆਪਣੇ ਇਸ਼ਟ ਦੇ ਦਰਸ਼ਨਾ ਦਾ ਸੁਭਾਗ ਪ੍ਰਾਪਤ ਕਰਨ ਲਈ ਉਨ੍ਹਾ ਦਾ ਹਿਰਦਾ ਬੇਕਰਾਰ ਹੋ ਉਠਿਆ। ਨੰਦ ਬਾਬਾ ਅਤੇ ਯਸ਼ੋਧਾ ਨੇ ਆਪਣੇ ਪੁੱਤਰ ਨੂੰ ਜਦੋਂ ਆਪਣੇ ਹਿਰਦੇ ਨਾਲ ਲਗਾਇਆ, ਤਾਂ ਮਮਤਾ ਅਤੇ ਵਾਤਸਲਯ ਦੇ ਸਮੁੰਦ੍ਰ ਵਿੱਚ ਜਵ੍ਹਾਰਭਾਟੇ ਆ ਗਏ। ਮਾਤਾ ਅਤੇ ਪਿਤਾ ਦੇ ਨੇਤ੍ਰ ਅੱਥਰੂਆਂ ਨਾਲ ਸਜਲ ਹੋ ਉਠੇ, ਕਿਉਂਕਿ ਨਿਰਮੋਹੀ ਕ੍ਰਿਸ਼ਨ ਜੀ ਦੇ ਹਿਰਦੇ ਅੰਦਰ ਆਪਣੇ ਮਾਤਾ ਪਿਤਾ ਦਾ ਮੋਹ ਵੀ ਨਹੀਂ ਸੀ। ਮਾਤਾ ਆਪਣੇ ਹਿਰਦੇ ਦੇ ਉਦਗਾਰਾਂ ਨੂੰ ਸਪਸ਼ਟ ਕਰਦੀ ਹੈ, ਅਤੇ ਆਪਣੇ ਪਿਆਰੇ ਪੁੱਤਰ ਤੋਂ ਵਾਰਨੇ ਬਲਿਹਾਰਨੇ ਜਾਂਦੀ ਹੈ।

ਆਪਣੇ ਮਾਤਾ ਪਿਤਾ ਨੂੰ ਮਿਲ ਕੇ, ਸ੍ਰੀ ਕ੍ਰਿਸ਼ਨ ਜੀ ਗੋਪੀਆਂ ਨੂੰ ਦਰਸ਼ਨ ਦੇਣ ਗਏ ਤਾਂ ਗੋਪੀਆਂ ਦੀ ਖੁਸ਼ੀ ਦਾ ਕੋਈ ਥਾਹ ਨਹੀਂ ਸੀ। ਰਾਧਾ ਜੀ ਗੋਪੀਆਂ ਸਮੇਤ ਉਨ੍ਹਾ ਦਾ ਸੁਆਗਤ ਕਰਨ ਲਈ ਭੱਜ ਕੇ ਬਾਹਰ ਆਏ, ਉਸ ਵੇਲੇ ਇਸ ਤਰ੍ਹਾ ਲੱਗ ਰਿਹਾ ਸੀ, ਜਿਵੇਂ ਮੁਰਦਾ ਹੋਏ ਸਰੀਰਾਂ ਵਿੱਚ ਫਿਰ ਜਾਨ ਪੈ ਗਈ ਹੋਵੇ, ਭੁੱਖੇ ਨੂੰ ਅੰਨ ਮਿਲ ਗਿਆ ਹੋਵੇ, ਪਿਆਸੇ ਨੂੰ ਸੜਦੇ ਹੋਏ ਰੇਗਿਸਤਾਨ ਵਿੱਚ ਠੰਢੇ ਜਲ ਦਾ ਫੁਹਾਰਾ ਮਿਲ ਗਿਆ ਹੋਵੇ ਅਤੇ ਉਸਨੂੰ ਪੀ ਕੇ ਗੋਪੀਆਂ ਨੇ ਆਪਣੀ ਪਿਆਸ ਬੁਝਾ ਕੇ ਆਪਣੇ ਆਪ ਨੂੰ ਤ੍ਰਿਪਤ ਕਰ ਲਿਆ ਹੋਵੇ। ਚਾਤ੍ਰਿਕ ਨੂੰ ਸਵਾਂਤਿ ਬੂੰਦ ਮਿਲ ਗਈ, ਭ੍ਰਮਰ ਨੂੰ ਫੁੱਲਾਂ ਦਾ ਰਸ, ਪਰਵਾਨੇ ਨੂੰ ਸ਼ਮ੍ਹਾ ਮਿਲ ਗਈ। ਉਹ ਸ੍ਰੀ ਕ੍ਰਿਸ਼ਨ ਜੀ ਦਾ ਦਰਸ਼ਨ ਕਰਦਿਆਂ ਹੀ ਸੁੱਧ ਭੁੱਲ ਗਈਆਂ। ਇਹ ਸਾਰਾ ਕੁਝ ਵੇਖਕੇ

ਸ੍ਰੀ ਕ੍ਰਿਸ਼ਨ ਜੀ ਨੇ ਸਾਰੀਆਂ ਗੋਪੀਆਂ ਗਿਆਨ ਸਰੂਪ ਕਰ ਦਿੱਤੀਆਂ।

**ਬਿਸਨਪਦ।।ਧਨਾਸਰੀ।।**

**ਸੁਨ ਪਾਈ ਬ੍ਰਿਜ ਬਾਲਾ ਮੋਹਨ ਆਏ ਹੈ ਕੁਰਖੇਤ।।**
**ਦਰਸਨ ਦੇਖ ਸਭੈ ਦੁਖ ਬਿਸਰੇ**
**ਬੇਦ ਕਹਤ ਜਿਹ ਨੇਤ।।**
**ਤਨ ਮਨ ਅਟਿਕਯੋ ਚਰਨ ਕਵਲ ਮੈ**
**ਧਨ ਨਿਵਛਾਵਰ ਦੇਤ।।**
**ਕ੍ਰਿਸਨ ਇਕਾਂਤ ਕੀਯੋ ਤਿਹ ਹੀ**
**ਛਿਨ ਕਹਯੋ ਗਿਆਨ ਸਿਖ ਲੇਹੁ।।**
**ਮਿਲ ਬਿਛੁਰਨ ਦੋਊ ਇਹ ਜਗ ਮੈ**
**ਮਿੱਥਿਆ ਤਨੁ ਅਸਨੇਹੁ।।**

ਸ੍ਰੀ ਕ੍ਰਿਸ਼ਨ ਜੀ ਨੇ ਗੋਪੀਆਂ ਦੇ ਮਨ ਨੂੰ ਉਸੇ ਵੇਲੇ ਇਕਾਂਤ ਕਰਕੇ ਕਿਹਾ, ਕਿ ਉਹ ਗਿਆਨ ਦੀ ਪ੍ਰਾਪਤੀ ਕਰ ਲੈਣ। ਸੰਜੋਗ ਅਤੇ ਵਿਯੋਗ, ਮਿਲਣਾ ਅਤੇ ਵਿਛੜਨਾ ਇਹ ਸੰਸਾਰ ਦੀ ਰੀਤ ਹੈ, ਅਤੇ ਇਹ ਸਰੀਰ ਬਿਲਕੁਲ ਮਿਥਿਆ ਹੈ।

# 4

# ਰੁਕਮਨੀ

## *ਰੁਕਮਨੀ ਬਾਂਧਿਓ ਸੇਹਰਾ*

ਜਦੋਂ-ਜਦੋਂ ਵੀ ਨਰਾਯਣ ਜੀ ਨੇ ਸਰਗੁਣ ਰੂਪ ਧਾਰਨ ਕਰਕੇ ਇਸ ਧਰਤੀ ਤੇ ਅਵਤਾਰ ਧਾਰਨ ਕੀਤਾ, ਉਦੋਂ-ਉਦੋਂ ਹੀ ਉਨ੍ਹਾਂ ਦੇ ਨਾਲ ਲਛਮੀ ਨੇ ਵੀ ਅਵਤਾਰ ਧਾਰਨ ਕੀਤਾ। ਤ੍ਰੇਤੇ ਯੁੱਗ ਵਿੱਚ ਸ੍ਰੀ ਰਾਮ ਚੰਦ੍ਰ ਜੀ ਨੇ ਅਵਤਾਰ ਧਾਰਿਆ ਤੇ ਲਛਮੀ ਨੇ ਸੀਤਾ ਜੀ ਦਾ ਰੂਪ ਧਾਰਨ ਕਰਕੇ ਆਪਣੇ ਪਿਆਰੇ ਰਾਮ ਚੰਦ੍ਰ ਜੀ ਦੀ ਸੁਪਤਨੀ ਹੋਣ ਦਾ ਸੁਭਾਗ ਪ੍ਰਾਪਤ ਕੀਤਾ। ਇਸ ਤਰ੍ਹਾਂ ਹੀ ਦੁਆਪਰ ਯੁੱਗ ਵਿੱਚ ਕ੍ਰਿਸ਼ਨ ਮੁਰਾਰ ਜੀ ਨੇ ਪ੍ਰਿਥਵੀ ਦਾ ਭਾਰ ਉਤਾਰਨ ਵਾਸਤੇ ਅਤੇ ਉਸ ਤੋਂ ਜ਼ਾਲਮਾਂ, ਜ਼ਬਰਾਂ, ਅਤਿਆਚਾਰੀਆਂ ਦਾ ਵਿਨਾਸ਼ ਕਰਨ ਵਾਸਤੇ ਅਵਤਾਰ ਧਾਰਨ ਕੀਤਾ, ਤਾਂ ਲਛਮੀ ਨੇ ਰੁਕਮਨੀ ਦੇ ਰੂਪ ਵਿੱਚ ਆਪਣੇ ਪਤੀ ਪਰਮੇਸ਼ੁਰ ਸ੍ਰੀ ਕ੍ਰਿਸ਼ਨ ਜੀ ਦਾ ਸਾਥ ਨਿਭਾਉਣ ਲਈ ਇਸ ਧਰਤੀ, ਤੇ ਕੁੰਦਨ ਪੁਰ ਨਗਰ ਵਿੱਚ ਰਾਜਾ ਭੀਸ਼ਮਕ ਦੇ ਗ੍ਰਿਹਿ ਵਿਖੇ ਅਵਤਾਰ ਧਾਰਨ ਕੀਤਾ। ਰਾਜੇ ਨੇ ਉਸੇ ਵੇਲੇ ਜੋਤਸ਼ੀਆਂ ਨੂੰ ਬੁਲਾ ਭੇਜਿਆ ਅਤੇ ਉਨ੍ਹਾਂ ਨੇ ਉਸ ਕੰਨਿਆ ਦਾ ਨਾਮ ਰੁਕਮਨੀ ਰੱਖ ਕੇ ਭਵਿੱਖ ਬਾਣੀ ਕੀਤੀ,''ਇਹ ਕੰਨਿਆ ਅਤਿ ਸੁਸ਼ੀਲ, ਸੁੰਦਰ ਹੋਵੇਗੀ ਅਤੇ ਆਦਿ ਪੁਰਖ ਪਰਮੇਸ਼ੁਰ ਨਾਲ ਵਿਆਹੀ ਜਾਵੇਗੀ।'' ਮਾਤਾ ਪਿਤਾ ਅਤਿ ਪ੍ਰਸੰਨ ਹੋਏ ਅਤੇ ਉਨ੍ਹਾਂ ਦੀ ਛਤ੍ਰ ਛਾਂ ਹੇਠ ਰੁਕਮਨੀ ਆਪਣੀਆਂ ਸਹੇਲੀਆਂ ਨਾਲ ਅਠਖੇਲੀਆਂ ਕਰਦੀ ਹੋਈ ਨੌਜੁਵਾਨ ਹੋ ਗਈ। ਇੱਕ ਦਿਨ ਉਹ ਮ੍ਰਿਗਨੈਨੀ, ਪਿਕ ਬੈਨੀ ਅਤਿ ਸੁੰਦਰੀ ਆਪਣੀਆਂ ਸਹੇਲੀਆਂ ਨਾਲ ਛੁਪਣ-ਛੁਪਾਈ ਖੇਡਣ ਲਗੀ ਤਾਂ ਸਹੇਲੀਆਂ ਨੇ ਆਖਿਆ,''ਰੁਕਮਨੀ, ਤੂੰ ਸਾਡੇ ਨਾਲ ਖੇਡ ਖੇਡਣ ਆਈ ਹੈਂ, ਪਰ ਤੂੰ ਸਾਡੇ ਨਾਲ ਹਨੇਰੇ ਵਿੱਚ ਛੁਪਦੀ ਹੈਂ, ਤੇਰੇ ਅਨੂਪ ਮੁਖ ਮੰਡਲ ਦੀ ਆਭਾ ਅਤੇ ਪ੍ਰਕਾਸ਼ ਐਨਾ ਜ਼ਿਆਦਾ ਹੈ ਕਿ ਚਾਰ ਚੁਫੇਰੇ ਪ੍ਰਕਾਸ਼ ਹੋ ਜਾਂਦਾ ਹੈ, ਤੇ ਅਸੀ ਛੁਪ ਨਹੀਂ ਸਕਦੀਆਂ।''

ਇਸ ਤਰ੍ਹਾਂ ਉਸਦੀ ਛਬਿ ਦਿਨ-ਬ-ਦਿਨ ਵਧਣ ਲੱਗ ਪਈ। ਇੱਕ ਦਿਨ ਨਾਰਦ ਕੰਚਨ ਪੁਰ ਗਏ ਅਤੇ ਰੁਕਮਨੀ ਦੀ ਸੁੰਦਰਤਾ ਨੂੰ ਵੇਖਕੇ ਅਤਿ ਪ੍ਰਸੰਨ ਹੋਏ। ਨਾਰਦ ਨੇ ਦੁਆਰਕਾ ਪੁਰੀ ਜਾ ਕੇ ਸ੍ਰੀ ਕ੍ਰਿਸ਼ਨ ਜੀ ਅੱਗੇ ਰੁਕਮਨੀ ਦੀ ਸੁੰਦਰਤਾ ਦਾ ਵਰਣਨ ਕੀਤਾ ਅਤੇ ਕਿਹਾ ਕਿ ਰੂਪ ਅਤੇ ਗੁਣਾਂ

ਦੀ ਖਾਣ ਰੁਕਮਨੀ ਸਿਰਫ ਸ੍ਰੀ ਕ੍ਰਿਸ਼ਨ ਜੀ ਦੇ ਯੋਗ ਹੀ ਹੈ। ਇਧਰ ਰੁਕਮਨੀ ਨੇ ਸ੍ਰੀ ਕ੍ਰਿਸ਼ਨ ਜੀ ਬਾਰੇ ਖੂਬ ਪ੍ਰਸੰਸਾ ਸੁਣੀ ਹੋਈ ਸੀ। ਆਪਣੇ ਪਿਆਰੇ ਦਾ ਜੱਸ ਅਤੇ ਨਾਮ ਸੁਣ ਕੇ ਉਸ ਦਿਨ ਤੋਂ ਉਹ ਅੱਠੇ ਪਹਿਰ ਚੌਹਠ ਘੜੀਆਂ ਸੁੱਤਿਆਂ, ਜਾਗਦਿਆਂ, ਬੈਠਿਆਂ, ਖਲੋਤਿਆਂ, ਖਾਂਦਿਆਂ, ਪੀਂਦਿਆਂ ਉਨ੍ਹਾਂ ਦੇ ਧਿਆਨ ਵਿੱਚ ਮਗਨ ਰਹਿੰਦੀ।

ਸਪੁੱਤ੍ਰੀ ਦੇ ਸਰੂਪ ਨੂੰ ਵੇਖਕੇ ਭੀਸ਼ਮਕ ਦੇ ਮਨ ਵਿੱਚ ਵਿਆਹ ਕਰਨ ਦੀ ਚਿੰਤਾ ਉਤਪੰਨ ਹੋਈ। ਜਿਵੇਂ ਹੀ ਮਹਾਰਾਜ ਨੇ ਪੁੱਤਰੀ ਦੇ ਸਵੰਬਰ ਦੀ ਚਰਚਾ ਕੀਤੀ ਰੁਕਮਣੀ ਨੇ ਆਪਣੀ ਸਖੀ ਦੁਆਰਾ ਆਪਣੀ ਮਾਤਾ ਨੂੰ ਆਪਣਾ ਫੈਸਲਾ ਸੁਣਵਾ ਦਿੱਤਾ। ਮਹਾਰਾਣੀ ਨੇ ਇਕਾਂਤ ਵਿੱਚ ਆਪਣੇ ਪਤੀ ਨੂੰ ਸਾਰੇ ਹਾਲਾਤਾਂ ਬਾਰੇ ਜਾਣੂ ਕਰਵਾਇਆ।

ਮਹਾਰਾਜ ਭੀਸ਼ਮਕ ਨੇ ਰਾਜ ਸਭਾ ਵਿੱਚ ਦੂਤ ਨੂੰ ਦਵਾਰਕਾ ਭੇਜ ਕੇ ਮਧੂਸੂਦਨ ਨੂੰ ਪ੍ਰਾਰਥਨਾ ਕਰਨ ਦਾ ਪ੍ਰਸਤਾਵ ਰੱਖਿਆ ਕਿ ਉਹ ਆ ਕੇ ਉਹਨਾਂ ਦੀ ਸੁਸ਼ੀਲ ਕੰਨਿਆਂ ਨੂੰ ਸਵੀਕਾਰ ਕਰਨ। ਰਾਜ ਪੁਰੋਹਿਤ, ਮੰਤਰੀ ਮੰਡਲ ਅਤੇ ਸਭਾ ਦੇ ਬਾਕੀ ਲੋਕਾਂ ਨੇ ਮਹਾਰਾਜ ਦਾ ਸਮਰਥਨ ਕੀਤਾ। ਮਹਾਰਾਜ ਦੇ ਛੋਟੇ ਪੁੱਤਰ ਰੁਕਮਰਥ, ਰੁਕਮਬਾਹੂ, ਰੁਕਮਕੇਸ਼ ਅਤੇ ਰੁਕਮਮਾਲੀ ਨੇ ਵੀ ਪਿਤਾ ਦੇ ਨਾਲ ਆਪਣੀ ਹਾਰਦਿਕ ਸਹਿਮਤੀ ਪ੍ਰਗਟ ਕੀਤੀ। ਯੁਵਰਾਜ ਰੁਕਮੀ ਜੋ ਕਿ ਸ੍ਰੀ ਕ੍ਰਿਸ਼ਨ ਜੀ ਦੇ ਪੂਰਨ ਰੂਪ ਵਿੱਚ ਵਿਰੁੱਧ ਸੀ, ਕਿਉਂਕਿ ਉਸਦੀ ਮਿੱਤਰਤਾ ਦੁਰਯੋਧਨ ਨਾਲ ਸੀ, ਉਸਨੇ ਪਿਤਾ ਦੇ ਪ੍ਰਸਤਾਵ ਦਾ ਵਿਰੋਧ ਕੀਤਾ ਅਤੇ ਕਿਹਾ,''ਜਿਸਦੇ ਕੁਲ ਦਾ ਪਤਾ ਨਹੀਂ, ਜਿਸਨੇ ਮਗਧ ਰਾਜ ਦੇ ਸਮੁੱਖ ਯੁੱਧ ਤੋਂ ਪਲਾਇਨ ਕੀਤਾ, ਜੋ ਡਰ ਕੇ ਸਮੁੰਦਰ ਵਿੱਚ ਜਾ ਵੱਸਿਆ ਹੋਏ, ਉਸ ਚੰਚਲ ਚਿਤ ਸ੍ਰੀ ਕ੍ਰਿਸ਼ਨ ਨਾਲ ਮੈਂ ਆਪਣੀ ਭੈਣ ਦਾ ਵਿਆਹ ਕਦੀ ਵੀ ਸਹਿਨ ਨਹੀਂ ਕਰ ਸਕਦਾ, ਮੇਰੀ ਭੈਣ ਮਹਾਂ ਪ੍ਰਕਰਮੀ ਅਜਯ, ਯਸ਼ਸਵੀ ਮਹਾਰਾਜ ਸ਼ਿਸ਼ੂਪਾਲ ਦੀ ਅਰਧਾਂਗਨੀ ਬਣੇਗੀ।'' ਬੇਵੱਸ ਹੋ ਕੇ ਮਹਾਰਾਜ ਭੀਸ਼ਮਕ ਨੇ ਆਪਣੇ ਵੱਡੇ ਪੁੱਤਰ ਦੀ ਗੱਲ ਮੰਨੀ ਅਤੇ ਨਿਮੰਤ੍ਰਣ ਪੱਤਰ ਦੇ ਕੇ ਦੂਤ ਨੂੰ ਚੇਦੀ ਦੇਸ਼ ਭਿਜਵਾ ਦਿੱਤਾ।

ਜਦੋਂ ਇਸ ਗੱਲ ਦਾ ਰੁਕਮਨੀ ਨੂੰ ਪਤਾ ਲੱਗ ਗਿਆ ਅਤੇ ਉਨ੍ਹਾਂ ਨੇ ਆਪਣੀਆਂ ਸਖੀਆਂ ਨੂੰ ਕਿਹਾ-

**ਸਵੈਯਾ।। ਸੰਗ ਸਹੇਲਨ ਬੋਲਤ ਭੀ**
**ਸਜਨੀ ਪ੍ਰਨ ਏਕ ਅਬੈ ਕਰਿ ਹਉ।।**
**ਕਿਤੋ ਜੋਗਨ ਭੇਸ ਕਰੋ ਤਜ ਦੇਸ**
**ਨਹੀ ਬਿਰਹਾਗਨ ਸੋ ਜਰਿ ਹਉ।।**
**ਮੋਰ ਪਿਤਾ ਹਠ ਜਿਉ ਕਰਿਹੈ**

**ਤੁ ਬਿਸੇਖ ਕਹਿਓ ਬਿਖ ਖਾ ਮਰਿ ਹਉ।।**
**ਦੁਹਿਤਾ ਨ੍ਰਿਪ ਕੀ ਕਹਿਓ ਨਾ ਤਿਹ ਕਉ**
**ਬਰਿਹੋ ਤੁ ਸਯਾਮ ਹੀ ਕੋ ਬਰਿ ਹਉ।।**

ਰੁਕਮਨੀ ਨੇ ਪ੍ਰਣ ਕੀਤਾ, ਕਿ ਉਹ ਆਪਣਾ ਸਰੀਰ ਤਿਆਗ ਦੇਵੇਗੀ ਅਤੇ ਜੇਕਰ ਵਿਆਹ ਕਰੇਗੀ ਤਾਂ ਸਿਰਫ ਕ੍ਰਿਸ਼ਨ ਜੀ ਦੇ ਨਾਲ ਹੀ ਕਰੇਗੀ। ਇਧਰ ਸ਼ਿਸ਼ੂਪਾਲ ਆਪਣਾ ਬਰਾਤ ਦਲ ਲੈ ਕੇ ਜਰਾਸੰਧ ਅਤੇ ਹੋਰ ਰਾਜਿਆਂ ਨੂੰ ਨਾਲ ਲੈ ਕੇ ਰੁਕਮਨੀ ਨੂੰ ਵਿਆਹੁਣ ਵਾਸਤੇ ਉੱਥੇ ਪਹੁੰਚ ਗਿਆ। ਇਧਰ ਰੁਕਮਨੀ ਨੇ ਆਪਣੀਆਂ ਸਹੇਲੀਆਂ ਨਾਲ ਸਲਾਹ ਕੀਤੀ ਕਿ ਇੱਕ ਬ੍ਰਾਹਮਣ ਹੱਥ ਚਿੱਠੀ ਲਿਖਕੇ ਸ੍ਰੀ ਕ੍ਰਿਸ਼ਨ ਜੀ ਨੂੰ ਸਾਰੇ ਹਾਲਾਤਾਂ ਬਾਰੇ ਜਾਣਕਾਰੀ ਭੇਜੀ ਜਾਵੇ। ਰੁਕਮਨੀ ਨੇ ਬ੍ਰਾਹਮਣ ਦੇ ਹੱਥ ਇਹ ਚਿੱਠੀ ਭੇਜੀ-

**ਸਵੈਯਾ।। ਲੋਚਨ ਚਾਰ ਬਿਚਾਰ ਕਰੋ**
**ਜਿਨ ਬਾਚਤ ਹੀ ਪਤੀਆ ਉਠ ਧਾਵਹੁ।।**
**ਆਵਤ ਹੈ ਸਸਪਾਲ ਇਤੈ**
**ਮੁਹਿ ਬਯਾਹਨ ਕਉ ਪ੍ਰਭ ਢੀਲ ਨ ਲਾਵਹੁ।।**
**ਮਾਰ ਇਨੈ ਮੁਹਿ ਜੀਤ ਪ੍ਰਭੂ**
**ਚਲੋ ਦ੍ਵਾਰਵਤੀ ਜਗ ਮੈ ਜਸੁ ਪਾਵਹੁ।।**
**ਮੇਰੀ ਦਸਾ ਸੁਨਿਕੈ ਸਭ ਧੌ**
**ਕਬਿ ਸਯਾਮ ਕਹੈ ਕਰਿ ਪੰਖਨ ਆਵਹੁ।।**

ਚਿੱਠੀ ਦੇ ਵਿੱਚ ਰੁਕਮਨੀ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਉਹ ਜਲਦੀ ਹੀ ਪੰਖ ਲਾ ਕੇ ਝਟਪਟ ਉੱਡ ਕੇ ਉੱਥੇ ਪਹੁੰਚ ਜਾਣ। ਵਿਆਹ ਵਿੱਚ ਸਿਰਫ ਤਿੰਨ ਦਿਨ ਰਹਿ ਗਏ ਸਨ। ਇਸ ਲਈ ਰੁਕਮਨੀ ਨੇ ਬੇਨਤੀ ਕੀਤੀ ਕਿ ਉਹ ਚਿੱਠੀ ਪੜ੍ਹਕੇ ਬਿਨਾਂ ਦੇਰ ਕੀਤੇ ਰੁਕਮਨੀ ਕੋਲ ਪਹੁੰਚ ਜਾਣ। ਰੁਕਮਨੀ ਨੇ ਪੰਡਿਤ ਨੂੰ ਪੱਕੀ ਕੀਤੀ ਕਿ ਉਹ ਸਿਆਮ-ਸੁੰਦਰ ਜੀ ਨੂੰ ਜਾ ਕੇ ਕਹਿਣ ਕਿ ਰੁਕਮਨੀ ਨੂੰ ਉਨ੍ਹਾਂ ਦੇ ਦਰਸ਼ਨਾਂ ਤੋਂ ਬਿਨਾਂ ਰਾਤ ਬੜੀ ਡਰਾਉਣੀ ਲਗਦੀ ਹੈ। ਬਾਰ-ਬਾਰ ਉਨ੍ਹਾਂ ਨੂੰ ਉਡੀਕਦਾ ਮਨ ਵਿਆਕੁਲ ਹੋ ਕੇ ਸਰੀਰ ਤਿਆਗ ਕੇ ਚਲਾ ਜਾਵੇਗਾ। ਪੂਰਨਮਾਸ਼ੀ ਦਾ ਚੰਦ ਆ ਕੇ ਰੁਕਮਨੀ ਨੂੰ ਬਹੁਤ ਸਾੜ ਰਿਹਾ ਹੈ, ਇੰਝ ਲਗਦਾ ਹੈ ਕਿ ਕਾਮਦੇਵ ਹੀ ਮੂੰਹ ਲਾਲ ਕਰਕੇ, ਸ਼ਿਆਮ ਸੁੰਦਰ ਜੀ ਤੋਂ ਬਿਨਾ ਹੋਣ ਕਰਕੇ ਉਨ੍ਹਾਂ ਨੂੰ ਬਹੁਤ ਹੀ ਡਰਾ ਰਿਹਾ ਹੈ। ਰੁਕਮਨੀ ਨੇ ਬ੍ਰਾਹਮਣ, ਨੂੰ ਬਹੁਤ ਸਾਰਾ ਧਨ ਦੇ ਕੇ ਸ੍ਰੀ ਕ੍ਰਿਸ਼ਨ ਜੀ ਵਲ ਟੋਰ ਦਿੱਤਾ। ਉਹ ਬ੍ਰਾਹਮਣ ਬੜੀ ਫੁਰਤੀ ਦੇ ਨਾਲ ਸ੍ਰੀ ਕ੍ਰਿਸ਼ਨ ਜੀ ਕੋਲ ਦੁਵਾਰਕਾ ਪਹੁੰਚਿਆ। ਇਸ ਸੁੰਦਰ ਸ਼ਹਿਰ ਵਿੱਚ ਹੀਰੇ, ਲਾਲ ਤੇ ਜਵਾਹਰ ਜੜੇ ਹੋਏ

ਸਨ, ਜਿਨ੍ਹਾਂ ਦੀਆਂ ਮਣੀਆਂ ਦੀ ਚਮਕ ਐਸੀ ਸੀ, ਜਿਵੇਂ ਜੋਤਾਂ ਜਗਦੀਆਂ ਹੋਣ। ਸ਼ੇਸ਼ਨਾਗ, ਚੰਦ੍ਰਮਾ, ਵਰਨ ਦੇਵਤਾ ਅਤੇ ਇੰਦ੍ਰ ਦੇਵਤੇ ਦੀ ਪੁਰੀ ਭੀ ਉਸਦੇ ਸਾਹਮਣੇ ਬਹੁਤ ਫਿੱਕੀ ਲਗਦੀ ਸੀ। ਬ੍ਰਾਹਮਣ ਨੇ ਪੱਤ੍ਰਿਕਾ ਲੈ ਕੇ ਸ੍ਰੀ ਕ੍ਰਿਸ਼ਨ ਜੀ ਦੇ ਸਾਹਮਣੇ ਰੱਖ ਦਿੱਤੀ।

ਰੁਕਮਨੀ ਦੇ ਗੁਣਾਂ ਅਤੇ ਸੁੰਦਰਤਾ ਦੀ ਚਰਚਾ ਪਹਿਲਾਂ ਹੀ ਦੁਆਰਕਾ ਪਹੁੰਚ ਚੁੱਕੀ ਸੀ। ਜੋ ਉਸ ਪ੍ਰਭੂ ਨੂੰ ਦਿਲੋਂ ਪੁਕਾਰਦਾ ਹੈ, ਉਸਨੂੰ ਉਹ ਨਾ ਜਾਣੇ, ਇਹ ਕਿਵੇਂ ਹੋ ਸਕਦਾ ਹੈ। ਧਨੁੱਖ ਆਦਿ ਦਿਵਯ ਅਸਤ੍ਰਾਂ ਨਾਲ ਸੁਸਜਿਤ ਰੱਥ ਤਿਆਰ ਹੋ ਗਿਆ। ਬ੍ਰਾਹਮਣ ਨੂੰ ਰੱਥ ਤੇ ਬਿਠਾ ਕੇ ਮਧੁਸੂਦਨ ਨੇ ਵੀ ਪ੍ਰਸਥਾਨ ਕੀਤਾ। ਸ੍ਰੀ ਕ੍ਰਿਸ਼ਨ ਜੀ ਦੇ ਵਿਦ੍ਰਭ ਜਾਣ ਦਾ ਸਮਾਚਾਰ ਬਲਰਾਮ ਜੀ ਤਕ ਪਹੁੰਚਿਆ ਕਿ ਉਹ ਇਕੱਲੇ ਹੀ ਗਏ ਹਨ ਅਤੇ ਕੰਨਿਆਂ ਹਰਣ ਕਰਨ ਤੇ ਯੁੱਧ ਤਾਂ ਹੋਏਗਾ ਹੀ। ਬਲਰਾਮ ਜੀ ਨੇ ਸੰਕੇਤ ਕਰਕੇ ਸ਼ੰਖ ਵਜਾਇਆ, ਬਿਜਲੀ ਦੀ ਤੇਜੀ ਦੀ ਤਰ੍ਹਾਂ ਨਰਾਇਣੀ ਸੈਨਾ ਪ੍ਰਸਤੁਤ ਹੋਈ। ਹਲਧਰ ਨੇ ਆਪ ਸੈਨਾ ਦੀ ਅਗਵਾਈ ਕਰਦਿਆਂ ਹੋਇਆਂ ਵਿਦ੍ਰਭ ਦੀ ਤਰਫ ਕੂਚ ਕੀਤਾ।

ਇਧਰੋਂ ਸ੍ਰੀ ਕ੍ਰਿਸ਼ਨ ਜੀ ਰੱਥ ਤੇ ਸਵਾਰ ਹੋ ਕੇ ਚਲ ਪਏ ਅਤੇ ਉਧਰੋਂ ਸ਼ਿਸ਼ੂਪਾਲ ਵੀ ਜਰਾਸੰਧ, ਦੰਤਵਕਤ੍ਰ, ਪੌਂਡਰਕ, ਸ਼ਾਲਵ ਆਦਿ ਨੂੰ ਲੈ ਕੇ ਵਿਦ੍ਰਭ ਪਹੁੰਚ ਗਿਆ। ਉਹਨਾਂ ਨੇ ਵਿਆਹ ਵਿੱਚ ਵਿਗਨ ਪੈਣ ਤੇ ਯੁੱਧ ਦਾ ਨਿਸਚਾ ਕਰ ਲਿਆ ਸੀ। ਮਹਾਰਾਜ ਭੀਸ਼ਮਕ ਨੇ ਸਭ ਦਾ ਸੁਆਗਤ ਕੀਤਾ। ਵਿਦ੍ਰਭ ਨਗਰੀ ਪੂਰੀ ਤਰ੍ਹਾਂ ਸੁਸਜਿਤ ਸੀ; ਵਿਆਹ ਦੀਆਂ ਪੂਰੀਆਂ ਤਿਆਰੀਆਂ ਹੋ ਚੁੱਕੀਆਂ ਸਨ; ਵਿਆਹ ਦਾ ਮੰਡਪ ਬੜੇ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ; ਪੁਰੋਹਿਤ ਦੇਵੀ ਪੂਜਨ ਲਈ ਚਲੇ ਗਏ। ਰੁਕਮੀ ਬੜਾ ਪ੍ਰਸੰਨ ਹੋ ਰਿਹਾ ਸੀ ਕਿ ਸਾਰੇ ਕੰਮ ਨਿਰਵਿਗਨ ਹੋ ਰਹੇ ਹਨ।

ਉਧਰ ਰੁਕਮਣੀ ਬੜੀ ਅਸ਼ਾਂਤ ਸੀ ਅਤੇ ਸੋਚ ਰਹੀ ਸੀ,''ਮੈਂ ਬੜੀ ਅਭਾਗਣ ਹਾਂ, ਭਲਾ ਉਹ ਤ੍ਰਿਭੁਵਨ ਸੁੰਦਰ ਸ੍ਰੀ ਕ੍ਰਿਸ਼ਨ ਜੀ ਮੈਨੂੰ ਕਿਉਂ ਸਵੀਕਾਰ ਕਰਨਗੇ। ਮੇਰੇ ਵਿੱਚ ਹੀ ਕੋਈ ਦੋਸ਼ ਹੋਵੇਗਾ। ਸਿਰਫ ਤਿੰਨ ਰਾਤਾਂ ਹੀ ਵਿਆਹ ਵਿੱਚ ਬਾਕੀ ਹਨ ਅਤੇ ਅਜੇ ਤਕ ਸ਼ਿਆਮ ਸੁੰਦਰ ਨਹੀਂ ਆਏ। ਮੇਰਾ ਸੰਦੇਸ਼ ਲੈ ਕੇ ਜਾਣ ਵਾਲਾ ਬ੍ਰਾਹਮਣ ਵੀ ਅਜੇ ਤਕ ਵਾਪਿਸ ਨਹੀਂ ਪਰਤਿਆ। ਉਹ ਉੱਥੇ ਪਹੁੰਚਿਆ ਵੀ ਹੈ ਕਿ ਨਹੀਂ। ਉਹ ਪਹੁੰਚਿਆ ਤਾਂ ਜ਼ਰੂਰ ਹੋਵੇਗਾ ਪਰ ਮੇਰੇ ਵਿੱਚ ਕਿਹੜਾ ਐਸਾ ਕੋਈ ਗੁਣ ਹੈ ਜੋ ਮਧੁਸੂਦਨ ਮੇਰਾ ਧਿਆਨ ਕਰਨ, ਉਹਨਾਂ ਨੇ ਤਾਂ ਮੇਰਾ ਪੱਤਰ ਪਾੜ ਕੇ ਸੁੱਟ ਦਿੱਤਾ ਹੋਏਗਾ।'' ਰੁਕਮਣੀ ਉਦਾਸ ਹੋ ਗਈ ਅਤੇ ਸਾਰੀ ਰਾਤ ਦੁਆਰਕਾਧੀਸ਼ ਦਾ ਚਿੰਤਨ ਕਰਦੀ ਹੋਈ ਜਾਗਦੀ ਰਹੀ। ਇਕਾਂਤ

ਵਿੱਚ ਬੈਠਿਆਂ ਹੋਇਆਂ ਉਸਦੇ ਨੈਣਾਂ ਵਿੱਚੋਂ ਅੱਥਰੂਆਂ ਦੀ ਝੜੀ ਲੱਗ ਗਈ।

ਰੁਕਮਨੀ ਵੀ ਦੇਵੀ ਪੂਜਾ ਲਈ ਮੰਦਿਰ ਗਈ, ਉੱਥੇ ਜਾ ਕੇ ਅਤਿਅੰਤ ਦੁਖੀ ਹੋਈ ਅਤੇ ਦੁਰਗਾ ਮਾਂ ਦੇ ਸਾਹਮਣੇ ਆਪਣੇ ਆਪ ਨੂੰ ਖਤਮ ਕਰਨ ਵਾਲੀ ਸੀ ਕਿ ਉਸਦੀ ਦ੍ਰਿੜ ਭਗਤੀ ਨੂੰ ਵੇਖਕੇ ਦੇਵੀ ਸਾਖਿਆਤ ਪ੍ਰਗਟ ਹੋਈ ਅਤੇ ਕਹਿਣ ਲੱਗੀ,"ਤੂੰ ਕ੍ਰਿਸ਼ਨ ਜੀ ਦੀ ਪਤਨੀ ਹੈਂ, ਸ਼ਿਸ਼ੂਪਾਲ ਦੇ ਦਿਲ ਦੀ ਗੱਲ ਕਦੀ ਵੀ ਪੂਰੀ ਨਹੀਂ ਹੋ ਸਕਦੀ।" ਇਹ ਸਭ ਸੁਣ ਕੇ ਅਤੇ ਦੇਵੀ ਕੋਲੋਂ ਵਰਦਾਨ ਪ੍ਰਾਪਤ ਕਰਕੇ ਰੁਕਮਣੀ ਬੜੀ ਪ੍ਰਸੰਨ ਹੋਈ। ਜਦੋਂ ਰੁਕਮਣੀ ਮੰਦਿਰ ਵਿੱਚ ਦੇਵੀ ਪੂਜਨ ਲਈ ਗਈ ਹੋਈ ਸੀ ਤਾਂ ਬਾਹਰ ਵਿਦ੍ਰਭ ਦੀ ਸੈਨਾ ਦੇ ਯੋਧੇ ਚਾਰੇ ਪਾਸੇ ਖੁੱਲੇ ਸ਼ਸਤ੍ਰ ਲੈ ਕੇ ਉਸਦੀ ਸੁਰੱਖਿਆ ਲਈ ਖੜੇ ਸਨ। ਕਿਸੇ ਦੇ ਮਨ ਵਿੱਚ ਵਿਗਨ ਦੀ ਸ਼ੰਕਾ ਨਹੀਂ ਸੀ। ਪੂਜਾ ਸਮਾਪਤੀ ਤੋਂ ਬਾਅਦ ਮੌਨ ਤਿਆਗ ਕੇ, ਇੱਕ ਸਖੀ ਦਾ ਹੱਥ ਫੜਕੇ ਰੁਕਮਣੀ ਮੰਦਿਰ ਤੋਂ ਬਾਹਰ ਨਿਕਲੀ। ਰੱਥ ਮੰਦਿਰ ਦੇ ਕੋਲ ਖੜਾ ਸੀ। ਸਭ ਦੀਆਂ ਅੱਖਾਂ ਪਹਿਲਾਂ ਤੋਂ ਹੀ ਉਧਰ ਲੱਗੀਆਂ ਹੋਈਆਂ ਸਨ। ਉਸ ਅਲੌਕਿਕ ਸੁੰਦਰਤਾ ਤੇ ਨਜ਼ਰ ਪੈਂਦਿਆਂ ਹੀ ਰਾਜਿਆਂ ਦੇ ਹੱਥਾਂ ਵਿੱਚੋਂ ਅਸਤ੍ਰ ਸ਼ਸਤ੍ਰ ਛੁੱਟ ਗਏ। ਉਧਰ ਰੁਕਮਣੀ ਦੀਆਂ ਅੱਖਾਂ ਨੇ ਆਪਣੇ ਲਕਸ਼ ਨੂੰ ਲੱਭ ਲਿਆ ਸੀ। ਉਸਨੂੰ ਦੂਰੋਂ ਹੀ ਗਰੁੜ ਧਵਜ ਲਹਿਰਾਂਦਾ ਹੋਇਆ ਦਿਖਾਈ ਦਿੱਤਾ। ਇੱਕੋ ਹੀ ਝਲਕ ਤੋਂ ਬਾਅਦ ਰੁਕਮਣੀ ਨੇ ਆਪਣੇ ਨੈਣ ਝੁਕਾ ਲਏ ਅਤੇ ਆਪਣੇ ਰੱਥ ਵਲ ਆਉਣ ਲੱਗੀ।

ਪਲਕ ਝਪਕਦੇ ਹੀ ਦੁਆਰਕਾਧੀਸ਼ ਦਾ ਰੱਥ ਉਸਦੇ ਰੱਥ ਦੇ ਕੋਲ ਆਣ ਪਹੁੰਚਿਆ। ਅਜੇ ਰੁਕਮਣੀ ਨੇ ਆਪਣੇ ਰੱਥ ਤੇ ਸਵਾਰ ਹੋਣ ਲਈ ਪੈਰ ਚੁੱਕਿਆ ਹੀ ਸੀ ਕਿ ਖਿਨ ਭਰ ਵਿੱਚ ਕੇਸ਼ਵ ਨੇ ਉਸਨੂੰ ਆਪਣੀਆਂ ਵਿਸ਼ਾਲ ਬਾਹਵਾਂ ਨਾਲ ਚੁੱਕ ਕੇ ਆਪਣੇ ਰੱਥ ਵਿੱਚ ਬਿਠਾ ਲਿਆ। ਸਾਰੇ ਰਾਜਿਆਂ ਦੀ ਸੈਨਾਂ ਦੇ ਵਿੱਚੋਂ ਦੀ ਦਾਰੁਕ ਰੱਥ ਨੂੰ ਉਡਾਈ ਜਾ ਰਿਹਾ ਸੀ। ਸ੍ਰੀ ਕ੍ਰਿਸ਼ਨ ਨੇ ਉੱਚੀ ਅਵਾਜ਼ ਵਿੱਚ ਆਖਿਆ,"ਓ ਸੂਰਮਿਓ ! ਮੈਂ ਇਸਨੂੰ ਲੈ ਚਲਿਆ ਹਾਂ। ਜਿਸ ਸੂਰਮੇ ਵਿੱਚ ਤਾਕਤ ਹੈ, ਉਹ ਲੜਾਈ ਕਰਕੇ ਮੇਰੇ ਕੋਲੋਂ ਛੁੜਾ ਲਵੇ। ਜੋ ਕੋਈ ਮੇਰੇ ਸਾਹਮਣੇ ਆਵੇਗਾ, ਮੈਂ ਅੱਜ ਉਸਨੂੰ ਮਾਰ ਸੁੱਟਾਂਗਾ ਅਤੇ ਕਦੇ ਵੀ ਪਿੱਛੇ ਨਹੀ ਹਟਾਂਗਾ।" ਯੁੱਧ ਸ਼ੁਰੂ ਹੋ ਗਿਆ। ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਹੱਥ ਵਿੱਚ ਧਨੁੱਖ ਲੈ ਕੇ ਖਿਨ ਭਰ ਵਿੱਚ ਬਹੁਤ ਸਾਰੀ ਸੈਨਾ ਨੂੰ ਯਮਲੋਕ ਪੁਚਾ ਦਿੱਤਾ। ਆਪਣੀ ਸੈਨਾ ਦੀ ਇਹ ਹਾਲਤ ਦੇਖ ਕੇ ਰੁਕਮੀ ਕ੍ਰੋਧ ਕਰ ਕੇ ਆਪ ਹੀ ਯੁੱਧ ਕਰਨ ਲਈ ਆ ਗਿਆ। ਉਸਨੇ ਕ੍ਰੋਧ ਭਰੀ ਆਵਾਜ਼ ਵਿੱਚ ਆਖਿਆ,"ਮੈਂ ਜਰਾਸਿੰਧ ਨਹੀ ਹਾਂ, ਜਿਸਨੂੰ

ਤੂੰ ਭਜਾ ਦਿੱਤਾ ਸੀ।'' ਸ੍ਰੀ ਕ੍ਰਿਸ਼ਨ ਜੀ ਨੇ ਤੀਰ ਚਲਾ ਕੇ ਉਨ੍ਹਾਂ ਦਾ ਕ੍ਰੋਧ ਖਤਮ ਕਰ ਦਿਤਾ, ਰੱਥ ਤੋੜ ਦਿੱਤਾ, ਰਥਵਾਹੀ ਦਾ ਸਿਰ ਕੱਟ ਦਿੱਤਾ, ਅਤੇ ਚੌਹਾਂ ਘੋੜਿਆ ਦੇ ਸਿਰ ਵੱਢ ਦਿੱਤੇ। ਸ਼ਿਸ਼ੁਪਾਲ ਵੀ ਬੇਸੁੱਧ ਹੋ ਕੇ ਧਰਤੀ ਉੱਤੇ ਡਿੱਗ ਪਿਆ। ਸ਼ਿਸ਼ੁਪਾਲ ਦੇ ਸੂਰਮਿਆਂ ਦੇ ਸਭ ਵਾਰ ਨਿਸਫਲ ਹੋ ਗਏ। ਸ੍ਰੀ ਕ੍ਰਿਸ਼ਨ ਜੀ ਨੇ ਰੁਕਮੀ ਨੂੰ ਕੇਸਾਂ ਤੋਂ ਫੜ ਲਿਆ, ਅਤੇ ਉਸਦਾ ਸਿਰ ਮੁੰਨ ਦਿੱਤਾ ਅਤੇ ਹੋਰ ਵੀ ਜਿਵੇਂ ਚੰਗਾ ਲਗਿਆ, ਮਖੌਲ ਕੀਤਾ। ਵਿਦ੍ਰਭ ਦੇ ਕਿਸੇ ਨਰ ਨਾਰੀ ਨੇ ਕੋਈ ਐਸੀ ਚੇਸ਼ਟਾ ਨਹੀਂ ਕੀਤੀ ਜਿਸ ਨਾਲ ਸ੍ਰੀ ਕ੍ਰਿਸ਼ਨ ਜੀ ਦਾ ਕੋਈ ਪਿੱਛਾ ਕਰ ਸਕੇ।

ਆਪਣੇ ਭਰਾ ਦੀ ਦੁਰਦਸ਼ਾ ਵੇਖ ਕੇ ਰੁਕਮਨੀ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨੂੰ ਫੜ ਲਿਆ ਅਤੇ ਅਨੇਕ ਤਰ੍ਹਾਂ ਦੀਆਂ ਬੇਨਤੀਆਂ ਕਰਕੇ ਆਪਣੇ ਸੁਾਮੀ ਦੇ ਕ੍ਰੋਧ ਨੂੰ ਸ਼ਾਂਤ ਕੀਤਾ। ਸ੍ਰੀ ਕ੍ਰਿਸ਼ਨ ਜੀ ਰੁਕਮਨੀ ਨੂੰ ਨਾਲ ਲੈ ਕੇ ਦੁਆਰਕਾ ਨਗਰੀ ਚਲੇ ਗਏ। ਸ੍ਰੀ ਕ੍ਰਿਸ਼ਨ ਜੀ ਦੀ ਵਾਪਸੀ ਬਾਰੇ ਸੁਣ ਕੇ ਸਭ ਨਰ ਨਾਰੀ ਬਹੁਤ ਖੁਸ਼ ਹੋਏ। ਉਨ੍ਹਾਂ ਦੇ ਵਿਆਹ ਵਿੱਚ ਸ਼ਾਮਿਲ ਹੋਣ ਵਾਸਤੇ ਦੁਆਰਕਾ ਨਗਰੀ ਦੀਆਂ ਸਾਰੀਆਂ ਇਸਤ੍ਰੀਆਂ ਇਕੱਠੀਆਂ ਹੋ ਕੇ ਆਈਆਂ। ਉਨ੍ਹਾਂ ਨੇ ਗੀਤ ਗਾ-ਗਾ ਕੇ ਆਪਣੇ ਹਿਰਦਿਆਂ ਦੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਹ ਇਕੱਠੀਆਂ ਮਿਲਕੇ ਨੱਚਦੀਆਂ ਅਤੇ ਤਾਲੀ ਵਜਾਉਂਦੀਆਂ ਸਨ। ਹੋਰ ਤਾਂ ਕੀ ਕਹਿਣਾ ਦੇਵਤਿਆਂ ਦੀਆਂ ਇਸਤ੍ਰੀਆਂ ਵੀ ਇੱਕਠੀਆ ਹੋ ਕੇ ਇਹ ਸਭ ਕੁਝ ਵੇਖਣ ਵਾਸਤੇ ਦੁਆਰਕਾ ਪੁਰੀ ਪਹੁੰਚ ਗਈਆਂ।

**ਸਵੈਯਾ।।ਏਕ ਬਜਾਵਤ ਬੇਨ ਸਖੀ**
**ਇਕ ਹਾਥ ਲੀਏ ਸਖੀ ਤਾਲ ਬਜਾਵੈ।।**
**ਨਾਚਤ ਏਕ ਭਲੀ ਬਿਧ ਸੁੰਦਰ**
**ਸੁੰਦਰ ਏਕ ਭਲੀ ਬਿਧ ਗਾਵੈ।।**
**ਝਾਂਝਰ ਏਕ ਮ੍ਰਿਦੰਗ ਕੇ ਬਾਜਤ**
**ਆਇ ਭਲੇ ਇਕ ਹਾਵ ਦਿਖਾਵੈ।।**
**ਝਾਇ ਕਰੈ ਇਕ ਆਇ ਤਬੈ**
**ਚਿਤ ਕੋਰਨ ਵਾਰਨ ਮੋਦ ਬਢਾਵੈ।।**

ਵੇਦਾਂ ਦੀ ਵਿਧਿ ਅਨੁਸਾਰ ਵਿਆਹ ਹੋਇਆ। ਸ੍ਰੀ ਕ੍ਰਿਸ਼ਨ ਜੀ ਦੀ ਮਾਤਾ ਨੇ ਪ੍ਰਸੰਨ ਚਿਤ ਹੋ ਕੇ ਨੂੰਹ ਪੁੱਤਰ ਦੇ ਸਿਰ ਤੋਂ ਵਾਰਕੇ ਪਾਣੀ ਪੀਤਾ ਅਤੇ ਬ੍ਰਾਹਮਣਾਂ ਨੂੰ ਦਾਨ ਦਿੱਤਾ। ਉਹ ਆਪਣੇ ਬੱਚਿਆਂ ਤੋਂ ਵਾਰਨੇ ਬਲਿਹਾਰਨੇ ਜਾਂਦੀ ਸੀ। ਸ੍ਰੀ ਕ੍ਰਿਸ਼ਨ ਜੀ ਅਤੇ ਰੁਕਮਨੀ ਵੀ ਅਤਿਅੰਤ ਪ੍ਰਸੰਨ ਚਿਤ ਸਨ ਅਤੇ ਉਹ ਅਨੰਦ ਪੂਰਵਕ ਆਪਣਾ ਜੀਵਨ ਬਤੀਤ ਕਰਨ ਲੱਗੇ।

ੴ

# 5

# ਦ੍ਰੋਪਦੀ

## *ਸਿਮਰਨ ਦ੍ਰੋਪਦ ਸੁਤ ਉਧਰੀ*

ਮਛਲੀ ਬੰਦਰ ਵਿਖੇ ਇੱਕ ਭਾਗਾਂ ਵਾਲਾ ਰਾਜਾ ਦਰੁਪਦ ਰਹਿੰਦਾ ਸੀ। ਸੂਰਬੀਰ ਯੋਧੇ ਹਮੇਸ਼ਾ ਹੀ ਉਸਦੇ ਚਰਨਾਂ ਨਾਲ ਜੁੜੇ ਰਹਿੰਦੇ ਸਨ। ਰਾਜੇ ਨੇ ਇੱਕ ਯੱਗ ਕਰਨ ਬਾਰੇ ਸੋਚਕੇ ਸਾਰੇ ਬ੍ਰਾਹਮਣਾਂ ਨੂੰ ਬੁਲਾਇਆ। ਉਨ੍ਹਾਂ ਦਾ ਖੂਬ ਆਦਰ ਮਾਣ ਕੀਤਾ ਅਤੇ ਸਾਰਿਆਂ ਦੀ ਰੱਜ ਕੇ ਸੇਵਾ ਕੀਤੀ। ਉਸ ਯੱਗ ਦੀ ਅਗਨੀ ਵਿੱਚੋਂ ਇੱਕ ਕੰਨਿਆ ਨਿਕਲੀ। ਬ੍ਰਾਹਮਣਾ ਨੇ ਸੋਚ ਵਿਚਾਰ ਕਰਕੇ ਉਸਦਾ ਨਾਮ ਦ੍ਰੋਪਦੀ ਰੱਖਿਆ। ਜਦੋਂ ਉਹ ਜੁਆਨ ਹੋਈ ਤਾਂ ਇੱਕ ਫੈਸਲਾ ਕੀਤਾ ਗਿਆ ਕਿ ਇਸ ਪ੍ਰਕਾਰ ਦਾ ਸੁਅੰਬਰ ਰਚਿਆ ਜਾਵੇ ਕਿ ਉਸਨੂੰ ਇੱਕ ਸੂਰਬੀਰ ਵਰਿਆਮ ਪਤੀ ਪ੍ਰਾਪਤ ਹੋ ਸਕੇ। ਇੱਕ ਨਕਲੀ ਮੱਛੀ ਨੂੰ ਉਪਰ ਟੰਗ ਦਿੱਤਾ ਗਿਆ ਅਤੇ ਥੱਲੇ ਤੇਲ ਦਾ ਕੜ੍ਹਾਇਆ ਰੱਖ ਦਿੱਤਾ ਗਿਆ। ਜਿਹੜਾ ਵਿਅਕਤੀ ਤੇਲ ਵਿੱਚ ਪ੍ਰਛਾਵਾਂ ਵੇਖਕੇ, ਘੁੰਮ ਰਹੀ ਮੱਛੀ ਦੀ ਸੱਜੀ ਅੱਖ ਵਿਚ ਤੀਰ ਮਾਰੇ, ਉਹ ਹੀ ਦਰੋਪਦੀ ਨਾਲ ਵਿਆਹ ਕਰ ਸਕਦਾ ਹੈ। ਬੜੀ ਦੂਰ-ਦੂਰ ਤੋਂ ਵੱਡੇ ਵੱਡੇ ਰਾਜੇ ਉੱਥੇ ਪਹੁੰਚੇ ਪਰ ਕੋਈ ਵੀ ਮੱਛੀ ਦੀ ਅੱਖ ਵਿੱਚ ਤੀਰ ਮਾਰਨ ਵਿੱਚ ਸਫਲ ਨਾ ਹੋ ਸਕਿਆ। ਇਸ ਤਰ੍ਹਾਂ ਸ਼ਰਮਿੰਦੇ ਹੋ ਕੇ ਆਪਣੇ ਘਰਾਂ ਨੂੰ ਵਾਪਸ ਚਲੇ ਗਏ।

ਵੀਰ ਅਰਜਨ ਵੀ ਦ੍ਰੋਪਦੀ ਦੀ ਸਭਾ ਵਿੱਚ ਪਹੁੰਚੇ। ਉਨ੍ਹਾਂ ਨੇ ਬੜੇ ਗਹੁ ਨਾਲ ਮੱਛੀ ਦੇ ਦੱਖਣੀ ਭਾਗ ਨੂੰ ਵੇਖਿਆ ਤੇ ਤੀਰ ਠੀਕ ਨਿਸ਼ਾਨੇ ਜਾ ਲੱਗਾ। ਸਾਰੇ ਦੇਵਤੇ ਅਰਜਨ ਦੀ ਸਫਲਤਾ ਤੇ ਖੁਸ਼ ਹੋਏ, ਪਰ ਉੱਥੇ ਬੈਠੇ ਸੂਰਬੀਰਾਂ ਨੂੰ ਚੰਗਾ ਨਾ ਲੱਗਿਆ। ਖੂਬ ਲੜਾਈ ਹੋਈ। ਯੁੱਧ ਵਿੱਚ ਇੱਕ ਤੀਰ ਅਰਜਨ ਨੂੰ ਲੱਗਾ। ਉਹ ਆਪਣਾ ਆਪ ਸੰਭਾਲ ਨਾ ਸਕੇ ਤੇ ਬੇਹੋਸ਼ ਹੋ ਕੇ ਡਿੱਗ ਪਏ। ਦਰੋਪਦੀ ਅਤਿਅੰਤ ਦਲੇਰ ਸੀ। ਉਸ ਨੇ ਤੀਰ ਕਮਾਨ ਸੰਭਾਲ ਲਿਆ ਅਤੇ ਝੱਟ ਹੀ ਕਈ ਯੋਧਿਆਂ ਨੂੰ ਮਾਰ ਗਿਰਾਇਆ। ਇੱਕ ਬਾਣ ਕਰਣ ਨੂੰ ਮਾਰਿਆ ਅਤੇ ਦੁਰਯੋਧਨ ਨੂੰ ਅਗਨੀ ਬਾਣ ਮਾਰਿਆ। ਭੀਸ਼ਮ, ਦਰੋਣ, ਆਦਿ ਨੂੰ ਜ਼ਖਮੀ ਕਰ ਦਿੱਤਾ। ਅਸ਼ਵਧਾਮਾ, ਕਿਰਪਾਚਾਰੀਆ ਅਤੇ ਦੁਸ਼ਾਸਨ ਆਦਿ ਦੇ ਘੋੜਿਆਂ ਨੂੰ ਮਾਰ ਦਿੱਤਾ।

ਦ੍ਰੋਪਦੀ ਨੇ ਅਨੇਕ ਪ੍ਰਕਾਰ ਦੇ ਯੁੱਧ ਕਰਕੇ ਉਨ੍ਹਾਂ ਨੂੰ ਇੱਕ ਪਹਿਰ ਤਕ ਰੋਕੀ ਰੱਖਿਆ ਅਤੇ ਅੰਤ ਵਿੱਚ ਕੌਰਵਾਂ ਦੀ ਸਾਰੀ ਸੈਨਾ ਭੱਜ ਗਈ। ਅਰਜਨ ਦ੍ਰੋਪਦੀ ਦੇ ਯੁੱਧ ਨੂੰ ਵੇਖਕੇ ਅਤਿਅੰਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ,''ਹੇ ਦ੍ਰੋਪਦੀ ! ਮੈਂ ਤਾਂ ਅੱਜ ਧਰਤੀ ਤੇ ਧੰਨ ਹੋ ਗਿਆ ਹਾਂ। ਮੈਂ ਤਾਂ ਬਿਨਾ ਮੁੱਲ ਦੇ ਹੀ ਵਿਕ ਗਿਆ ਹਾਂ ! ਤੂੰ ਜੋ ਕਹੇਂਗੀ, ਮੈਂ ਉਹੀ ਕਾਰਜ ਕਰਾਂਗਾ ਅਤੇ ਆਪਣੇ ਪ੍ਰਾਣਾਂ ਦੀ ਰਤਾ ਭਰ ਵੀ ਪਰਵਾਹ ਨਹੀਂ ਕਰਾਂਗਾ।'' ਦ੍ਰੋਪਦੀ ਨੂੰ ਜਿੱਤਕੇ ਖੁਸ਼ੀ-ਖੁਸ਼ੀ ਅਰਜਨ ਆਪਣੇ ਘਰ ਵਲ ਨੂੰ ਟੁਰ ਪਏ।

ਦ੍ਰੋਪਦੀ ਅਤਿਅੰਤ ਸੁੰਦਰੀ ਸੀ। ਜੇਕਰ ਇਹ ਕਹਿ ਦਿੱਤਾ ਜਾਵੇ ਕਿ ਸੁੰਦਰਤਾ ਵਿੱਚ ਉਸਦਾ ਸਾਨੀ ਕੋਈ ਸਾਰੀ ਪ੍ਰਿਥਵੀ ਤੇ ਨਹੀ ਸੀ, ਤਾਂ ਇਹ ਕੋਈ ਅਤਿਕਥਨੀ ਨਹੀਂ। ਕਿਹਾ ਜਾਂਦਾ ਹੈ, ਕਿ ਦ੍ਰੋਪਦੀ ਦੇ ਸੁੰਦਰ ਸਰੀਰ ਵਿੱਚੋਂ ਖਿਲੇ ਹੋਏ ਕਮਲ ਵਰਗੀ ਸੁਗੰਧ ਨਿਕਲਦੀ ਸੀ, ਜਿਸਦੀ ਮਹਿਕ ਇੱਕ ਕੋਹ ਤੱਕ ਫੈਲ ਜਾਂਦੀ ਸੀ। ਜਿਸ ਸਮੇਂ ਦ੍ਰੋਪਦੀ ਪੈਦਾ ਹੋਈ ਤਾਂ ਇੱਕ ਆਕਾਸ਼ਵਾਣੀ ਹੋਈ,''ਦੇਵਤਿਆਂ ਦਾ ਕੰਮ ਸਿੱਧ ਕਰਨ ਲਈ, ਖੱਤਰੀਆਂ ਦਾ ਮੰਗਲ ਕਰਨ ਲਈ, ਇਸ ਸੁੰਦਰ ਇਸਤ੍ਰੀ ਦਾ ਜਨਮ ਹੋਇਆ ਹੈ।'' ਪਹਿਲੇ ਜਨਮ ਵਿੱਚ ਸੁੰਦਰ ਜੀ ਦੇ ਦਿੱਤੇ ਵਰਦਾਨ ਕਰਕੇ ਇਸਨੂੰ ਪੰਜਾਂ ਪਾਡਵਾਂ ਦੀ ਸੁਪੱਤਨੀ ਬਣਨ ਦਾ ਅਧਿਕਾਰ ਮਿਲਿਆ, ਸਵੰਬਰ ਵਿੱਚ ਭਾਵੇਂ ਇਸਨੂੰ ਅਰਜਨ ਨੇ ਹੀ ਜਿੱਤਿਆ ਸੀ।

ਦ੍ਰੋਪਦੀ ਉੱਚ ਕੋਟੀ ਦੀ ਪਤਿਬ੍ਰਤਾ ਇਸਤ੍ਰੀ ਅਤੇ ਅਕਾਲ-ਪੁਰਖ ਦੀ ਪਿਆਰੀ ਸੀ। ਇਸਦਾ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਅਥਾਹ ਪਿਆਰ ਸੀ। ਇਹ ਸ੍ਰੀ ਕਿਸ਼ਨ ਜੀ ਨੂੰ ਆਪਣਾ ਰਖਿਅਕ, ਹਿਤੈਸ਼ੀ, ਸਰਵ ਵਿਆਪਕ ਅਤੇ ਸਰਵ ਸ਼ਕਤੀਮਾਨ ਮੰਨਦੀ ਸੀ। ਜਦੋਂ ਕੌਰਵਾਂ ਨੇ ਇਸਨੂੰ ਜੂਏ ਵਿੱਚ ਜਿੱਤ ਲਿਆ ਸੀ, ਅਤੇ ਦੁਸ਼ਟ ਦੁਸ਼ਾਸਨ ਨੇ ਉਸਨੂੰ ਵਾਲਾਂ ਤੋਂ ਖਿੱਚ ਕੇ ਸਭਾ ਵਿੱਚ ਲਿਆਂਦਾ ਸੀ, ਕਰਣ ਨੇ ਉਸਨੂੰ ਅਨੇਕ ਪਤੀਆਂ ਦੀ ਪਤਨੀ ਕਹਿ ਕੇ ਅਪਮਾਨਿਤ ਕੀਤਾ, ਪਾਂਡਵ ਸਿਰ ਨੀਵਾਂ ਕਰਕੇ ਸਭਾ ਵਿੱਚ ਬੈਠੇ ਸਨ। ਦਰੋਪਦੀ ਨੇ ਬੜੇ ਹੀ ਕਰੁਣ ਸਵਰਾਂ ਵਿੱਚ ਵਿਰਲਾਪ ਕਰਦਿਆਂ ਹੋਇਆਂ ਪ੍ਰਾਰਥਨਾ ਕੀਤੀ ਅਤੇ ਸਭਾ ਵਿੱਚ ਬੈਠੇ ਹੋਏ ਮਹਾਂਰਥੀਆਂ ਨੂੰ ਪ੍ਰਸ਼ਨ ਕਰਦਿਆਂ ਹੋਇਆਂ ਕਿਹਾ,''ਧਰਮਰਾਜ ਨੇ ਪਹਿਲਾਂ ਆਪਣੇ ਆਪ ਨੂੰ ਜੂਏ ਵਿੱਚ ਹਾਰਿਆ ਸੀ ਅਤੇ ਆਪਣੇ ਆਪ ਨੂੰ ਹਾਰ ਜਾਣ ਤੋਂ ਬਾਅਦ ਮੈਨੂੰ ਦਾਅ ਤੇ ਲਗਾਉਣ ਦਾ ਉਸਨੂੰ ਕੀ ਅਧਿਕਾਰ ਰਹਿ ਗਿਆ ਸੀ ? ਭੀਸ਼ਮ, ਦਰੋਣ ਅਤੇ ਕਿਰਪਾ ਚਾਰੀਆ ਆਦਿ ਸਭਨੇ ਆਪਣੇ ਆਪਣੇ ਸਿਰ ਝੁਕਾ ਲਏ। ਉਸ ਵੇਲੇ, ਉਸ ਅਉਖੇ ਪਲਾਂ ਵਿੱਚ ਦ੍ਰੋਪਦੀ ਨੇ ਆਪਣੇ ਪਿਆਰੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਦਾ ਧਿਆਨ ਆਪਣੇ ਮਨ ਵਿੱਚ ਧਾਰਨ ਕਰਕੇ

ਪੁਕਾਰ ਕੀਤੀ। ਇਸਦਾ ਵਰਣਨ ਭਾਈ ਗੁਰਦਾਸ ਜੀ ਇਨ੍ਹਾਂ ਸ਼ਬਦਾਂ ਵਿੱਚ ਕਰਦੇ ਹਨ-

*ਅੰਦਰਿ ਸਭਾ ਦੁਸਾਸਣੈ ਮਥੇ ਵਾਲਿ ਦ੍ਰੋਪਤੀ ਆਂਦੀ।*
*ਦੂਤਾ ਨੋ ਫੁਰਮਾਇਆ, ਨੰਗੀ ਕਰਹੁ ਪੰਚਾਲੀ ਬਾਂਦੀ।*
*ਪੰਜੇ ਪਾਂਡੋ ਵੇਖਦੇ, ਅਉਘਟਿ ਰੁਧੀ ਨਾਰਿ ਜਿਨਾ ਦੀ।*
*ਅਖੀ ਮੀਟ ਧਿਆਨੁ ਧਰਿ, ਹਾਹਾ ਕ੍ਰਿਸਨ ਕਰੈ ਬਿਲਲਾਂਦੀ।*
*ਕਪੜ ਕੋਟੁ ਉਸਾਰਿਓਨੁ, ਥਕੇ ਦੂਤ ਨ ਪਾਰਿ ਵਸਾਂਦੀ।*
*ਹਥ ਮਰੋੜਨਿ ਸਿਰੁ ਧੁਣਨਿ, ਪਛੋਤਾਨਿ ਕਰਨਿ ਜਾਹਿ ਜਾਂਦੀ।*
*ਘਰਿ ਆਈ ਠਾਕੁਰ ਮਿਲੇ, ਪੈਜ ਰਹੀ ਬੋਲੇ ਸ਼ਰਮਾਂਦੀ।*
*ਨਾਥ ਅਨਾਥਾਂ, ਬਾਣਿ ਧੁਰਾਂ ਦੀ ।*

ਸੱਚੇ ਹਿਰਦੇ ਅੰਦਰੋਂ ਨਿਕਲੀ ਹੋਈ ਪੁਕਾਰ ਦੀ ਸੁਣਵਾਈ ਬਹੁਤ ਜਲਦੀ ਹੁੰਦੀ ਹੈ। ਸ੍ਰੀ ਕ੍ਰਿਸ਼ਨ ਜੀ ਉਸ ਵੇਲੇ ਦ੍ਵਾਰਕਾ ਨਗਰੀ ਵਿੱਚ ਸਨ। ਇਧਰ ਦ੍ਰੋਪਦੀ ਦ੍ਵਾਰਕਾਧੀਸ਼ ਕਹਿ ਕੇ ਪੁਕਾਰ ਰਹੀ ਸੀ, ਉਧਰ ਉਸਦੀ ਪੁਕਾਰ ਸ੍ਰੀ ਕ੍ਰਿਸ਼ਨ ਜੀ ਤਕ ਪਹੁੰਚ ਰਹੀ ਸੀ। ਖਿਨਾਂ ਵਿੱਚ ਸ੍ਰੀ ਕ੍ਰਿਸ਼ਨ ਜੀ ਸਭਾ ਅੰਦਰ ਵਿਰਲਾਪ ਕਰਦੀ ਹੋਈ ਦ੍ਰੋਪਦੀ ਦੇ ਸਹਾਇਕ ਬਣੇ। ਇੱਕ ਪਾਸੇ ਦਸ ਹਜ਼ਾਰ ਹਾਥੀਆਂ ਦੇ ਬਲ ਵਾਲਾ ਦੁਸ਼ਾਸਨ ਦ੍ਰੋਪਦੀ ਦੀ ਸਾੜੀ ਨੂੰ ਖਿੱਚ-ਖਿੱਚ ਦ੍ਰੋਪਦੀ ਨੂੰ ਨੰਗਿਆਂ ਕਰਨ ਦੇ ਉਪਰਾਲੇ ਕਰਦਾ, ਉਧਰ ਸ੍ਰੀ ਕ੍ਰਿਸ਼ਨ ਜੀ ਦੀ ਕ੍ਰਿਪਾ ਨਾਲ ਦ੍ਰੋਪਦੀ ਦੀ ਸਾੜੀ ਦੇ ਅੰਬਾਰ ਲੱਗ ਗਏ। ਅਨੇਕਾਂ ਪ੍ਰਯਤਨਾਂ ਦੇ ਬਾਵਜੂਦ ਵੀ ਉਹ ਉਸਨੂੰ ਨਗਨ ਨਾ ਕਰ ਸਕੇ। ਉੱਥੇ ਬੈਠੇ ਸਾਰੇ ਲੋਕਾਂ ਨੇ ਇਸ ਚਮਤਕਾਰ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਵੇਖਿਆ। ਦੁਸ਼ਾਸਨ ਸ਼ਰਮਿੰਦਾ ਹੋ ਕੇ, ਥੱਕ ਹਾਰ ਕੇ ਰਹਿ ਗਿਆ। ਆਪਣੇ ਪ੍ਰਭੂ-ਭਗਤਾਂ ਪਿਆਰਿਆਂ ਦੀ ਪ੍ਰਭੂ ਨੇ ਆਪ ਰੱਖਿਆ ਕੀਤੀ।

ਇੱਕ ਵਾਰ ਤਾਂ ਧਰਿਤਰਾਸ਼ਟਰ ਨੇ ਹਾਰੇ ਹੋਏ ਪਾਂਡਵਾਂ ਨੂੰ ਦ੍ਰੋਪਦੀ ਸਮੇਤ ਸਾਰਾ ਰਾਜ ਭਾਗ ਵਾਪਿਸ ਕਰ ਦਿੱਤਾ। ਦੁਰਯੋਧਨ ਪਿਤਾ ਦੀ ਇਸ ਉਦਾਰਤਾ ਤੋਂ ਬੜਾ ਦੁਖੀ ਹੋਇਆ ਅਤੇ ਕਿਸੇ ਤਰ੍ਹਾਂ ਜੂਏ ਦੀ ਇੱਕ ਬਾਜੀ ਖੇਡਣ ਦੀ ਆਗਿਆ ਪ੍ਰਾਪਤ ਕਰ ਲਈ। ਧਰਮਰਾਜ ਯੁਧਿਸ਼ਟਰ ਇਹ ਬਾਜੀ ਵੀ ਹਾਰ ਗਏ। ਇਸ ਜੂਏ ਦੀ ਸ਼ਰਤ ਸੀ ਕਿ ਜੋ ਹਾਰ ਜਾਏ ਉਹ ਭਰਾਵਾਂ ਅਤੇ ਇਸਤਰੀ ਦੇ ਨਾਲ ਬਾਰਾਂ ਸਾਲ ਬਨਾਂ ਵਿੱਚ ਰਹੇ। ਬਨਵਾਸ ਦੇ ਅੰਤਿਮ ਸਾਲ ਉਹ ਗੁਪਤ ਰਹੇ, ਅਗਰ ਉਸ ਸਾਲ ਉਹ ਗੁਪਤ ਰਹਿਣ ਵਿੱਚ ਅਸਫਲ ਰਹੇ ਤਾਂ ਦੁਬਾਰਾ ਬਾਰਾਂ ਸਾਲ ਦਾ ਬਨਵਾਸ ਕੱਟੇ। ਮਾਤਾ ਕੁੰਤੀ ਨੂੰ ਵਿਦੂਰ ਦੇ ਘਰ ਛਡ ਕੇ ਪੰਜੇ ਪਾਂਡਵ ਦ੍ਰੋਪਦੀ ਦੇ ਨਾਲ ਬਨਵਾਸ ਨੂੰ ਚਲੇ ਗਏ।

ਇੱਕ ਦਿਨ ਮਹਾਰਿਸ਼ੀ ਦੁਰਬਾਸ਼ਾ ਆਪਣੇ ਦਸ ਹਜ਼ਾਰ ਸ਼ਿਸ਼ ਨਾਲ ਲੈ ਕੇ ਉਸ ਜੰਗਲ ਵਿੱਚ ਪਹੁੰਚੇ ਜਿੱਥੇ ਪਾਂਡਵ ਦ੍ਰੋਪਦੀ ਦੇ ਨਾਲ ਰਹਿੰਦੇ ਸਨ। ਦੁਰਯੋਧਨ ਨੇ ਜਾਣ ਬੁੱਝ ਕੇ ਦੁਰਬਾਸ਼ਾ ਨੂੰ ਉਸ ਵੇਲੇ ਪਾਂਡਵਾਂ ਵਲ ਭੇਜਿਆ ਜਦੋਂ ਉਹ ਸਾਰੇ ਭੋਜਨ ਕਰ ਚੁੱਕੇ ਸਨ। ਮਹਾਰਾਜ ਯੁਧਿਸ਼ਟਰ ਨੇ ਸੂਰਜ ਦੇਵਤਾ ਕੋਲੋਂ ਇੱਕ ਐਸਾ ਚਮਤਕਾਰੀ ਬਰਤਨ ਪ੍ਰਾਪਤ ਕੀਤਾ ਹੋਇਆ ਸੀ, ਜਿਸ ਵਿੱਚ ਥੋੜੇ ਅੰਨ ਨਾਲ ਹੀ ਬਰਕਤ ਪੈ ਜਾਂਦੀ ਸੀ ਤੇ ਸਾਰੇ ਅਤਿਥੀ ਭੋਜਨ ਕਰਕੇ ਤ੍ਰਿਪਤ ਹੋ ਜਾਂਦੇ ਸਨ। ਉਸ ਬਰਤਨ ਵਿੱਚੋਂ ਵਿਵਿਧ ਪ੍ਰਕਾਰ ਦਾ ਪਕਵਾਨ ਨਿਕਲਦਾ ਸੀ ਪਰ ਉਹਦੇ ਵਿੱਚ ਇੱਕ ਸ਼ਰਤ ਰੱਖੀ ਹੋਈ ਸੀ ਕਿ ਜਦੋਂ ਤਕ ਦ੍ਰੋਪਦੀ ਭੋਜਨ ਨਾ ਗ੍ਰਹਿਣ ਕਰ ਲੈਂਦੀ, ਉਤਨੀ ਦੇਰ ਤਕ ਉਸ ਭਾਂਡੇ ਵਿੱਚ ਕਰਾਮਾਤ ਰਹਿੰਦੀ। ਯੁਧਿਸ਼ਟਰ ਨੇ ਰਿਖੀ ਨੂੰ ਆਪਣੇ ਬੰਦਿਆਂ ਸਹਿਤ ਪ੍ਰਸ਼ਾਦਾ-ਪਾਣੀ ਛਕਣ ਲਈ ਬੁਲਾਇਆ। ਪਰ ਦੁਰਬਾਸ਼ਾ ਰਿਖੀ ਆਪਣੇ ਨਿਤ-ਕਰਮ ਅਨੁਸਾਰ ਗੰਗਾ-ਤਟ ਇਸ਼ਨਾਨ ਕਰਨ ਚਲੇ ਗਏ। ਦੁਰਬਾਸ਼ਾ ਰਿਖੀ ਦੇ ਨਾਲ ਦਸ ਹਜ਼ਾਰ ਸ਼ਿਸ਼ਾਂ ਦਾ ਇੱਕ ਪੂਰੇ ਦਾ ਪੂਰਾ ਵਿਸ਼ਵ ਵਿਦਿਆਲਯ ਨਾਲ ਚਲ ਪੈਂਦਾ ਸੀ। ਧਰਮਰਾਜ ਨੇ ਉਨ੍ਹਾਂ ਸਾਰਿਆਂ ਨੂੰ ਭੋਜਨ ਕਰਨ ਦਾ ਨਿਉਤਾ ਭੇਜ ਦਿੱਤਾ, ਰਿਖੀ ਨੇ ਵੀ ਨਿਉਤਾ ਸਵੀਕਾਰ ਕਰ ਲਿਆ, ਪਰ ਕਿਸੇ ਨੇ ਇਹ ਨਾ ਸੋਚਿਆ ਕਿ ਦ੍ਰੋਪਦੀ ਭੋਜਨ ਕਰ ਚੁੱਕੀ ਹੈ, ਇਸ ਲਈ ਸੂਰਜ ਦੇਵਤਾ ਦੇ ਵਰਦਾਨ ਅਨੁਸਾਰ ਬਰਤਨ ਤੋਂ ਉਨ੍ਹਾਂ ਸਾਰਿਆਂ ਦੇ ਭੋਜਨ ਦੀ ਵਿਵਸਥਾ ਨਹੀਂ ਹੋ ਸਕਦੀ ਸੀ। ਦ੍ਰੋਪਦੀ ਚਿੰਤਾਤੁਰ ਹੋ ਗਈ। ਉਨ੍ਹਾਂ ਨੇ ਸੋਚਿਆ ਕਿ ਜੇਕਰ ਰਿਖੀ ਭੋਜਨ ਕੀਤੇ ਬਿਨਾਂ ਚਲੇ ਗਏ ਤਾ ਉਹ ਦ੍ਰੋਪਦੀ ਨੂੰ ਜ਼ਰੂਰ ਸਰਾਪ ਦੇ ਦੇਣਗੇ। ਉਨ੍ਹਾਂ ਦੇ ਕਰੋਧੀ ਸੁਭਾਵ ਤੋਂ ਸਾਰੇ ਜਾਣੂੰ ਸਨ। ਉਸੇ ਵਕਤ, ਉਨ੍ਹਾਂ ਨੇ ਆਪਣੇ ਪਿਆਰੇ ਇਸ਼ਟ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਇਸ ਸੰਕਟ ਤੋਂ ਬਚਾਉਣ ਲਈ ਬੇਨਤੀਆਂ ਕੀਤੀਆ, ਅਰਜ਼ੋਈਆਂ ਕੀਤੀਆਂ।

ਸ੍ਰੀ ਕ੍ਰਿਸ਼ਨ ਜੀ ਘਟ-ਘਟ ਦੇ ਜਾਣਨਹਾਰ ਸਨ। ਉਹ ਦ੍ਰੋਪਦੀ ਦੇ ਅੰਤਹਕਰਨ ਦੀ ਪੁਕਾਰ ਸੁਣਕੇ ਉਸ ਕੋਲ ਪਹੁੰਚੇ। ਉਨ੍ਹਾਂ ਦੇ ਦਰਸ਼ਨ ਕਰਕੇ ਦ੍ਰੋਪਦੀ ਦੇ ਸਰੀਰ ਵਿੱਚ ਪ੍ਰਾਣ ਆ ਗਏ, ਡੁੱਬਦੇ ਹੋਏ ਨੂੰ ਤਿਨਕੇ ਦਾ ਸਹਾਰਾ ਮਿਲ ਗਿਆ। ਦ੍ਰੋਪਦੀ ਨੂੰ ਕਿਹਾ,''ਹੋਰ ਸਾਰੀਆਂ ਗੱਲਾਂ ਅਸੀ ਪਿਛੋਂ ਆਰਾਮ ਨਾਲ ਬਹਿਕੇ ਕਰਾਂਗੇ, ਪਰ ਸਭ ਤੋਂ ਪਹਿਲਾਂ ਜਲਦੀ ਮੈਨੂੰ ਕੁਝ ਖਾਣ ਨੂੰ ਦਿਉ, ਮੈਨੂੰ ਬੜੀ ਜ਼ੋਰ ਦੀ ਭੁੱਖ ਲਗੀ ਹੋਈ ਹੈ, ਮੈ ਕਿੰਨੀ ਦੂਰ ਤੋਂ ਥੱਕ ਹਾਰ ਕੇ ਤੇਰੇ ਕੋਲ ਆਇਆ ਹਾਂ''। ਦ੍ਰੋਪਦੀ ਸ਼ਰਮ ਦੇ ਮਾਰੇ ਹੈਰਾਨ, ਪਰੇਸ਼ਾਨ ਹੋ ਰਹੀ ਸੀ। ਦ੍ਰੋਪਦੀ ਨੇ ਝੁਕ ਕੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ,''ਹੇ ਮੇਰੇ ਪ੍ਰਭੂ, ਮੈਂ ਹੁਣੇ ਹੀ ਖਾ ਕੇ ਉੱਠੀ ਹਾਂ।

ਹੁਣ ਤੇ ਉਸ ਵਲਟੋਹੀ ਵਿੱਚ ਕੁਝ ਵੀ ਨਹੀਂ ਬਚਿਆ"। ਸ੍ਰੀ ਕ੍ਰਿਸ਼ਨ ਜੀ ਨੇ ਉੱਤਰ ਦਿੱਤਾ,''ਜ਼ਰਾ ਆਪਣੀ ਵਲਟੋਹੀ ਮੈਨੂੰ ਤੇ ਵਿਖਾ"। ਸ੍ਰੀ ਕ੍ਰਿਸ਼ਨ ਜੀ ਨੇ ਜਦੋਂ ਉਸ ਵਲਟੋਹੀ ਦੇ ਮੂੰਹ ਦੇ ਅੰਦਰ ਆਪਣਾ ਹੱਥ ਫੇਰਿਆ ਤਾ ਉਨ੍ਹਾਂ ਨੂੰ ਇੱਕ ਸਾਗ ਦਾ ਪੱਤਾ ਅੰਦਰ ਲੱਗਿਆ ਹੋਇਆ ਦਿੱਸਿਆ। ਉਨ੍ਹਾਂ ਨੇ ਉਸ ਪੱਤੇ ਨੂੰ ਆਪਣੇ ਮੂੰਹ ਵਿੱਚ ਪਾ ਕੇ ਕਿਹਾ, ''ਇਸ ਸਾਗ ਦੇ ਪੱਤੇ ਤੋਂ ਸਾਰੇ ਸੰਸਾਰ ਦੀਆਂ ਆਤਮਾਵਾਂ ਤ੍ਰਿਪਤ ਹੋ ਜਾਣ"। ਇਸਤੋਂ ਬਾਅਦ ਸ੍ਰੀ ਕ੍ਰਿਸ਼ਨ ਜੀ ਨੇ ਸਹਦੇਵ ਨੂੰ ਆਗਿਆ ਦਿੱਤੀ ਕਿ ਉਹ ਗੰਗਾ ਤਟ ਤੋਂ ਸਾਰਿਆਂ ਨੂੰ ਭੋਜਨ ਕਰਨ ਲਈ ਬੁਲਾ ਕੇ ਲਿਆਉਣ। ਸਹਦੇਵ ਨੇ ਗੰਗਾ ਦੇ ਤਟ ਤੇ ਜਾ ਕੇ ਵੇਖਿਆ ਕਿ ਉੱਥੇ ਕੋਈ ਵੀ ਨਹੀ ਸੀ। ਇਹ ਇਸ ਕਰਕੇ ਸਾਰਾ ਕੁਝ ਹੋਇਆ ਜਦੋਂ ਸ੍ਰੀ ਕ੍ਰਿਸ਼ਨ ਜੀ ਨੇ ਸਾਗ ਦਾ ਪੱਤਾ ਆਪਣੇ ਮੂੰਹ ਵਿੱਚ, ਪਾਇਆ ਇਧਰ ਗੰਗਾ ਵਿੱਚ ਇਸ਼ਨਾਨ ਕਰਦੇ ਹੋਏ ਸਾਰਿਆਂ ਨੂੰ ਇਸ ਤਰ੍ਹਾਂ ਲੱਗਿਆ ਕਿ ਉਨ੍ਹਾਂ ਦੇ ਪੇਟ ਗਲੇ ਤਕ ਅੰਨ ਨਾਲ ਭਰ ਗਏ ਸਨ। ਉਨ੍ਹਾਂ ਨੇ ਸੋਚਿਆ ਜਦੋਂ ਉਨ੍ਹਾਂ ਸਾਰਿਆਂ ਦੇ ਪੇਟ ਨਕਾ-ਨਕ ਭਰ ਗਏ ਸਨ ਤਾਂ ਫਿਰ ਹੋਰ ਅੰਨ ਗ੍ਰਹਿਣ ਕਰਨ ਦੀ ਤਾਂ ਗੁੰਜਾਇਸ਼ ਹੀ ਨਹੀ ਸੀ। ਦੁਰਵਾਸ਼ਾ ਰਿਖੀ ਜੀ ਚੁਪ-ਚਾਪ ਆਪਣੇ ਸੇਵਕਾਂ ਸਮੇਤ ਉਥੋਂ ਚਲੇ ਗਏ। ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਨੇ ਆਪਣੀ ਪਿਆਰੀ ਸੇਵਿਕਾ ਦੀ ਲਾਜ ਰੱਖੀ।

ਬਨਵਾਸ ਦੇ ਸਮੇਂ ਦ੍ਰੋਪਦੀ ਨੂੰ ਅਨੇਕ ਪ੍ਰਕਾਰ ਦੀਆਂ ਕਠਿਨਾਈਆਂ ਦਾ ਸਾਹਮਣਾਂ ਕਰਨਾ ਪਿਆ। ਇੱਥੋਂ ਤਕ ਕਿ ਸਿੰਧੂ ਨਰੇਸ਼ ਜਯਦਰਥ ਨੇ ਦ੍ਰੋਪਦੀ ਨੂੰ ਬਨ ਵਿੱਚ ਦੇਖ ਕੇ ਉਸ ਉਪਰ ਆਪਣੀ ਬੁਰੀ ਨੀਯਤ ਰੱਖੀ ਅਤੇ ਉਸ ਨੂੰ ਧਮਕਾਇਆ, ਜਿਸਤੋਂ ਕ੍ਰੋਧਿਤ ਹੋ ਕੇ ਪਾਂਡਵਾਂ ਨੇ ਉਸਨੂੰ ਭਣਵਈਆ ਹੋਣ ਕਰਕੇ ਜਾਨ ਤੋਂ ਨਾ ਮਾਰਿਆ ਪਰ ਉਸਦੇ ਸਿਰ ਦੇ ਕੇਸ਼ ਮੁੰਨ ਕੇ ਪੰਜ ਚੋਟੀਆਂ ਰੱਖ ਕੇ, ਉਸਨੂੰ ਦਾਸ ਬਣਾ ਕੇ, ਬੰਨ੍ਹ ਕੇ ਨਾਲ ਲੈ ਆਏ ਪਰ ਦ੍ਰੋਪਦੀ ਨੇ ਦਇਆ ਕਰਕੇ ਉਸਨੂੰ ਰਿਹਾ ਕਰਨ ਲਈ ਕਹਿ ਦਿੱਤਾ।

ਅਗਿਆਤਵਾਸ ਦੇ ਸਮੇਂ ਮਹਾਰਾਣੀ ਦ੍ਰੋਪਦੀ ਸੈਰੰਦਰੀ ਬਣਕੇ ਵਿਰਾਟ ਦੀ ਮਹਾਰਾਣੀ ਸੁਦੇਸ਼ਨਾ ਦੇ ਵਾਲ ਸਵਾਰਦੀ ਰਹੀ। ਇਹੀ ਕੰਮ ਕਰਦੇ ਵਿਰਾਟ ਦੇ ਸੈਨਾਪਤੀ ਕੀਚਕ ਨੇ ਵੀ ਉਸਦੀ ਸੁੰਦਰਤਾ ਨੂੰ ਦੇਖਦੇ ਹੋਇਆਂ ਉਸਨੂੰ ਅਪਸ਼ਬਦ ਕਹੇ ਅਤੇ ਭਰੀ ਸਭਾ ਵਿੱਚ ਉਸਨੂੰ ਕੇਸਾਂ ਤੋਂ ਫੜਕੇ ਜ਼ਮੀਨ ਤੇ ਸੁੱਟਿਆ। ਦ੍ਰੋਪਦੀ ਨੇ ਰਾਤ ਦੇ ਸਮੇਂ ਰਸੋਈ ਘਰ ਵਿੱਚ ਭੀਮਸੇਨ ਨਾਲ ਆਪਣੇ ਅਪਮਾਨ ਦੀ ਗੱਲ ਕੀਤੀ। ਭੀਮਸੇਨ ਨੇ ਦ੍ਰੋਪਦੀ ਨੂੰ ਹੌਸਲਾ ਦਿੱਤਾ ਅਤੇ ਕੀਚਕ ਨੂੰ ਆਪਣੇ ਬਲ ਨਾਲ ਮਾਰ ਮੁਕਾਇਆ। ਵਿਰਾਟ ਦੇ ਲੋਕਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਅਤੇ ਇਸਦਾ ਦੋਸ਼

ਸੈਰੰਧਰੀ ਤੇ ਲਗਾਉਂਦਿਆਂ ਹੋਇਆਂ ਉਸਨੂੰ ਵੀ ਕੀਚਕ ਦੇ ਨਾਲ ਹੀ ਜਲਾਣ ਲੱਗੇ ਪਰ ਭੀਮਸੇਨ ਨੇ ਸਭ ਨੂੰ ਮਾਰ ਕੇ ਦ੍ਰੋਪਦੀ ਨੂੰ ਮੁਕਤ ਕਰਾਇਆ।

ਅਗਿਆਤਵਾਸ ਸਮਾਪਤ ਹੋਣ ਤੋਂ ਬਾਅਦ ਇੱਕ ਦਿਨ ਦ੍ਰੋਪਦੀ ਨੇ ਆਪਣੇ ਕਾਲੇ ਕਾਲੇ ਕੇਸ ਹੱਥ ਵਿੱਚ ਲੈ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਦਿਖਾਂਦੇ ਹੋਏ ਕਿਹਾ,''ਅੱਜ ਬਾਰਾਂ ਸਾਲਾਂ ਤੋਂ ਇਹ ਕੇਸ ਬੰਨੇ ਨਹੀਂ ਗਏ। ਜਿਸਨੇ ਇਹਨਾਂ ਨੂੰ ਭਰੀ ਸਭਾ ਵਿੱਚ ਖਿੱਚਿਆ ਸੀ ਉਸ ਦੁਸ਼ਟ ਦੁਸ਼ਾਸਨ ਦੀ ਉਸੇ ਬਾਂਹ ਦੇ ਲਹੂ ਨਾਲ ਧੋ ਕੇ ਮੈਂ ਇਹਨਾਂ ਨੂੰ ਬੰਨ੍ਹਣ ਦੀ ਪ੍ਰਤਿਗਿਆ ਕੀਤੀ ਸੀ। ਮਧੂਸੂਦਨ ! ਕੀ ਇਹ ਮੇਰੇ ਕੇਸ ਜੀਵਨ ਭਰ ਖੁੱਲੇ ਹੀ ਰਹਿਣਗੇ ? ਜੇਕਰ ਪਾਂਡਵ ਕ਼ਾਇਰ ਹੋ ਗਏ ਹੋਣ ਤਾਂ ਮੈਂ ਆਪਣੇ ਪੰਜਾਂ ਪੁੱਤਰਾਂ ਨੂੰ ਆਦੇਸ਼ ਦੇਵਾਂਗੀ, ਬੇਟਾ ਅਭਿਮੰਨਯੂ ਉਹਨਾਂ ਦਾ ਆਗੂ ਹੋਵੇਗਾ। ਮੇਰੇ ਪਿਤਾ ਅਤੇ ਭਰਾ ਵੀ ਜੇਕਰ ਮੇਰਾ ਸਾਥ ਨਾ ਦੇਣ ਤਾਂ ਮੈਂ ਤੁਹਾਡੇ ਪੈਰ ਪਕੜਾਂਗੀ। ਕੀ ਤੁਹਾਡਾ ਚੱਕਰ ਸ਼ਾਂਤ ਹੀ ਰਹੇਗਾ ? ਮੈਂ ਕੌਰਵਾਂ ਦੀਆਂ ਲਾਸ਼ਾਂ ਨੂੰ ਮਿੱਟੀ ਵਿੱਚ ਤੜਫਦੀਆਂ ਵੇਖਣੀਆਂ ਚਾਹੁੰਦੀ ਹਾਂ।''

ਸ੍ਰੀ ਕ੍ਰਿਸ਼ਨ ਜੀ ਨੇ ਗੰਭੀਰਤਾ ਨਾਲ ਕਿਹਾ,''ਕ੍ਰਿਸ਼ਨੇ ! ਇਹਨਾਂ ਅੱਥਰੂਆਂ ਨੂੰ ਰੋਕ, ਇਸ ਨਾਟਕ ਨੂੰ ਖ਼ਤਮ ਹੋ ਜਾਣ ਦੇ। ਮੈਂ ਪ੍ਰਤਿਗਿਆ ਕੀਤੀ ਹੈ ਕਿ ਜਿਹਨਾਂ ਉੱਤੇ ਤੇਰਾ ਰੋਸ ਹੈ ਉਹਨਾਂ ਦੀਆਂ ਵਿਧਵਾਵਾਂ ਨੂੰ ਤੂੰ ਜਲਦੀ ਹੀ ਰੋਂਦਿਆਂ ਦੇਖੇਂਗੀ। ਇਹੀ ਧਰਮਰਾਜ ਯੁੱਧ ਦਾ ਆਦੇਸ਼ ਦੇਣਗੇ ਅਤੇ ਤੇਰੇ ਦੁਸ਼ਮਣ ਯੁੱਧ ਭੂਮੀ ਵਿੱਚ ਮਾਰੇ ਜਾਣਗੇ।''

ਮਹਾਂਭਾਰਤ ਦਾ ਯੁੱਧ ਸਮਾਪਤ ਹੁੰਦੇ ਹੀ ਯੁਧਿਸ਼ਟਰ ਨੇ ਬਨਾਂ ਵਿੱਚ ਜਾਣ ਦਾ ਵਿਚਾਰ ਪ੍ਰਗਟ ਕੀਤਾ। ਮਹਾਰਾਣੀ ਦ੍ਰੋਪਦੀ ਨੇ ਕਿਹਾ,''ਮਹਾਰਾਜ ! ਤੁਸੀਂ ਤਾਂ ਬਨਵਾਸ ਦੇ ਸਮੇਂ ਵਾਰ ਵਾਰ ਕਿਹਾ ਸੀ ਕਿ ਦੁਸ਼ਮਣਾਂ ਨੂੰ ਮਾਰ ਕੇ ਸਾਨੂੰ ਸਭਨੂੰ ਸੁਖੀ ਕਰੋਗੇ ਪਰ ਹੁਣ ਤੁਸੀਂ ਆਪਣੀ ਹੀ ਕਹੀ ਹੋਈ ਗੱਲ ਤੋਂ ਮੁਨਕਰ ਹੋ ਰਹੇ ਹੋ। ਮੈਂ ਆਪਣੇ ਪੁੱਤਰਾਂ ਦੇ ਮਰਨ ਤੇ ਵੀ ਕੇਵਲ ਤੁਹਾਨੂੰ ਵੇਖਕੇ ਹੀ ਜੀ ਰਹੀ ਹਾਂ। ਤੁਹਾਡੇ ਲਈ ਇੰਨੀ ਉਦਾਸੀ ਠੀਕ ਨਹੀਂ। ਸ਼ਾਸਨ ਕਰੋ, ਯੱਗ ਕਰੋ ਅਤੇ ਬ੍ਰਾਹਮਣਾਂ ਨੂੰ ਦਾਨ ਦਿਓ।''

ਧਰਮਰਾਜ ਦਾ ਸ਼ੋਕ ਤਾਂ ਭੀਸ਼ਮ ਪਿਤਾਮਾ ਦੇ ਉਪਦੇਸ਼ਾਂ ਨਾਲ ਦੂਰ ਹੋਇਆ। ਉਹਨਾਂ ਨੇ ਲੰਮੇ ਸਮੇਂ ਤਕ ਰਾਜ ਕੀਤਾ ਅਤੇ ਦ੍ਰੋਪਦੀ ਦੇ ਨਾਲ ਤਿੰਨ ਅਸ਼ਵਮੇਧ ਯੱਗ ਕੀਤੇ। ਦੁਆਰਕਾ ਤੋਂ ਪਰਤ ਕੇ ਅਰਜਨ ਨੇ ਜਦੋਂ ਯਦੂਵੰਸ਼ ਦੀ ਸਮਾਪਤੀ ਦਾ ਸਮਾਚਾਰ ਦਿੱਤਾ ਤਾਂ ਯੁਧਿਸ਼ਟਰ ਨੇ ਆਪਣੇ ਪੁੱਤਰ ਪਰਿਕਸ਼ਿਤ ਨੂੰ ਰਾਜ ਪਾਟ ਸੌਂਪ ਕੇ, ਮੋਨ ਵਰਤ ਧਾਰਣ ਕਰਕੇ ਨਿਕਲ ਤੁਰੇ। ਭਰਾਵਾਂ ਨੇ ਵੀ ਉਹਨਾਂ ਦਾ ਸਾਥ ਦਿੱਤਾ। ਦ੍ਰੋਪਦੀ ਵੀ ਉਹਨਾਂ

ਦੇ ਪਿੱਛੇ ਚਲ ਪਈ। ਧਰਮਰਾਜ ਸਿੱਧੇ ਉੱਤਰ ਦਿਸ਼ਾ ਵਲ ਚਲਦੇ ਗਏ। ਬਦਰਿਕਾ ਆਸ਼ਰਮ ਤੋਂ ਉਪਰ ਹਿਮ ਪ੍ਰਦੇਸ਼ ਵਿੱਚ ਜਾ ਰਹੇ ਸੀ। ਦ੍ਰੋਪਦੀ ਸਭ ਤੋਂ ਪਿੱਛੇ ਚਲ ਰਹੀ ਸੀ। ਸਭ ਆਪਣੇ ਆਪਣੇ ਧਿਆਨ ਚੁੱਪ ਚਾਪ ਚਲਦੇ ਜਾ ਰਹੇ ਸਨ। ਦ੍ਰੋਪਦੀ ਨੇ ਆਪਣਾ ਧਿਆਨ ਸਾਰਿਆਂ ਪਾਸਿਆਂ ਤੋਂ ਇਕਾਗਰ ਕਰਕੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਚਰਨਾਂ ਵਿੱਚ ਲਗਾ ਲਿਆ ਸੀ। ਬਰਫ ਤੋਂ ਫਿਸਲ ਕੇ ਉਹ ਡਿੱਗ ਪਈ। ਸਰੀਰ ਉਸੇ ਸਫੇਦ ਬਰਫ ਵਿੱਚ ਵਿਲੀਨ ਹੋ ਗਿਆ। ਮਹਾਰਾਣੀ ਦ੍ਰੋਪਦੀ ਤਾਂ ਪਰਮ ਤੱਤ ਨਾਲ ਇੱਕ ਹੋ ਚੁੱਕੀ ਸੀ।

ਜਦੋਂ-ਜਦੋਂ ਵੀ ਦ੍ਰੋਪਦੀ ਨੇ ਆਪਣੇ ਪਿਆਰੇ ਹਰਿ ਜੀ ਦੇ ਚਰਨਾਂ ਵਿੱਚ ਚਿਤ ਜੋੜਿਆ, ਉਨ੍ਹਾਂ ਨੇ ਉਸੇ ਵੇਲੇ ਦ੍ਰੋਪਦੀ ਦੀ ਸਹਾਇਤਾ ਕਰਕੇ ਉਸਦੀ ਲਾਜ ਰੱਖੀ। ਦ੍ਰੋਪਦੀ ਉੱਚੇ ਸੁੱਚੇ ਪਤੀਵਰਤ ਆਦਰਸ਼ਾਂ ਦੀ ਮਲਿਕਾ ਸੀ। ਉਹ ਈਰਖਾ, ਵੈਰ, ਸਾੜੇ ਨੂੰ ਆਪਣੇ ਕੋਲੋਂ ਬਹੁਤ ਦੂਰ ਰੱਖਦੀ, ਉਹ ਸੇਵਾ, ਤਿਆਗ ਦੀ ਮੂਰਤੀ ਸੀ। ਉਹ ਹਮੇਸ਼ਾ ਮਿਠ-ਬੋਲੜੀ ਸੀ। ਜਦੋ ਉਹ ਬੋਲਦੀ ਸੀ, ਮੂੰਹ ਤੋਂ ਫੁੱਲ ਗਿਰਦੇ ਸਨ, ਕੌੜੇ ਬਚਨ ਤਾਂ ਉਹ ਕਦੇ ਵੀ ਨਹੀਂ ਸੀ ਬੋਲਦੀ। ਖੋਟੀਆਂ ਗੱਲਾਂ ਵਿੱਚ ਉਸ ਨੇ ਕਦੇ ਧਿਆਨ ਨਹੀ ਸੀ ਦਿੱਤਾ, ਬੁਰੇ ਸਥਾਨ ਤੇ ਕਦੇ ਉਹ ਬੈਠੀ ਨਹੀ ਸੀ, ਭੈੜੇ ਆਚਰਣ ਵਾਲਿਆਂ ਕੋਲੋਂ ਆਪਣੇ ਆਪ ਨੂੰ ਦੂਰ ਰੱਖਦੀ ਸੀ, ਆਪਣੇ ਮਨ ਤੇ ਪੂਰਨ ਰੂਪ ਵਿੱਚ ਕਾਬੂ ਸੀ। ਇਸੇ ਕਰਕੇ ਦੇਵਤੇ, ਮਨੁੱਖ, ਗੰਧਰਵ, ਨੌਜੁਆਨ, ਧਨੀ ਅਥਵਾ ਰੂਪਵਾਨ ਕਿਸੇ ਤਰ੍ਹਾਂ ਦੇ ਵੀ ਪੁਰਖ ਹੋਣ, ਉਸਨੂੰ ਪਾਂਡਵਾਂ ਤੋਂ ਸਿਵਾ ਕੁਝ ਨਹੀ ਸੀ ਦਿੱਸਦਾ, ਆਪਣੇ ਪਤੀਆਂ ਨੂੰ ਭੋਜਨ ਕਰਵਾਏ ਬਗੈਰ, ਉਹ ਭੋਜਨ ਨਹੀਂ ਸੀ ਕਰਦੀ। ਉਹ ਨਿਮ੍ਰਤਾ, ਸਦਾਚਾਰ, ਤਿਆਗ ਦੀ ਸਾਕਾਰ ਪ੍ਰਤਿਮਾ ਸੀ। ਇਨ੍ਹਾਂ ਸਾਰੀਆਂ ਗੱਲਾਂ ਤੋਂ ਉਪਰ ਉਸ ਦਾ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਨਾਲ ਅਸੀਮ, ਅਥਾਹ ਪਿਆਰ ਸੀ ਤੇ ਉਹ ਸ੍ਰੀ ਕ੍ਰਿਸ਼ਨ ਜੀ ਦੀ ਅਸੀਮ ਕਿਰਪਾ ਬਖਸ਼ਸ਼ ਦੀ ਵਿਸ਼ੇਸ਼ ਪਾਤਰ ਸੀ।

# 6

# ਲਕਸ਼ਮੀ ਕਾਂਤਾ ਦੇਵੀਦਾਸੀ

## *ਤਯਾਗ ਦਈ ਸੁਧ ਅਉਰ ਸਭੈ*

ਸ੍ਰੀ ਮਦ ਭਗਵਤ ਪੁਰਾਨ ਦੇ ਪੰਨਿਆਂ ਉੱਤੇ ਬਿਦਰ ਦਾ ਨਾਮ ਇੱਕ ਆਪਣੀ ਹੀ ਵਿਸ਼ੇਸ਼ ਹੋਂਦ ਅਤੇ ਅਸਿਤਤਵ ਰੱਖਦਾ ਹੈ। ਪੁਰਾਨ ਦਾ ਹਰ ਪਾਤਰ ਬਿਦਰ ਤੋਂ ਜਾਣੂ ਹੈ। ਉਸਦੀ ਨੀਤੀ ਵਿਸ਼ਵ ਵਿਖਿਆਤ ਹੈ, ਤੇ ਉਸ ਕੋਲੋਂ ਧ੍ਰਿਤਰਾਸ਼ਟਰ ਵਰਗੇ ਹਮੇਸ਼ਾ ਸਲਾਹ ਲੈਂਦੇ ਸਨ। ਬਿਦਰ ਜੀ ਵਿਦਵਤਾ, ਸਿਆਣਪ, ਚਤੁਰਾਈ ਦੀ ਪ੍ਰਤੱਖ ਮੂਰਤੀ ਸਨ। ਉਹ ਸ੍ਰੀ ਕ੍ਰਿਸ਼ਨ ਜੀ ਦੇ ਅਥਾਹ ਪਿਆਰ, ਅਤੇ ਡੂੰਘੀ ਪ੍ਰੀਤਿ ਦੇ ਪਾਤਰ ਵੀ ਸਨ। ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਉਹਨਾਂ ਦੇ ਸਦ-ਗੁਣਾਂ ਕਰਕੇ ਬਹੁਤ ਪਿਆਰ ਕਰਦੇ ਸਨ। ਦੂਜੇ ਪਾਸੇ ਬਿਦਰ ਦੀ ਪਤਨੀ, ਲਕਸ਼ਮੀ ਕਾਨਤਾ ਦੇਵੀ ਦਾਸੀ, ਸ੍ਰੀ ਕ੍ਰਿਸ਼ਨ ਜੀ ਨੂੰ ਅਤਿਅੰਤ ਪਿਆਰ ਕਰਦੀ ਸੀ। ਉਸਦੇ ਅੰਤਹ-ਕਰਨ ਵਿੱਚ ਸ੍ਰੀ ਕ੍ਰਿਸ਼ਨ ਜੀ ਦੀ ਮੋਹਣੀ ਮੂਰਤ ਦਾ ਵਾਸ ਸੀ। ਉਸ ਮੋਹਣੀ ਮੂਰਤ ਦੇ ਦਰਸ਼ਨ ਕਰਨ ਦੀ ਅਭਿਲਾਸ਼ਾ ਹਮੇਸ਼ਾਂ ਹੀ ਉਸਦੇ ਅੰਤਹ-ਕਰਨ ਵਿੱਚ ਬਣੀ ਰਹਿੰਦੀ।

ਸ੍ਰੀ ਕ੍ਰਿਸ਼ਨ ਜੀ ਪਾਡਵਾਂ ਦੇ ਸ਼ਾਂਤੀ ਦੂਤ ਬਣਕੇ ਹਸਤਨਾਪੁਰ ਪਹੁੰਚੇ। ਉਹਨਾਂ ਦੇ ਆਗਮਨ ਦੀ ਖਬਰ ਸੁਣਕੇ ਦੁਰਜੋਧਨ ਨੇ ਸ੍ਰੀ ਕ੍ਰਿਸ਼ਨ ਜੀ ਦੇ ਸੁਆਗਤ ਲਈ ਭਾਂਤ ਭਾਂਤ ਦੀ ਸਮਗੱਰੀ ਜੁਟਾਈ ਅਤੇ ਭਾਂਤ ਭਾਂਤ ਦੇ ਪਕਵਾਨਾਂ ਲਈ ਦੂਰੋਂ-ਦੂਰੋਂ ਰਸੋਈਏ ਬੁਲਾ ਭੇਜੇ। ਉਹ ਕਈ ਦਿਨ ਰਾਤ ਸੁਆਦਲੀਆਂ ਮਿਠਿਆਈਆਂ ਅਤੇ ਅਨੇਕ ਤਰ੍ਹਾਂ ਦੇ ਪਕਵਾਨ ਬਣਾਉਣ ਵਿੱਚ ਜੁੱਟ ਗਏ। ਦੁਰਜੋਧਨ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਭੋਜਨ ਕਰਨ ਲਈ ਬੇਨਤੀ ਕੀਤੀ, ਪਰ ਉਹ ਪਰਵਾਨ ਨਾ ਹੋਈ, ਕਿਉਂਕਿ ਸ੍ਰੀ ਕ੍ਰਿਸ਼ਨ ਜੀ ਤਾਂ ਪਿਆਰ ਦੇ ਭੁੱਖੇ ਸਨ, ਅਤੇ ਉਸ ਪਿਆਰ ਦੇ ਸਾਹਮਣੇ ਇਹ ਸਭ ਪਦਾਰਥ ਤੁੱਛ ਸਨ। ਉਸਨੂੰ ਇਹ ਨਹੀਂ ਸੀ ਪਤਾ ਕਿ ਸ਼ਿਆਮ ਸੁੰਦਰ ਜੀ ਦੇ ਹਿਰਦੇ ਅੰਦਰ ਕਿਸੇ ਦਾ ਪ੍ਰੇਮ, ਕਿਸੇ ਦਾ ਪਿਆਰ ਖਿੱਚ ਪਾ ਰਿਹਾ ਹੈ, ਕੋਈ ਬਾਵਲਾ ਉਤਾਵਲਾ ਹੋ ਕੇ ਆਪਣੇ ਪ੍ਰੀਤਮ ਪਿਆਰੇ ਦੇ ਦਰਸ਼ਨਾਂ ਨੂੰ ਲੋਚ ਰਿਹਾ ਹੈ। ਉਹ ਦਰਸ਼ਨ ਅਭਿਲਾਸ਼ੀ ਸੀ, ਬਿਦਰ ਦੀ ਪਤਨੀ। ਜਦੋਂ ਤੋਂ ਬਿਦਰ ਦੀ ਪਤਨੀ ਨੇ ਸ੍ਰੀ ਕ੍ਰਿਸ਼ਨ ਜੀ ਦਾ ਆਗਮਨ

ਹਸਤਨਾਪੁਰ ਵਿਖੇ ਸੁਣਿਆ, ਤਾਂ ਉਸਦਾ ਤਨ, ਮਨ, ਪ੍ਰਾਣ, ਹਿਰਦਾ, ਇੱਕ ਹੀ ਸ੍ਰੀ ਕ੍ਰਿਸ਼ਨ ਜੀ ਦੇ ਨਾਮ ਦਾ ਸਿਮਰਨ ਕਰ ਰਿਹਾ ਸੀ, ਅਤੇ ਉਸ ਮੋਰ ਮੁਕਟ ਵਾਲੇ ਸਾਹਿਬ ਦੇ ਦਰਸ਼ਨਾ ਦੀ ਲੋਚਾ ਕਰ ਰਿਹਾ ਸੀ। ਉਸਦੀਆਂ ਅੱਖਾਂ ਇੱਕ ਟਕ ਉਡੀਕ ਵਿੱਚ ਲੱਗੀਆਂ ਹੋਈਆਂ ਸਨ, ਕਿ ਕਦੋਂ ਉਹ ਸੁੰਦਰ ਸੂਰਤ ਉਸਨੂੰ ਦਰਸ਼ਨ ਦੇ ਕੇ ਨਿਹਾਲ ਕਰੇਗੀ। ਫਿਰ ਉਸਦਾ ਮਨ ਕਈ ਤਰ੍ਹਾਂ ਦੀ ਉਧੇੜ ਬੁਣ ਵਿੱਚ ਲੱਗ ਜਾਂਦਾ, ਕਿ ਰਾਜ ਸਦਨ ਨੂੰ ਤਿਆਗ ਕੇ, ਉਹ ਉਸਦੀ ਕੁਟੀਆ ਅੰਦਰ ਕਿਉਂ ਆਉਣਗੇ ? ਵੱਡੇ-ਵੱਡੇ ਮਹਾਰਥੀ ਉਨ੍ਹਾਂ ਨੂੰ ਆਉਣ ਹੀ ਨਹੀਂ ਦੇਣਗੇ। ਇਹ ਸਾਰਾ ਕੁਝ ਸੋਚ ਕੇ ਉਹ ਠੰਢੇ ਹਉਕੇ, ਆਹਾਂ ਲੈ ਕੇ ਰਹਿ ਜਾਂਦੀ ਅਤੇ ਸਾਰੀ ਰਾਤ ਜਾਗ ਕੇ ਅੱਖਾਂ ਵਿੱਚ ਹੀ ਕੱਟ ਲੈਂਦੀ।

ਆਖਿਰ ਉਹ ਸੁਭਾਗਾ ਦਿਨ ਆ ਹੀ ਪਹੁੰਚਿਆਂ ਜਦੋਂ ਉਸਨੂੰ ਦਰਵਾਜ਼ੇ ਤੇ ਕਿਸੇ ਦੇ ਪੈਰਾਂ ਦੀ ਆਹਟ ਸੁਣਾਈ ਦਿੱਤੀ, ਦਰਵਾਜ਼ੇ ਤੇ ਕਿਸੇ ਦੇ ਕੋਮਲ ਹੱਥਾਂ ਦੀ ਖਟ-ਖਟ ਸੁਣਾਈ ਦਿੱਤੀ। ਇਹ ਸ੍ਰੀ ਕ੍ਰਿਸ਼ਨ ਜੀ ਸਨ। ਉਹ ਆਪਣਾ ਰੱਥ ਤੇ ਸਾਰਥੀ ਬਿਦਰ ਦੇ ਘਰ ਤੋਂ ਥੋੜੀ ਦੂਰ ਖੜਾ ਕਰਕੇ ਆਏ ਸਨ।

ਬਿਦਰਾਨੀ ਨੇ ਜਦੋਂ ਸ੍ਰੀ ਕ੍ਰਿਸ਼ਨ ਜੀ ਦੀ ਮਿੱਠੀ ਮਿੱਠੀ ਆਵਾਜ਼, 'ਦਰਵਾਜ਼ਾ ਖੋਹਲੋ', ਸੁਣੀ ਅਤੇ ਉਸਨੂੰ ਇੰਝ ਲੱਗ ਰਿਹਾ ਸੀ ਜਿਵੇਂ ਕਿਸੇ ਨੇ ਉਸਦੇ ਕੰਨਾਂ ਵਿੱਚ ਅੰਮ੍ਰਿਤ ਘੋਲ ਦਿੱਤਾ ਹੋਵੇ, ਅਤੇ ਉਹ ਅੰਮ੍ਰਿਤ ਉਸਦੇ ਰੋਮ ਰੋਮ ਵਿੱਚ ਪ੍ਰਵੇਸ਼ ਕਰ ਗਿਆ ਹੋਵੇ। ਉਸਨੂੰ ਆਪਣੀ ਕੋਈ ਸੁੱਧ ਬੁੱਧ ਹੀ ਨਾ ਰਹੀ। ਉਹ ਉਸ ਵੇਲੇ ਇਸ਼ਨਾਨ ਕਰ ਰਹੀ ਸੀ। ਘਰ ਵਿੱਚ ਕੋਈ ਹੋਰ ਨਹੀਂ ਸੀ ਜਿਹੜਾ ਦਰਵਾਜ਼ਾ ਖੋਹਲ ਸਕੇ। ਬਿਦਰ ਜੀ ਉਸ ਵੇਲੇ ਘਰ ਨਹੀਂ ਸਨ। ਉਸਦੇ ਤਨ ਤੇ ਕੋਈ ਬਸਤ੍ਰ ਵੀ ਨਹੀਂ ਸੀ। ਉਸੇ ਤਰ੍ਹਾਂ ਹੀ ਵਾਹੋ-ਦਾਹੀ ਦਰਵਾਜ਼ਾ ਖੋਹਲਦੀ ਹੈ, ਸਾਹਮਣੇ ਸ੍ਰੀ ਕ੍ਰਿਸ਼ਨ ਜੀ ਦੇ ਸਾਖਿਆਤ ਦਰਸ਼ਨ ਕਰਕੇ, ਬਿਦਰਾਨੀ ਉਨ੍ਹਾਂ ਦੇ ਚਰਨਾਂ ਤੇ ਡਿੱਗ ਪਈ। ਸ੍ਰੀ ਕ੍ਰਿਸ਼ਨ ਜੀ ਨੇ ਉਸੇ ਵੇਲੇ ਆਪਣੇ ਸਰੀਰ ਤੋਂ ਪੀਤਾਂਬਰ ਉਤਾਰ ਕੇ ਝੱਟ-ਪੱਟ ਉਸਦੇ ਸਰੀਰ ਉੱਤੇ ਦੇ ਕੇ ਉਸਦਾ ਨੰਗੇਜ ਢੱਕ ਦਿਤਾ। ਉਸਨੂੰ ਤਾਂ ਕੋਈ ਹੋਸ਼ ਹੀ ਨਹੀਂ ਸੀ ਉਹ ਦਰਸ਼ਨਾਂ ਦੇ ਵਿੱਚ ਗੁਆਚ ਗਈ ਸੀ, ਉਸਦੀਆਂ ਅੱਖਾਂ ਇੱਕ ਟੱਕ ਹੋ ਕੇ ਦਰਸ਼ਨਾ ਦੀ ਦਾਤ ਪ੍ਰਾਪਤ ਕਰਕੇ ਤ੍ਰਿਪਤ ਹੋ ਰਹੀਆਂ ਸਨ।

ਸ੍ਰੀ ਕ੍ਰਿਸ਼ਨ ਜੀ ਉਸਦੇ ਗ੍ਰਿਹਿ ਨੂੰ ਪਵਿਤਰ ਕਰਨ ਲਈ ਅੰਦਰ ਗਏ ਅਤੇ ਪਿੱਛੇ-ਪਿੱਛੇ ਬਿਦਰਾਨੀ ਜਾ ਰਹੀ ਸੀ। ਸ੍ਰੀ ਕ੍ਰਿਸ਼ਨ ਜੀ ਨੇ ਬਿਦਰਾਨੀ ਕੋਲੋਂ ਕੁਝ ਖਾਣ ਵਾਸਤੇ ਮੰਗਿਆਂ ਤਾਂ ਉਹ ਦੌੜ ਕੇ ਇੱਕ ਕੋਠੜੀ ਦੇ

ਅੰਦਰ ਗਈ ਅਤੇ ਇੱਕ ਕੇਲਿਆਂ ਦਾ ਗੁੱਛਾ ਲੈ ਆਈ।

''ਬੜੇ ਮਿੱਠੇ ਫਲ ਹਨ, ਬੜੇ ਸਵਾਦਿਸ਼ਟ ਹਨ, ਇਹਨਾਂ ਫਲਾਂ ਦਾ ਤਾਂ ਬਹੁਤ ਹੀ ਸੁਆਦ ਆ ਰਿਹਾ ਹੈ; ਬੜੇ ਦਿਨਾਂ ਬਾਅਦ ਇਹ ਫਲ ਖਾਣ ਨੂੰ ਮਿਲੇ ਹਨ।'' ਸ੍ਰੀ ਕ੍ਰਿਸ਼ਨ ਜੀ ਬਿਦਰਾਨੀ ਦੁਆਰਾ ਪਿਆਰ ਨਾਲ ਭੇਟ ਕੀਤੇ ਹੋਏ ਫਲਾਂ ਦੀ ਪ੍ਰਸ਼ੰਸਾ ਕਰ ਰਹੇ ਸਨ ਅਤੇ ਬਿਦਰਾਨੀ ਮਸਤਾਨੀ ਹੋ ਕੇ, ਅਨੰਦ ਵਿਭੋਰ ਹੋ ਕੇ, ਕੇਲੇ ਛਿਲ ਛਿਲ ਕੇ, ਉਹਨਾਂ ਦਾ ਛਿਲਕਾ ਆਪਣੇ ਪਿਆਰੇ ਸ੍ਰੀ ਸ਼ਿਆਮ ਸੁੰਦਰ ਜੀ ਨੂੰ ਛਕਾ ਰਹੀ ਸੀ ਅਤੇ ਉਸਦੀਆਂ ਛੱਲੀਆਂ, ਗੁਲੀਆਂ ਸੁੱਟਦੀ ਜਾ ਰਹੀ ਸੀ। ਉਸਨੂੰ ਤਾਂ ਸੁੱਧ ਬੁੱਧ ਹੀ ਨਹੀ ਸੀ ਕਿ ਉਹ ਕੀ ਕਰ ਰਹੀ ਸੀ, ਅਤੇ ਦੂਸਰੇ ਪਾਸੇ ਮੁਰਲੀ ਮਨੋਹਰ ਵੀ ਪ੍ਰੀਤਿ ਮਗਨ ਹੋ ਕੇ ਛਿਲਕੇ ਹੀ ਛਕੀ ਜਾ ਰਹੇ ਸਨ। ਉਸ ਮੋਰ ਮੁਕੁਟ ਵਾਲੇ ਨੂੰ ਤਾਂ ਕੁਝ ਨਹੀ ਚਾਹੀਦਾ, ਬਸ ਭਗਤਾਂ, ਪਿਆਰਿਆਂ ਦਾ ਪ੍ਰੇਮ ਹੀ ਉਸ ਲਈ ਸਭ ਕੁਝ ਹੈ। ਉਹ ਪਿਆਰਾ ਤਾਂ ਪਿਆਰ ਅੰਦਰ ਵਿਕ ਜਾਂਦਾ ਹੈ। ਉਸ ਲਈ ਤਾਂ ਪ੍ਰੇਮ ਪਿਆਰ ਹੀ ਸਰਵ-ਸਰੇਸ਼ਟ ਹੈ। ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿੱਚ ਫ਼ਰਮਾਉਂਦੇ ਹਨ-

**ਸਾਚੁ ਕਹੌ ਸੁਨ ਲੇਹੁ ਸਭੈ**
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।।**

ਬਿਦਰ ਜੀ ਬਾਅਦ ਵਿੱਚ ਘਰ ਆਏ ਤੇ ਜਦੋਂ ਇਹ ਸਾਰਾ ਦ੍ਰਿਸ਼ ਵੇਖਿਆ ਤਾਂ ਆਪਣੀ ਪਤਨੀ ਨੂੰ ਕਿਹਾ,''ਓ ਕਮਲੀਏ ! ਤੂੰ ਤੇ ਛਿੱਲਾਂ ਖਵਾਉਂਦੀ ਪਈ ਹੈ।''ਉਸਨੇ ਕਿਹਾ,''ਭੁੱਲ ਗਈ ਹਾਂ ਮਹਾਰਾਜ।''

ਫਿਰ ਬਿਦਰ ਜੀ ਲੱਗੇ ਸ੍ਰੀ ਕ੍ਰਿਸ਼ਨ ਜੀ ਨੂੰ ਕੇਲੇ ਛਕਾਉਣ। ਸ੍ਰੀ ਕ੍ਰਿਸ਼ਨ ਜੀ ਨੇ ਕਿਹਾ,''ਬਿਦਰ ਜੀ ! ਕੇਲੇ ਤਾਂ ਮਿੱਠੇ ਹਨ, ਪਰ ਇਹਨਾਂ ਵਿੱਚ ਉਹ ਸੁਆਦ ਨਹੀਂ ਆਇਆ।''

# 7

# ਮੀਰਾ ਬਾਈ

## *ਮੇਰੇ ਤੋ ਗਿਰਧਰ ਗੁਪਾਲ*

ਜਦੋਂ-ਜਦੋਂ ਵੀ ਮੀਰਾ ਜੀ ਨੂੰ ਜ਼ੁਲਮ ਅਤਿਆਚਾਰ ਤਸੀਹੇ ਕਸ਼ਟ ਪੀੜਾ ਦਾ ਸਾਹਮਣਾ ਕਰਨਾ ਪਿਆ, ਉਨ੍ਹਾਂ ਦੇ ਜੀਵਨ ਵਿੱਚ ਹਨੇਰੀਆਂ, ਝੱਖੜ ਝੁੱਲੇ, ਹਵਾ ਦੇ ਤੇਜ ਝੋਂਕਿਆਂ ਨੇ ਆ ਕੇ ਮੀਰਾ ਬਾਈ ਦੇ ਜੀਵਨ ਵਿੱਚ ਖਲਬਲੀ ਮਚਾਉਣ ਦੀ ਕੋਸ਼ਿਸ਼ ਕੀਤੀ, ਉਸਦੇ ਪਰਿਵਾਰ ਦੇ ਮਨੁੱਖਾਂ ਨੇ ਉਨ੍ਹਾਂ ਨੂੰ ਹਰ ਕਦਮ ਤੇ ਸਤਾਉਣ ਦੇ ਉਪਰਾਲੇ ਕੀਤੇ, ਉਨ੍ਹਾਂ ਦੀ ਸੱਸ ਨੇ ਜ਼ਬਰਦਸਤੀ ਉਨ੍ਹਾਂ ਕੋਲੋਂ ਦੇਵ-ਪੂਜਾ, ਗੌਰੀ ਪੂਜਾ ਕਰਵਾਉਣ ਦੇ ਉਪਰਾਲੇ ਕੀਤੇ, ਉਨ੍ਹਾਂ ਦੇ ਦਿਉਰ ਵਿਕਰਮਜੀਤ ਨੇ ਅੰਮ੍ਰਿਤ ਦੇ ਨਾਮ ਤੇ ਵਿਸ਼ ਦਾ ਪਿਆਲਾ ਭੇਜਿਆ; ਪਿਟਾਰੀ ਵਿੱਚ ਨਾਗਣੀ ਭੇਜਕੇ ਉਨ੍ਹਾਂ ਦੇ ਜੀਵਨ ਦਾ ਅੰਤ ਕਰਨਾ ਚਾਹਿਆ, ਇਹੋ ਜਿਹੇ ਅਉਸਰਾਂ ਤੇ ਮੀਰਾ ਬਾਈ ਜੀ ਆਪਣੇ ਪਿਆਰੇ ਪ੍ਰਭੂ ਗਿਰਧਰ ਗੋਪਾਲ ਦਾ ਆਸਰਾ ਲੈਂਦੇ, ਉਨ੍ਹਾਂ ਦੀ ਓਟ ਲੈਂਦੇ, ਉਨ੍ਹਾਂ ਦੇ ਅਉਖੇ ਪਲ, ਸੌਖੇ ਬਣ ਜਾਂਦੇ, ਉਹ ਦੁਖਦਾਈ ਘੜੀਆਂ ਸੁਖਦਾਈ ਬਣ ਜਾਂਦੀਆਂ ਅਤੇ ਉਹ ਪ੍ਰਚੰਡ ਪਉਣ ਦੇ ਕਿਸੇ ਵੀ ਬੁਲ੍ਹੇ ਦੀ ਪਰਵਾਹ ਨਾ ਕਰਕੇ, ਆਪਣੇ ਪ੍ਰਭੂ ਪ੍ਰੀਤਮ ਗਿਰਧਰ ਗੋਪਾਲ ਦੀ ਪ੍ਰਸੰਸਾ ਵਿੱਚ ਗੀਤ ਗਾ ਕੇ, ਉਸਦੀ ਯਾਦ ਵਿੱਚ ਮਦਮਸਤ ਹੋ ਕੇ, ਆਪਣੇ ਜੀਵਨ ਦੇ ਪਲਾਂ ਨੂੰ ਸੁਖਮਈ ਅਤੇ ਸਾਰਥਕ ਬਣਾ ਲੈਂਦੇ।

ਮੀਰਾ ਬਾਈ ਜੀ ਸ੍ਰੀ ਕ੍ਰਿਸ਼ਨ ਜੀ ਦੇ ਚਰਨ-ਕੰਵਲਾਂ ਨਾਲ ਅਥਾਹ ਪਿਆਰ ਕਰਦੇ ਸਨ। ਉਨ੍ਹਾਂ ਨੂੰ ਹਰ ਵੇਲੇ ਆਪਣੇ ਅੰਗ ਸੰਗ ਸਮਝਦੇ ਅਤੇ ਉਹੀ ਮੀਰਾ ਬਾਈ ਜੀ ਦੇ ਜੀਵਨ-ਅਧਾਰ, ਪਾਰਬ੍ਰਹਮ ਪਰਮੇਸਰ, ਪ੍ਰਭੂ, ਕ੍ਰਿਪਾਲੂ, ਦਿਆਲੂ ਪਰਮਾਤਮਾ ਸਭ ਕੁਝ ਹੀ ਸਨ। ਇਸੇ ਕਰਕੇ ਮੀਰਾ ਬਾਈ ਜੀ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਪ੍ਰਭੂ-ਭਗਤਾਂ ਪਿਆਰਿਆਂ ਦੀ ਪਹਿਲੀ ਕਤਾਰ ਵਿੱਚ ਖੜੇ ਹੋਣ ਦਾ ਸੁਭਾਗ ਪ੍ਰਾਪਤ ਸੀ। ਇਹ ਭਗਤ ਸ਼ਿਰੋਮਣੀ ਰਾਜਪੂਤ, ਸ਼ਿਆਮ ਸੁੰਦਰ ਦੇ ਗੁਣਾਂ ਦੀ ਮਹਿਮਾ ਕਰਦੇ ਸਨ, ਇਸੇ ਲਈ ਇਸ ਪ੍ਰਭੂ ਦੀ ਮਹਿਮਾ ਨੂੰ ਪੜ੍ਹ ਕੇ ਅੱਜ ਲੱਖਾਂ ਲੋਕਾਂ ਦੇ ਹਿਰਦਿਆਂ ਅੰਦਰ ਪ੍ਰਭੂ ਨਾਲ ਪਿਆਰ ਉਤਪੰਨ ਹੁੰਦਾ ਹੈ। ਇਨ੍ਹਾਂ ਦੇ ਰਚੇ ਹੋਏ ਭਜਨਾਂ, ਗੀਤਾਂ ਦਾ ਰਾਗ ਕਰਕੇ ਅਨੇਕਾਂ ਨਰ ਨਾਰੀਆਂ ਅੱਜ ਵੀ ਪ੍ਰਭੂ ਦੇ ਨਾਮ ਸਿਮਰਨ

ਵਿੱਚ ਲਿਵ-ਲੀਨ ਹੋ ਕੇ ਇਸ ਭਵਸਾਗਰ ਤੋਂ ਪਾਰ ਉਤਾਰਾ ਕਰਕੇ ਆਪਣਾ ਜਨਮ ਸਾਰਥਕ ਕਰਦੇ ਹਨ। ਮੀਰਾ ਬਾਈ ਜੀ ਦੇ ਨਾਮ ਨੇ ਸਾਰੇ ਭਾਰਤ ਦੀਆਂ ਨਾਰੀਆਂ ਦੇ ਮਸਤਕ ਨੂੰ ਉੱਚਾ ਕੀਤਾ।

ਸ੍ਰੀ ਕ੍ਰਿਸ਼ਨ ਜੀ ਨੂੰ ਪਿਆਰ ਕਰਨ ਵਾਲੀ ਮੀਰਾ ਬਾਈ ਜੀ ਦਾ ਜਨਮ ਮਾਰਵਾੜ ਦੇ ਇੱਕ ਕੁੜਕੀ ਨਾਮੀ ਪਿੰਡ ਵਿੱਚ ੧੫੫੮ ਦੇ ਲਗਭਗ ਹੋਇਆ। ਮੀਰਾ ਜੀ ਦੇ ਪਿਤਾ ਸ੍ਰੀ ਰਤਾ ਸਿੰਘ ਜੀ ਰਾਠੌਰ ਸਨ। ਇਹ ਆਪਣੇ ਮਾਤਾ ਪਿਤਾ ਦੀ ਲਾਡਲੀ ਸੰਤਾਨ ਸਨ। ਇਸ ਕਰਕੇ ਮਾਪਿਆਂ ਨੇ ਮੀਰਾ ਜੀ ਨੂੰ ਬੜੇ ਲਾਡ, ਪਿਆਰ, ਚਾਅ ਨਾਲ ਪਾਲਿਆ। ਮੀਰਾ ਨੂੰ ਬਚਪਨ ਤੋਂ ਹੀ ਪ੍ਰਭੂ ਪ੍ਰਮਾਤਮਾ ਨਾਲ ਪਿਆਰ ਸੀ। ਇੱਕ ਦਿਨ ਇੱਕ ਸੰਤ ਜੀ ਮੀਰਾ ਜੀ ਦੇ ਘਰ ਆਏ। ਉਨ੍ਹਾਂ ਦੇ ਕੋਲ ਸ੍ਰੀ ਕ੍ਰਿਸ਼ਨ ਜੀ ਦੀ ਇੱਕ ਬੜੀ ਸੁੰਦਰ ਮੂਰਤੀ ਸੀ। ਮੀਰਾ ਨੇ ਉਹ ਮੂਰਤੀ ਸੰਤਾਂ ਕੋਲੋਂ ਲੈ ਲਈ। ਸੰਤਾਂ ਨੇ ਮੀਰਾ ਨੂੰ ਆਖਿਆ,"ਇਹ ਮੂਰਤੀ ਭਗਵਾਨ ਦੀ ਹੈ, ਇਸ ਦਾ ਨਾਮ ਸ੍ਰੀ ਗਿਰਧਰ ਲਾਲ ਹੈ। ਤੁਸੀਂ ਹਰ ਰੋਜ਼ ਬੜੇ ਪਿਆਰ ਨਾਲ ਇਸਦੀ ਪੂਜਾ ਕਰਿਆ ਕਰਨੀ।"

ਮੀਰਾਂ ਜੀ ਉਸ ਵਕਤ ੧੦ ਸਾਲਾਂ ਦੇ ਸਨ। ਉਨ੍ਹਾਂ ਨੇ ਹਰ ਰੋਜ਼ ਮੂਰਤੀ ਦਾ ਇਸ਼ਨਾਨ ਕਰਾਉਣਾ, ਚੰਦਨ ਦੇ ਫੁੱਲ ਚੜ੍ਹਾਉਣੇ, ਭੋਗ ਲਗਾਉਣਾ ਆਰਤੀ ਉਤਾਰਨਾ। ਉਨ੍ਹਾਂ ਨੇ ਸੂਰਦਾਸ ਜੀ ਦਾ ਇੱਕ ਪਦ ਯਾਦ ਕਰ ਲਿਆ, ਸਾਰਾ ਦਿਨ ਉਸ ਨੂੰ ਪੜ੍ਹਨਾ ਅਤੇ ਕਈ ਵਾਰੀ ਪੜ੍ਹਦਿਆਂ-ਪੜ੍ਹਦਿਆਂ ਬੇਸੁੱਧ ਹੋ ਜਾਣਾ। ਹੁਣ ਉਹ ਆਪ ਵੀ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਵਿੱਚ ਆਪਣੇ ਬਣਾਏ ਹੋਏ ਪਦ ਗਾਉਂਦੇ, ਜੋ ਮੀਰਾ ਜੀ ਦੇ ਹਿਰਦੇ ਦੇ ਭਾਵਾਂ ਅਤੇ ਉਦਗਾਰਾਂ ਨਾਲ ਓਤ-ਪ੍ਰੋਤ ਸਨ। ਸੰਮਤ ੧੫੭੩ ਵਿੱਚ ਮੀਰਾ ਜੀ ਦਾ ਵਿਆਹ ਚਿੱਤੌੜ ਦੇ ਮਹਾਰਾਣਾ ਸਾਂਗਾ ਜੀ ਦੇ ਵੱਡੇ ਸੁਪੁਤ੍ਰ ਭੋਜਰਾਜ ਨਾਲ ਹੋਇਆ। ਉਸ ਸਮੇਂ ਇੱਕ ਅਸਚਰਜ ਘਟਨਾ ਵਾਪਰੀ। ਜਿਸ ਮੰਡਪ ਵਿੱਚ ਮੀਰਾ ਜੀ ਦਾ ਵਿਆਹ ਹੋਣਾ ਸੀ, ਉਸ ਮੰਡਪ ਵਿਚ ਮੀਰਾ ਜੀ ਨੇ ਸ੍ਰੀ ਕ੍ਰਿਸ਼ਨ ਜੀ ਦੀ ਮੂਰਤੀ ਨੂੰ ਸਜਾ ਸੰਵਾਰਕੇ ਰੱਖ ਦਿੱਤਾ। ਜਦੋਂ ਉਨ੍ਹਾਂ ਨੇ ਭੋਜਰਾਜ ਨਾਲ ਫੇਰੇ ਲਏ, ਨਾਲ ਹੀ ਸ੍ਰੀ ਕ੍ਰਿਸ਼ਨ ਜੀ ਦੀ ਮੂਰਤੀ ਨਾਲ ਵੀ ਫੇਰੇ ਲੈ ਲਏ ਅਤੇ ਆਪਣੇ ਮਨ ਵਿੱਚ ਇਹ ਧਾਰ ਲਿਆ ਕਿ ਉਨ੍ਹਾਂ ਦਾ ਵਿਆਹ ਸ਼ਿਆਮ ਸੁੰਦਰ ਸ੍ਰੀ ਕ੍ਰਿਸ਼ਨ ਜੀ ਨਾਲ ਹੋਇਆ ਹੈ।

ਮਾਤਾ ਪਿਤਾ ਨੇ ਵਿਆਹ ਵਿੱਚ ਖੂਬ ਦਾਜ ਦਹੇਜ ਦਿੱਤਾ। ਪਰ ਮੀਰਾ ਦਾ ਮਨ ਹਮੇਸ਼ਾ ਉਦਾਸ ਰਹਿੰਦਾ। ਕਾਰਨ ਪੁੱਛਣ ਤੇ ਮੀਰਾ ਨੇ ਆਪਣੀ ਮਾਤਾ ਨੂੰ ਕਿਹਾ-

*ਦੇਹਰੀ ਮਾਈ ਅਬ ਹਮਾਂ ਕੋ ਗਿਰਧਰਲਾਲ।*
*ਪਿਆਰੇ ਚਰਨ ਕੀ ਆਨ ਕਰਤਿ ਹਉ,*
*ਔਰ ਨਾਂ ਦੇ ਮਣਿ ਲਾਲ।*

ਪਿਆਰੇ ਭਗਤ ਨੂੰ ਆਪਣੇ ਪ੍ਰੀਤਮ ਤੋਂ ਸਿਵਾ ਹੋਰ ਕਿਸੇ ਚੀਜ਼ ਦੀ ਲੋੜ ਹੀ ਕਿੱਥੇ ਸੀ, ਮੀਰਾ ਦੀ ਮਾਤਾ ਨੇ ਬੜੇ ਪਿਆਰ ਨਾਲ ਸ੍ਰੀ ਗਿਰਧਰ ਜੀ ਦਾ ਸਿੰਘਾਸਨ ਪਾਲਕੀ ਵਿੱਚ ਰਖਵਾ ਦਿੱਤਾ। ਸਹੁਰੇ ਘਰ ਦੇ ਲੋਕ ਸੁੰਦਰੀ ਮੀਰਾ ਨੂੰ ਵੇਖਕੇ ਅਤਿਅੰਤ ਪ੍ਰਸੰਨ ਹੋਏ। ਨਵੀਂ ਵਿਆਹੀ ਵਹੁਟੀ ਮੀਰਾ ਨੂੰ, ਸੱਸ ਨੇ ਦੇਵ-ਪੂਜਾ ਕਰਨ ਲਈ ਆਖਿਆ ਪਰ ਮੀਰਾ ਜੀ ਲਈ ਤਾਂ ਸਿਰਫ ਗਿਰਧਰ ਗੋਪਾਲ ਹੀ ਪੂਜਣ ਯੋਗ ਸਨ। ਉਨ੍ਹਾਂ ਨੂੰ ਸੱਸ ਕੋਲੋਂ ਦੇਵ-ਪੂਜਾ ਨਾ ਕਰਨ ਤੇ ਕੌੜੀਆਂ ਕਸੈਲੀਆਂ ਸੁਣਨੀਆਂ ਪਈਆਂ। ਇਸ ਤੋਂ ਬਾਅਦ ਮੀਰਾ ਜੀ ਨੂੰ ਗੌਰੀ ਦੀ ਪੂਜਾ ਕਰਨ ਲਈ ਕਿਹਾ, ਮੀਰਾ ਜੀ ਨੇ ਫਿਰ ਇਨਕਾਰ ਕਰ ਦਿੱਤਾ ਉਨ੍ਹਾਂ ਨੇ ਸਾਫ ਕਿਹਾ ਕਿ ਉਨ੍ਹਾਂ ਦੇ ਪੂਜਣ ਯੋਗ ਤਾਂ ਸਿਰਫ ਗਿਰਧਰ ਗੋਪਾਲ ਹੀ ਹਨ, ਹੋਰ ਕੋਈ ਨਹੀਂ।

ਉਨ੍ਹਾਂ ਦੇ ਪਤੀ ਭੋਜਰਾਜ ਜੀ ਪਹਿਲਾਂ ਤਾਂ ਨਾਰਾਜ਼ ਹੋਏ ਪਰ ਫਿਰ ਮੀਰਾ ਜੀ ਦੇ ਹਿਰਦੇ ਦੀ ਸੱਚਾਈ ਤੇ ਸਰਲਤਾ ਵੇਖਕੇ ਉਨ੍ਹਾਂ ਲਈ ਇੱਕ ਸੁੰਦਰ ਮੰਦਿਰ ਬਣਵਾ ਦਿੱਤਾ। ਭੋਜਰਾਜ ਦਲੇਰ, ਵੀਰ, ਬਹਾਦਰ, ਅਤੇ ਸਾਹਿੱਤਯ ਪ੍ਰੇਮੀ ਸਨ। ਮੀਰਾ ਜੀ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਉਤੇ ਉਹ ਅਤਿਅੰਤ ਪ੍ਰਸੰਨ ਹੁੰਦੇ ਅਤੇ ਬੜੀ ਗੌਰਵ ਦੀ ਗੱਲ ਸਮਝਦੇ। ਮੀਰਾ ਹਮੇਸ਼ਾ ਆਪਣਾ ਪਤੀ ਗਿਰਧਰ ਨੂੰ ਹੀ ਮੰਨਦੀ ਪਰ ਆਪਣੇ ਦੁਨਿਆਵੀ ਪਤੀ ਨੂੰ ਕਦੇ ਨਾਰਾਜ਼ ਨਾ ਕਰਦੀ। ਮੀਰਾ ਆਪਣਾ ਸਮਾਂ ਭਜਨ-ਕੀਰਤਨ ਅਤੇ ਸਾਧੂਆਂ ਦੀ ਸੰਗਤ ਵਿੱਚ ਗੁਜ਼ਾਰਦੀ। ਕਦੇ ਵਿਰਹ ਦੀ ਤੀਵਰ ਅਗਨੀ ਉਨ੍ਹਾਂ ਨੂੰ ਰੁਲਾ ਦਿੰਦੀ। ਕਦੇ ਧਿਆਨ ਮਗਨ ਹੋ ਕੇ ਖੂਬ ਠਾਹਕੇ ਮਾਰਕੇ ਹੱਸਦੀ। ਕਈ-ਕਈ ਦਿਨ ਖਾਣਾ ਪੀਣਾ ਭੁੱਲ ਜਾਂਦਾ ਅਤੇ ਗਿਰਧਰ ਗੋਪਾਲ ਦੇ ਪਿਆਰ ਵਿੱਚ ਬੇਸੁੱਧ ਪਈ ਰਹਿੰਦੀ। ਸਰੀਰ ਨਿਰਬਲ ਹੋਣ ਲੱਗ ਪਿਆ। ਘਰ ਵਾਲਿਆਂ ਨੇ ਵੈਦ ਬੁਲਾਏ ਪਰ ਮੀਰਾ ਜੀ ਨੇ ਕਿਹਾ-

*ਹੇ ਰੀ ਮੈਂ ਤੋ ਪ੍ਰੇਮ ਦਿਵਾਨੀ ਮੇਰੋ ਦਰਦ ਨਾ ਜਾਣੇ ਕੋਇ।।*
*ਸੂਲੀ ਉਪਰ ਸੇਜ ਹਮਾਰੀ, ਕਿਸ ਬਿਧ ਸੋਣਾ ਹੋਏ।।*

ਪਰ ਇਹੋ ਜਿਹੇ ਅਲੌਕਿਕ ਪ੍ਰੇਮ ਦੀਵਾਨਿਆਂ ਦੀ ਦਵਾ ਵੈਦ ਕੋਲ ਕਿੱਥੇ ? ਮੀਰਾ ਜੀ ਨੇ ਆਪਣਾ ਤਨ, ਮਨ, ਧਨ, ਆਪਣਾ ਸਾਰਾ ਕੁਲ, ਸਰਬੰਸ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਅਰਪਿਤ ਕੀਤਾ ਹੋਇਆ ਸੀ। ਇਸੇ ਲਈ ਉਹ ਕਹਿੰਦੇ-

*ਗੋਵਿੰਦ ਲੀਨੋ ਮੋਲ, ਮਾਈ ਮੈਂ ਗੋਵਿੰਦ ਲੀਨੋ ਮੋਲ।*

*ਕੋਈ ਕਹੇ ਸਸਤੋ, ਕੋਈ ਕਹੈ ਮਹੰਗੋ, ਲੀਨਹੁ ਤਰਾਜੂ ਤੋਲ।।*
*ਕੋਈ ਕਹੈ ਘਰ ਮੈਂ, ਕੋਈ ਕਹੈ ਵਨ ਮੈਂ, ਰਾਧਾ ਕੇ ਸੰਗ ਕਲੋਲ।।*
*ਮੀਰਾ ਕੇ ਪ੍ਰਭੂ ਗਿਰਧਰ ਨਾਗਰ ਆਵਤ ਪ੍ਰੇਮ ਕੇ ਮੋਲ।।*

ਮੀਰਾ ਜੀ ਦਾ ਮਨ ਤਾਂ ਸ੍ਰੀ ਕ੍ਰਿਸ਼ਨ ਜੀ ਦੇ ਚਰਨ-ਕੰਵਲਾਂ ਦਾ ਭੌਰਾ ਬਣ ਚੁੱਕਾ ਸੀ, ਉਸਨੂੰ ਕੋਈ ਹੋਰ ਚੀਜ਼ ਕਿਵੇਂ ਚੰਗੀ ਲੱਗ ਸਕਦੀ ਸੀ ? ਮੀਰਾ ਨੇ ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਦਾ ਰਸ ਚਖ ਲਿਆ ਸੀ, ਫਿਰ ਭਲਾ ਦੁਨਿਆਵੀ ਰਸ ਉਨ੍ਹਾਂ ਨੂੰ ਕਿਵੇਂ ਚੰਗੇ ਲੱਗਦੇ ?

ਸੰਮਤ ੧੫੮੩ ਵਿੱਚ ਭੋਜਰਾਜ ਦਾ ਦੇਹਾਂਤ ਹੋ ਗਿਆ ਅਤੇ ਮੀਰਾ ਦੇ ਦੇਵਰ ਵਿਕਰਮਾਜੀਤ ਨੇ ਗੱਦੀ ਸੰਭਾਲੀ। ਮੀਰਾ ਜੀ ਦਾ ਸਾਧੂਆਂ, ਸੰਤਾ ਨਾਲ ਸੰਗ ਜ਼ੋਰ ਫੜਨ ਲਗ ਪਿਆ। ਵਿਕਰਮਾਜੀਤ ਨੂੰ ਮੀਰਾ ਜੀ ਦਾ ਰਹਿਨ-ਸਹਿਨ, ਹਰ ਵੇਲੇ ਸਾਧੂਆਂ ਸੰਤਾਂ ਦਾ ਸੰਗ, ਭਜਨ-ਬੰਦਗੀ ਕਰਨਾ ਚੰਗਾ ਨਾ ਲੱਗਿਆ। ਉਨ੍ਹਾਂ ਨੇ ਮੀਰਾ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਸਾਧੂਆਂ ਸੰਤਾਂ ਦਾ ਸੰਗ ਤਿਆਗ ਦੇਣ ਪਰ ਸਭ ਨਿਸ਼ਫਲ। ਮੀਰਾ ਦਾ ਆਪਣੇ ਗਿਰਧਰ ਗੋਪਾਲ ਦੇ ਚਰਨਾਂ ਤੇ ਅਟੱਲ ਭਰੋਸਾ, ਅਚੱਲ ਵਿਸ਼ਵਾਸ, ਨਿਰਭੈਤਾ, ਅਦਭੁਤ ਤਿਆਗ ਸੀ। ਅੰਤ ਰਾਣਾ ਜੀ ਨੇ ਮੀਰਾ ਜੀ ਨੂੰ ਚਰਨਾਮ੍ਰਿਤ ਦੇ ਬਹਾਨੇ ਜ਼ਹਿਰ ਪੀਣ ਲਈ ਭੇਜਿਆ। ਭਗਵਾਨ ਦਾ ਚਰਨਾਮ੍ਰਿਤ ਸਮਝਕੇ ਮੀਰਾ ਜੀ ਨੇ ਉਸ ਜ਼ਹਿਰ ਨੂੰ ਗਟ-ਗਟ ਕਰਕੇ ਪੀ ਲਿਆ। ਭਗਵਾਨ ਨੂੰ ਆਪਣੇ ਸੇਵਕ ਦੀ ਲਾਜ ਰਖਣੀ ਪਈ, ਵਿਸ਼ ਅੰਮ੍ਰਿਤ ਹੋ ਗਿਆ, ਮੀਰਾ ਦਾ ਵਾਲ ਵੀ ਵਿੰਗਾ ਨਾ ਹੋਇਆ।

ਇਸ ਘਟਨਾ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਮੀਰਾ ਜੀ ਸਾਰਾ ਦਿਨ ਆਪਣੇ ਪਿਆਰੇ ਗਿਰਧਰ ਗੋਪਾਲ ਦੀ ਯਾਦ ਵਿੱਚ ਨੱਚਦੇ ਗਾਉਂਦੇ ਰਹਿੰਦੇ। ਰਾਤ ਨੂੰ ਮੰਦਰ ਦੇ ਦਰਵਾਜ਼ੇ ਬੰਦ ਕਰਕੇ ਮੀਰਾ ਜੀ ਸ੍ਰੀ ਕ੍ਰਿਸ਼ਨ ਜੀ ਅੱਗੇ ਖੁੱਲ੍ਹ ਕੇ ਨੱਚਦੇ। ਕਈ ਵਾਰੀ ਲਗਦਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਜੀ ਵੀ ਮੀਰਾ ਨਾਲ ਸਾਖਿਆਤ ਰੂਪ ਵਿੱਚ ਬਚਨ ਬਿਲਾਸ ਕਰ ਰਹੇ ਹਨ। ਮੀਰਾ ਜੀ ਨੂੰ ਆਪਣੇ ਗਿਰਧਰ ਗੋਪਾਲ ਦੇ ਦਰਸ਼ਨਾਂ ਦੀ ਤਾਂਘ, ਲਾਲਸਾ ਹਰ ਵੇਲੇ ਬਣੀ ਰਹਿੰਦੀ।

*ਦਰਸ ਬਿਨ ਦੂਖਤ ਲਾਗੇ ਨੈਣ*
*ਜਬ ਤੇ ਤੁਮ ਬਿਛੁਰੇ ਮੇਰੇ ਪ੍ਰਭੂ ਜੀ*
*ਕਬਹੂੰ ਨਾ ਪਾਯੋ ਚੈਨ।*
*ਸ਼ਬਦ ਸੁਣਤ ਮੇਰੀ ਛਤਿਯਾ ਕੰਪੈ, ਮੀਠੇ ਲਾਗੈ ਬੈਨ।*
*ਇਕ ਟਕਟਕੀ ਪੰਥ ਨਿਹਾਰੂੰ, ਭਈ ਛੇ ਮਾਸੀ ਰੈਣ।*
*ਬਿਰਹ ਬਿਥਾ ਕਾ ਸੂੰ ਕਹੂੰ ਸਜਨੀ, ਵਹ ਗਈ ਕਰਵਤ ਨੈਣ।*

*ਮੀਰਾ ਕੇ ਪ੍ਰਭੂ ਕਬ ਰੇ ਮਿਲੋਗੇ, ਦੁਖ ਮੇਟਨ ਸੁਖ ਦੇਣ।*

ਕੁਝ ਲੋਕਾਂ ਨੇ ਜਾ ਕੇ ਰਾਣਾ ਜੀ ਅੱਗੇ ਸ਼ਿਕਾਇਤ ਲਾਈ ਕਿ ਮੀਰਾ ਰਾਤ ਨੂੰ ਕਿਸੇ ਨਾਲ ਗੱਲਾਂ ਕਰਦੀ ਹੈ, ਇਸ ਲਈ ਜ਼ਰੂਰ ਉਸ ਨੂੰ ਮਿਲਣ ਲਈ ਰਾਤ ਵੇਲੇ ਉੱਥੇ ਕੋਈ ਆਉਂਦਾ ਹੈ। ਉਸੇ ਵੇਲੇ ਰਾਣਾ ਜੀ ਕ੍ਰੋਧ ਵਿੱਚ ਨੰਗੀ ਤਲਵਾਰ ਲੈ ਕੇ ਮੀਰਾ ਜੀ ਦੇ ਮਹੱਲ ਵਿੱਚ ਪਹੁੰਚੇ। ਅੰਦਰੋਂ ਉਸਨੂੰ ਗੱਲਾਂ ਕਰਨ ਦੀ ਆਵਾਜ਼ ਸੁਣਾਈ ਦਿੱਤੀ, ਦਰਵਾਜ਼ੇ ਖੁਲ੍ਹਵਾਏ ਗਏ। ਮੀਰਾ ਜੀ ਕੋਲੋਂ ਪੁੱਛਿਆ ਗਿਆ-ਅੰਦਰ ਕੌਣ ਸੀ ? ਉੱਤਰ ਵਿੱਚ ਮੀਰਾ ਜੀ ਨੇ ਆਖਿਆ-ਉਨ੍ਹਾਂ ਦੇ ਗਿਰਧਰ ਗੋਪਾਲ ਤੋਂ ਸਿਵਾ ਹੋਰ ਦੂਸਰਾ ਕੌਣ ਹੋ ਸਕਦਾ ਹੈ। ਸਾਰੇ ਸੰਸਾਰ ਵਿੱਚ ਉਸ ਛੈਲ-ਛਬੀਲੇ ਗਿਰਧਰ ਤੋਂ ਸਿਵਾ ਹੋਰ ਕੋਈ ਵੀ ਉੱਥੇ ਨਹੀਂ ਆ ਸਕਦਾ। ਮੀਰਾਂ ਨੇ ਆਪਣੇ ਪਿਆਰੇ ਦੀ ਮਹਿਮਾ ਦਾ ਗਾਣ ਕੀਤਾ-

*ਬਸੋ ਮੇਰੇ ਨੈਣਨ ਮੈਂ ਨੰਦ-ਲਾਲ।।*
*ਮੋਹਨੀ ਮੂਰਤ ਸਾਂਵਰੀ ਸੁਰਤਿ, ਨੈਣਾ ਬਣੇ ਵਿਸ਼ਾਲ।।*
*ਅਧਰ ਸੁਧਾ ਰਸ ਮੁਰਲੀ ਰਾਜਤ, ਉਰ ਵੈਜੰਤੀ ਮਾਲ।।*
*ਛੂਦਰ ਘੰਟਿਕਾ ਕਟਿ-ਤਟ ਸੋਭਿਤ, ਨੂਪੁਰ ਸ਼ਬਦ ਰਸਾਲ।।*
*ਮੀਰਾ ਪ੍ਰਭੁ ਸੰਤਨ ਸੁਖਦਾਈ, ਭਗਤ ਵਛਲ ਗੋਪਾਲ।।*

ਰਾਣਾ ਜੀ ਅਤਿ ਸ਼ਰਮਿੰਦਾ ਹੋ ਕੇ ਵਾਪਸ ਆ ਗਏ। ਇੱਕ ਦਿਨ ਇੱਕ ਪਾਖੰਡੀ ਸਾਧੂ ਨੇ ਮੀਰਾ ਜੀ ਨੂੰ ਆ ਕੇ ਆਖਿਆ,''ਮੈਨੂੰ ਗਿਰਧਰ ਗੋਪਾਲ ਨੇ ਤੁਹਾਡੇ ਕੋਲ ਅੰਗ ਸੰਗ ਕਰਨ ਲਈ ਭੇਜਿਆ ਹੈ।''ਮੀਰਾ ਨੇ ਉਨ੍ਹਾਂ ਦੀ ਸੇਵਾ ਕਰਕੇ, ਇੱਕ ਪਲੰਘ ਵਿਛਾ ਕੇ ਕਿਹਾ, ਆਉ ਮਹਾਰਾਜ ਅੰਗ ਸੰਗ ਕਰੋ।'' ਅਗੋਂ ਉਸ ਪਾਖੰਡੀ ਸਾਧੂ ਨੇ ਕਿਹਾ,''ਇਸਤ੍ਰੀ ਪੁਰਸ਼ ਦਾ ਸੰਗ ਸਾਰਿਆਂ ਸਾਹਮਣੇ ਕਿਵੇਂ ਹੋ ਸਕਦਾ ਹੈ ?'' ਮੀਰਾ ਜੀ ਨੇ ਉੱਤਰ ਦਿੱਤਾ,''ਮਹਾਰਾਜ ਐਸੀ ਕਿਹੜੀ ਜਗ੍ਹਾ ਹੈ, ਜਿੱਥੇ ਮੇਰੇ ਗਿਰਧਰ ਲਾਲ ਜੀ ਨਹੀਂ ਬਿਰਾਜਦੇ। ਮੈਂ ਤਾਂ ਜਿੱਥੇ ਵੀ ਵੇਖਦੀ ਹਾਂ, ਉੱਥੇ ਹੀ ਖੜੇ ਦਿਸਦੇ ਹਨ। ਫਿਰ ਇਸ ਸਰੀਰ ਵਿੱਚ ਤਾਂ ਅਨੇਕ ਦੇਵਤਿਆਂ ਦਾ ਵਾਸਾ ਹੈ। ਚੰਦ੍ਰਮਾ, ਸੂਰਜ, ਤਾਰਾਗਣ, ਸਾਡੇ ਕਰਮਾਂ ਦੇ ਗਵਾਹ ਹਨ। ਯਮਰਾਜ ਦੇ ਦੂਤ ਤਾਂ ਠੀਕ ਹਿਸਾਬ ਰੱਖਣ ਲਈ ਹਮੇਸ਼ਾਂ ਘੁੰਮਦੇ ਰਹਿੰਦੇ ਹਨ। ਜਦੋਂ ਐਨੇ ਲੋਕ ਵੇਖ ਰਹੇ ਹਨ, ਫਿਰ ਸਾਧੂ ਮੰਡਲੀ ਕੋਲੋਂ ਕਾਹਦੀ ਸ਼ਰਮ ?'' ਮੀਰਾ ਦੇ ਚਰਨਾਂ ਤੇ ਡਿੱਗ ਕੇ ਪਾਖੰਡੀ ਸਾਧੂ ਨੇ ਮੁਆਫੀ ਮੰਗੀ।

*ਰਾਮ ਰਸ ਪੀਜੈ ਮਨੁਆਂ, ਰਾਮ ਨਾਮ ਰਸ ਪੀਜੈ।*
*ਤਜ ਕੁਸੰਗ ਸਤਸੰਗ ਬੈਠ ਨਿਤ, ਹਰਿ ਚਰਚਾ ਸੁਣ ਲੀਜੈ।*
*ਕਾਮ ਕਰੋਧ ਮਦ ਲੋਭ ਮੋਹ ਕੂੰ, ਬਹਾ ਚਿਤ ਸੇ ਦੀਜੈ।*

*ਮੀਰਾ ਕੇ ਪ੍ਰਭੂ ਗਿਰਧਰ ਨਾਗਰ, ਤਾਹਿਕੇ ਰੰਗ ਮੈਂ ਭੀਜੈ।*

ਰਾਣਾ ਜੀ ਮੀਰਾ ਜੀ ਨਾਲ ਖੁਸ਼ ਨਹੀਂ ਸਨ। ਇਸ ਲਈ ਉਨ੍ਹਾਂ ਨੂੰ ਮਾਰਨ ਵਾਸਤੇ ਇੱਕ ਜ਼ਹਿਰੀਲਾ ਸੱਪ ਟੋਕਰੀ ਵਿੱਚ ਪਾ ਕੇ ਮੀਰਾ ਲਈ ਭੇਜਿਆ ਅਤੇ ਆਖਿਆ ਕਿ ਮੀਰਾ ਜੀ ਨੂੰ ਸਾਲਗਰਾਮ ਦੀ ਇੱਕ ਮੂਰਤੀ ਭੇਟ ਕੀਤੀ ਗਈ ਹੈ। ਮੀਰਾ ਜੀ ਨੇ ਬੜੀ ਖੁਸ਼ੀ-ਖੁਸ਼ੀ ਉਸ ਪਿਟਾਰੇ ਦਾ ਮੂੰਹ ਖੋਲ੍ਹਿਆ ਤੇ ਕਾਲੀ ਨਾਗਿਨ ਦੀ ਥਾਂ ਸ੍ਰੀ ਸਾਲਗਰਾਮ ਜੀ ਦੀ ਸੁੰਦਰ ਮੂਰਤੀ ਅਤੇ ਇੱਕ ਫੁੱਲਾਂ ਦਾ ਸੁੰਦਰ ਹਾਰ ਸੀ। ਆਪਣੇ ਪ੍ਰਭੂ ਦੇ ਦਰਸ਼ਨ ਕਰਕੇ ਮੀਰਾ ਨੱਚ ਉਠੀ। ਅੰਤ ਵਿੱਚ ਮੀਰਾ ਜੀ ਨੇ ਰਾਜ ਮਹਲ ਸਭ ਤਿਆਗ ਕੇ ਬਿੰਦਰਾਬਨ ਜਾਣ ਦਾ ਫੈਸਲਾ ਕਰ ਲਿਆ।

ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਵਿੱਚ ਮਸਤਾਨੀ ਹੋਈ ਮੀਰਾ ਹਰ ਵੇਲੇ ਵਿਰਹ ਦੇ ਗੀਤ ਗਾਉਂਦੀ ਰਹਿੰਦੀ ਅਤੇ ਗਿਰਧਰ ਗੋਪਾਲ ਵੀ ਉਸਦੀ ਭਗਤੀ ਤੇ ਖੁਸ਼ ਹੋ ਕੇ ਦਰਸ਼ਨ ਦਿੰਦੇ ਰਹਿੰਦੇ। ਮੀਰਾ ਜੀ ਆਪਣੇ ਪਿਆਰੇ ਗਿਰਧਰ ਗੋਪਾਲ ਦੀ ਸੁੰਦਰਤਾ ਦਾ ਵਰਣਨ ਕਰਦੇ ਹਨ-

*ਮੇਰੇ ਤੋ ਗਿਰਧਰ ਗੋਪਾਲ ਦੂਸਰੋ ਨਾ ਕੋਈ।*
*ਜਾਕੇ ਸਿਰ ਮੋਰ ਮੁਕਟ ਮੇਰੋ ਪਤਿ ਸੋਈ।*
*ਤਾਤ, ਮਾਤ, ਭਰਾਤ, ਬੰਧੂ ਅਪਨੋ ਨਾ ਕੋਈ।*
*ਛਾਡ ਦਈ ਕੁਲ ਕੀ ਕਾਣ ਕਾ ਕਰਿ ਹੈਂ ਕੋਈ।*
*ਸੰਤਨ ਢਿਗ ਬੈਠਿ ਬੈਠਿ ਲੋਕ ਲਾਜ ਖੋਈ।*

ਕੁਝ ਚਿਰ ਬਿੰਦਰਾਬਨ ਰਹਿ ਕੇ ਮੀਰਾ ਜੀ ਦਵਾਰਿਕਾ ਚਲੇ ਗਏ। ਉੱਥੇ ਵੀ ਹਰ ਵੇਲੇ ਭਜਨ ਕੀਰਤਨ ਕਰਦੇ ਰਹਿੰਦੇ। ੧੬੦੨ ਵਿੱਚ ਮੀਰਾ ਜੀ ਨੇ ਆਪਣੇ ਗਿਰਧਰ ਦੇ ਗੀਤ ਗਾਉਂਦੇ-ਗਾਉਂਦੇ ਸਰੀਰ ਤਿਆਗ ਦਿੱਤਾ।

*ਮੀਰਾ ਕੋ ਨਿਜ ਲੀਨ ਕੀਯਾ, ਨਾਗਰ ਨੰਦ ਕਿਸ਼ੋਰ।।*
*ਜਗ ਪ੍ਰਤੀਤ ਹਿਤ-ਨਾਥ-ਮੁਖ ਰਹਯੋ ਚੁਨਰੀ ਛੋਰ।।*

ੴ

# 8

# ਕਰਮੈਤੀ

## *ਸਯਾਮ ਸੋ ਪ੍ਰੀਤ ਲਗਾਈ*

ਜਿਹੜੀਆਂ ਜੀਵ ਆਤਮਾਵਾਂ ਦਾ ਮਨ ਉਸ ਅਕਾਲ-ਪੁਰਖ ਪਿਆਰੇ ਪ੍ਰਭੂ ਪ੍ਰੀਤਮ ਦੇ ਚਰਨਾਂ ਵਿੱਚ ਜੁੜ ਜਾਂਦਾ ਹੈ, ਉਸਦੀ ਪਿਆਰੀ ਮਨ-ਮੋਹਨੀ ਮੂਰਤ ਦਾ ਵਾਸਾ ਉਨ੍ਹਾਂ ਦੇ ਹਿਰਦੇ ਅੰਦਰ ਹੋ ਜਾਂਦਾ ਹੈ, ਉਹ ਹਮੇਸ਼ਾਂ-ਹਮੇਸ਼ਾਂ ਲਈ ਉਸ ਨਾਲ ਜੁੜੀਆਂ ਰਹਿੰਦੀਆਂ ਹਨ, ਉਹ ਇੱਕ ਖਿਨ ਭਰ ਲਈ ਵੀ ਉਸਤੋਂ ਦੂਰ ਨਹੀਂ ਰਹਿ ਸਕਦੀਆਂ, ਇੱਕ ਖਿਨ ਭਰ ਦਾ ਵਿਛੋੜਾ ਵੀ ਉਨ੍ਹਾਂ ਨੂੰ ਤੜਪਾ ਦਿੰਦਾ ਹੈ। ਦੁਨਿਆਵੀ ਪਦਾਰਥਕ ਵਸਤੂਆਂ ਉਨ੍ਹਾਂ ਨੂੰ ਫਿੱਕੀਆਂ ਲਗਦੀਆਂ ਹਨ, ਦੁਨਿਆਵੀ ਰੰਗ, ਖੇਡ, ਤਮਾਸ਼ਿਆਂ ਵਿੱਚ ਉਨ੍ਹਾਂ ਦਾ ਮਨ ਭਿੱਜਦਾ ਨਹੀ, ਇਹ ਸਭ ਕੁਝ ਉਨ੍ਹਾਂ ਲਈ ਨਿਰ-ਅਰਥਕ ਲੱਗਣ ਲੱਗ ਜਾਂਦਾ ਹੈ, ਦੁਨੀਆ ਦਾ ਪਸਾਰਾ ਸਭ ਕੂੜ ਹੋ ਜਾਂਦਾ ਹੈ, ਜੇਕਰ ਕੋਈ ਸੱਚ ਹੈ ਤਾਂ ਉਹ ਹੈ, ਉਨ੍ਹਾਂ ਦਾ ਪਿਆਰਾ, ਸਾਂਵਰਾ, ਸੁੰਦਰ ਕਾਨ੍ਹ-ਕਨ੍ਹੱਈਆ। ਸੰਸਾਰ ਦੇ ਪਦਾਰਥ ਜੇਕਰ ਉਨ੍ਹਾਂ ਦੇ ਪਿਆਰੇ ਦੀ ਪੂਜਾ ਸਾਮਗ੍ਰੀ ਬਣਕੇ ਰਹਿਣ, ਤਾਂ ਉਹ ਜ਼ਰੂਰ ਰਹਿਣ, ਉਨ੍ਹਾਂ ਦੇ ਇੰਝ ਰਹਿਣ ਨਾਲ ਪਰਮ-ਸੁਖ ਹੈ, ਕਿਉਂਕਿ ਉਹ ਆਪਣੇ ਪਿਆਰੇ ਪ੍ਰੀਤਮ ਦੇ ਪ੍ਰੇਮ ਵਿੱਚ ਰੁਕਾਵਟ ਨਹੀਂ ਪਾਉਂਦੇ, ਉਨ੍ਹਾਂ ਦੇ ਨਾਲ ਤੇ ਉਨ੍ਹਾਂ ਦੇ ਪਿਆਰੇ ਦੇ ਚਰਨ ਕੰਵਲਾਂ ਦੀ ਪੂਜਾ ਹੁੰਦੀ ਹੈ, ਪਰ ਜਿਹੜੇ ਪਦਾਰਥ ਉਨ੍ਹਾਂ ਦੇ ਪਿਆਰੇ ਪ੍ਰੀਤਮ ਦੇ ਮੇਲ-ਮਿਲਾਪ ਵਿੱਚ ਰੁਕਾਵਟ ਪਾਉਂਦੇ ਹਨ, ਉਨ੍ਹਾਂ ਦੇ ਤਿਆਗਣ ਵਿੱਚ ਹੀ ਉਹ ਆਪਣੀ ਭਲਾਈ ਸਮਝਦੇ ਹਨ। ਜਦੋਂ ਆਪਣੇ ਪਿਆਰੇ ਸਾਂਵਰੇ ਪ੍ਰੀਤਮ ਨਾਲ ਪਿਆਰ ਹੋ ਜਾਂਦਾ ਹੈ, ਫਿਰ ਤਾਂ ਆਪਣਾ ਕੁਝ ਰਹਿ ਹੀ ਨਹੀ ਜਾਂਦਾ, ਸਾਰਾ ਕੁਛ ਆਪਣੇ ਪਿਆਰੇ ਦੇ ਚਰਨਾਂ ਵਿੱਚ ਅਰਪਿਤ ਹੋ ਜਾਂਦਾ ਹੈ, ਸਾਰਾ ਕੁਝ ਉਸੇ ਦਾ ਹੀ ਹੋ ਜਾਂਦਾ ਹੈ, ਪ੍ਰੇਮੀ ਆਪਣੇ ਪਿਆਰੇ ਦਾ ਅਤੇ ਪਿਆਰਾ ਆਪਣੇ ਪ੍ਰੇਮੀ ਦਾ, ਇੱਕ ਅਟੁੱਟ ਰਿਸ਼ਤਾ ਬਣ ਜਾਂਦਾ, ਹੈ ਜਿਸ ਨੂੰ ਕੋਈ ਨਿਖੇੜ ਨਹੀਂ ਸਕਦਾ। ਜਿਹੜੀ ਚੀਜ਼ ਆਪਣੇ ਪਿਆਰੇ ਦੀ ਬਣਕੇ ਨਹੀ ਰਹਿੰਦੀ, ਜਿਹਦੇ ਕਰਕੇ ਆਪਣੇ ਪਿਆਰੇ ਪ੍ਰੀਤਮ ਦੇ ਚਰਨਾਂ ਵਿੱਚ ਆਤਮ ਸਮਰਪਣ ਕਰਨ ਵਿੱਚ ਰੁਕਾਵਟਾਂ ਪੈਦਾ ਹੋਣ, ਉਸਨੂੰ ਤਿਆਗਣਾ ਹੀ ਉੱਚਿਤ ਹੁੰਦਾ ਹੈ। ਇਸੇ ਤਰ੍ਹਾਂ ਕਰਮੈਤੀ ਬਾਈ ਨੇ ਆਪਣਾ ਪਿਤਾ,

ਮਾਤਾ, ਪਤੀ, ਘਰ-ਬਾਰ ਸਭ ਕੁਝ ਆਪਣੇ ਪਿਆਰੇ ਇਸ਼ਟ ਦੀ ਖਾਤਰ ਤਿਆਗ ਦਿੱਤਾ ਅਤੇ ਬਿੰਦਰਾਬਨ ਦੀਆਂ ਗਲੀਆਂ ਵੱਲ ਆਪਣੇ ਮਨ ਨੂੰ ਆਪਣੇ ਪਿਆਰੇ ਪ੍ਰੀਤਮ ਦੇ ਚਰਨਾਂ ਵਿੱਚ ਜੋੜਕੇ ਟੁਰ ਪਈ।

ਕਰਮੈਤੀ ਬਾਈ ਦੇ ਪਿਤਾ ਪੰਡਤ ਪਰਸ਼ੁਰਾਮ ਜੀ ਖੰਡੇਲਾ ਰਾਜ ਦੇ ਕੁਲ ਪੁਰੋਹਿਤ ਸਨ। ਕਰਮੈਤੀ ਸਦਗੁਣਾਂ ਦਾ ਅਥਾਹ ਭੰਡਾਰ ਸੀ। ਆਪਣੇ ਪੂਰਬਲੇ ਕਰਮਾਂ ਦੇ ਫਲ ਸਦਕਾ ਕਰਮੈਤੀ ਦਾ ਮਨ ਹਮੇਸ਼ਾਂ ਆਪਣੇ ਪਿਆਰੇ ਸ਼ਿਆਮ ਸੁੰਦਰ ਦੇ ਚਰਨਾਂ ਵਿੱਚ ਜੁੜਿਆਂ ਰਹਿੰਦਾ। ਉਹ ਹਮੇਸ਼ਾ ਆਪਣੇ ਪਿਆਰੇ ਦਾ ਨਾਮ ਸਿਮਰਨ ਕਰਦੀ ਰਹਿੰਦੀ। ਇਕਾਂਤ ਜਗ੍ਹਾ ਨੂੰ ਲੱਭਕੇ ਕਰਮੈਤੀ ਉਥੇ ਬੈਠੀ ਰਹਿੰਦੀ ਅਤੇ ਹਾਏ ਨਾਥ ! ਹਾਏ ਨਾਥ ! ਪੁਕਾਰਦੀ ਰਹਿੰਦੀ। ਆਪਣੇ ਪਿਆਰੇ ਦੀ ਯਾਦ ਵਿੱਚ ਉਸਦੀਆਂ ਅੱਖਾਂ ਵਿੱਚੋ ਹਮੇਸ਼ਾਂ ਨੀਰ ਵਹਿੰਦਾ ਰਹਿੰਦਾ। ਆਪਣੇ ਪਿਆਰੇ ਦੀ ਯਾਦ ਵਿੱਚ ਉਸ ਦੇ ਪ੍ਰੇਮ ਅਧੀਨ ਹੋ ਕੇ ਉਹ ਕਦੇ ਹੱਸਦੀ, ਕਦੇ ਰੋਂਦੀ ਅਤੇ ਕਦੇ ਉਚੀ ਸੁਰੀਲੀ ਆਵਾਜ਼ ਵਿੱਚ ਆਪਣੇ ਪਿਆਰੇ ਸਿਆਮ ਸੁੰਦਰ ਜੀ ਨੂੰ ਯਾਦ ਕਰਕੇ ਕੀਰਤਨ ਕਰਨ ਲੱਗ ਪੈਂਦੀ। ਛੋਟੀ ਜਿਹੀ ਬੱਚੀ ਨੂੰ ਕੀਰਤਨ ਕਰਦਿਆਂ ਵੇਖ ਕੇ ਘਰ ਤੇ ਬਾਹਰ ਦੇ ਲੋਕ ਅਤਿਅੰਤ ਪ੍ਰਸੰਨ ਹੁੰਦੇ।

ਹੁਣ ਕਰਮੈਤੀ ਨੌਜੁਆਨ ਹੋ ਗਈ, ਵਿਆਹ ਦੇ ਯੋਗ ਹੋ ਗਈ। ਮਾਤਾ ਪਿਤਾ ਨੇ ਉਨ੍ਹਾਂ ਲਈ ਸੁਯੋਗ ਵਰ ਲੱਭਣਾ ਸ਼ੁਰੂ ਕਰ ਦਿੱਤਾ ਪਰ ਕਰਮੈਤੀ ਨੂੰ ਇਹ ਸਭ ਬਿਲਕੁਲ ਚੰਗਾ ਨਾ ਲਗਦਾ। ਉਹ ਲੋਕ-ਲਾਜ ਕਰਕੇ ਉਨ੍ਹਾਂ ਨੂੰ ਆਪਣੇ ਮੂੰਹੋਂ ਨਾ ਕੁਝ ਕਹਿੰਦੀ ਪਰ ਇਹ ਸਾਰਾ ਕੁਝ ਉਸਨੂੰ ਵਿਸ਼ ਦੇ ਸਮਾਨ ਲਗਦਾ। ਇੱਛਾ ਨਾ ਹੋਣ ਤੇ ਵੀ ਉਸਦੇ ਪਿਤਾ ਨੇ ਉਸਦੀ ਮਰਜ਼ੀ ਦੇ ਖਿਲਾਫ ਉਸ ਦਾ ਵਿਆਹ ਕਰ ਦਿੱਤਾ। ਪਰ ਮਨ ਹੀ ਮਨ ਵਿੱਚ ਕਰਮੈਤੀ ਆਪਣੇ ਆਪਨੂੰ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਵਿੱਚ ਅਰਪਿਤ ਕਰ ਚੁੱਕੀ ਸੀ। ਸ਼ਿਆਮ ਸੁੰਦਰ ਜੀ ਦੀ ਵਸਤੂ ਤੇ ਕਿਸੇ ਹੋਰ ਦਾ ਅਧਿਕਾਰ, ਉਹ ਬਿਲਕੁਲ ਸਹਿਨ ਨਹੀਂ ਕਰ ਸਕਦੀ ਸੀ। ਉਸ ਦਾ ਤਾਂ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਨਾਲ ਵਿਆਹ ਹੋ ਚੁੱਕਿਆ ਸੀ, ਇਸ ਲਈ ਉਨ੍ਹਾਂ ਦੇ ਧਿਆਨ ਵਿੱਚ ਮਗਨ ਰਹਿੰਦੀ। ਕੁਝ ਦਿਨ ਤਾਂ ਇਸ ਤਰ੍ਹਾਂ ਹੀ ਲੰਘ ਗਏ, ਪਰ ਇੱਕ ਦਿਨ ਸਸੁਰਾਲ ਵਾਲੇ ਕਰਮੈਤੀ ਨੂੰ ਲੈਣ ਵਾਸਤੇ ਆ ਗਏ, ਉਸਨੂੰ ਪਤਾ ਲਗਾ ਕਿ ਉਹਦੇ ਸਹੁਰੇ ਘਰ ਵਾਲੇ ਨਾਸਤਕ ਸਨ, ਅਤੇ ਰੱਬ ਦੇ ਪ੍ਰਤਿ ਉਨ੍ਹਾਂ ਦੀ ਰਤੀ ਭਰ ਵੀ ਸ਼ਰਧਾ ਨਹੀ ਸੀ। ਉਹ ਸਾਧੂਆਂ ਅਤੇ ਸੰਤਾਂ ਦੇ ਵਿਰੋਧੀ ਸਨ। ਉਥੇ ਉਹ ਆਪਣੇ ਪਿਆਰੇ ਸ਼ਿਆਮ ਸੁੰਦਰ ਜੀ ਨੂੰ ਯਾਦ ਨਹੀ ਕਰ ਸਕੇਗੀ। ਇਹ ਸਾਰਾ ਕੁਝ ਸੋਚ ਕੇ ਉਹ ਵਿਆਕੁਲ ਹੋ ਉਠੀ ਅਤੇ ਜ਼ੋਰ-ਜ਼ੋਰ ਦੀ ਰੋਣ ਲੱਗ ਪਈ। ਉਸਨੇ ਆਪਣੇ

ਪਿਆਰੇ ਨੂੰ ਯਾਦ ਕਰਦਿਆਂ ਹੋਇਆਂ ਬੇਨਤੀਆਂ ਕੀਤੀਆਂ,''ਹੇ ਮੇਰੇ ਪਿਆਰੇ ਨਾਥ ! ਮੇਰੀ ਇਸ ਮੁਸੀਬਤ ਤੋਂ ਰੱਖਿਆ ਕਰੋ, ਕੀ ਇਹ ਤੁਹਾਡੇ ਚਰਨਾਂ ਦੀ ਦਾਸੀ ਕਿਸੇ ਹੋਰ ਦੀ ਦਾਸੀ ਬਣੇਗੀ ? ਕੀ ਤੁਸੀਂ ਕੁਝ ਇਹੋ ਜਿਹਾ ਉਪਾਅ ਨਹੀਂ ਕਰ ਸਕੋਗੇ, ਜਿਸ ਨਾਲ ਤੁਹਾਡੀ ਇਹ ਦਾਸੀ ਤੁਹਾਡੇ ਚਰਨਾਂ ਦਾ ਹੀ ਧਿਆਨ ਕਰ ਸਕੇ ? ਕੀ ਕੁਝ ਇਹੋ ਜਿਹੀ ਕ੍ਰਿਪਾ ਨਹੀ ਹੋਵੇਗੀ ਜਿਸ ਨਾਲ ਉਹ ਬ੍ਰਿਜ ਭੂਮੀ ਵਿਖੇ ਪਹੁੰਚਕੇ ਉਥੇ ਦੀ ਪਵਿਤ੍ਰ ਪਾਵਨ ਧੂਲ ਨੂੰ ਆਪਣੇ ਮੱਥੇ ਉੱਤੇ ਲਗਾ ਸਕੇਗੀ ?''

ਇਨ੍ਹਾਂ ਦੇ ਮਾਤਾ ਪਿਤਾ ਇਨ੍ਹਾਂ ਨੂੰ ਸਹੁਰੇ ਘਰ ਭੇਜਣ ਦੀਆਂ ਤਿਆਰੀਆਂ ਵਿੱਚ ਲਗੇ ਹੋਏ ਸਨ, ਉਧਰ ਕਰਮੈਤੀ ਬਾਈ ਆਪਣੇ ਪਿਆਰੇ ਦੀ ਧੁਨ ਵਿੱਚ ਮਦਮਸਤ ਸੀ। ਥੱਕ ਟੁੱਟ ਕੇ ਘਰ ਦਾ ਸਾਰਾ ਪਰਿਵਾਰ ਸਾਰੇ ਦਿਨ ਦੀ ਥਕਾਵਟ ਤੋਂ ਉਪਰੰਤ ਸੌਂ ਗਏ, ਪਰ ਕਰਮੈਤੀ ਆਪਣੇ ਪਿਆਰੇ ਪ੍ਰਭੂ ਦੇ ਚਰਨਾਂ ਵਿੱਚ ਇੱਕ ਟਕ ਸਮਾਧੀ ਵਿੱਚ ਲੀਨ ਸੀ। ਇੱਕ ਦਮ ਮਨ ਵਿੱਚ ਫੁਰਨਾ ਆਇਆ ਕਿ ਦੁਨਿਆਵੀ ਜੰਜਾਲ, ਝਮੇਲਿਆਂ ਵਿੱਚ ਫਸ ਕੇ, ਆਪਣੇ ਪਿਆਰੇ ਪ੍ਰਭੂ ਨੂੰ ਯਾਦ ਨਹੀਂ ਕੀਤਾ ਜਾ ਸਕਦਾ, ਇਹ ਸਭ ਉਸ ਤੋਂ ਵੇਮੁੱਖ ਕਰਦੇ ਹਨ।

ਇਸ ਤਰ੍ਹਾਂ ਸੋਚ ਕੇ, ਅੱਧੀ ਰਾਤ ਵੇਲੇ ਕਰਮੈਤੀ ਹਨੇਰਿਆਂ ਨੂੰ ਚੀਰਦੀ ਹੋਈ ਘਰ ਤੋਂ ਬਾਹਰ ਨਿਕਲ ਤੁਰੀ। ਕਰਮੈਤੀ ਕਦੇ ਵੀ ਘਰ ਤੋਂ ਬਾਹਰ ਇਕੱਲੀ ਨਹੀ ਸੀ ਨਿਕਲੀ, ਪਰ ਆਪਣੇ ਧਿਆਨ ਨੂੰ ਆਪਣੇ ਪਿਆਰੇ ਸ਼ਯਾਮ-ਸੁੰਦਰ ਦੇ ਚਰਨਾਂ ਵਿੱਚ ਜੋੜ ਕੇ, ਨਿਡਰ, ਨਿਝੱਕ, ਦਲੇਰ ਹੋ ਕੇ ਘਰ ਬਾਰ ਛੱਡ ਤੁਰੀ। ਉਸ ਵੇਲੇ ਉਸਦਾ ਪਿਆਰਾ ਇਸ਼ਟ, ਉਸਦੇ ਅੰਗ ਸੰਗ ਸੀ, ਫਿਰ ਉਸ ਨੂੰ ਕਿਸੇ ਦਾ ਕੀ ਡਰ ਸੀ। ਉਸ ਵੇਲੇ ਉਸਨੂੰ ਇਹ ਪਤਾ ਨਹੀਂ ਸੀ, ਕਿ ਉਹ ਕਿਸ ਪਾਸੇ ਜਾ ਰਹੀ ਹੈ, ਉਸਦੀ ਮੰਜ਼ਿਲ ਕਿਹੜੀ ਹੈ। ਉਸਦਾ ਟਿਕਾਣਾ ਕਿੱਥੇ ਹੈ ?

*ਦਿਸਿ ਅਰੁ ਬਦਿਸ ਪੰਥ ਨਹੀ ਸੁਝਾ।*
*ਕੋ ਮੈ ਕਹਾਂ ਨਹੀ ਬੁਝਾ।*

ਉਹ ਤਾਂ ਤੇਜ਼ ਕਦਮ ਪੁਟਦੀ-ਪੁਟਦੀ ਅਗਾਂਹ ਵੱਧਦੀ ਹੋਈ, ਦੌੜਦੀ ਹੋਈ ਜਾ ਰਹੀ ਸੀ। ਅੰਮ੍ਰਿਤ ਵੇਲਾ ਹੋ ਗਿਆ। ਪਰਿਵਾਰ ਦੇ ਲੋਕ ਜਦੋਂ ਨੀਂਦ ਪੂਰੀ ਕਰਕੇ ਜਾਗ ਉਠੇ, ਤਾਂ ਮਾਤਾ ਨੂੰ ਆਪਣੀ ਸਪੁੱਤਰੀ ਘਰ ਵਿੱਚ ਵਿਖਾਈ ਨਹੀਂ ਦਿੱਤੀ। ਮਾਤਾ ਪਿਤਾ ਦੋਹਾਂ ਨੂੰ ਬੜਾ ਦੁੱਖ ਹੋਇਆ, ਇੱਕ ਤਾਂ ਉਨਾਂ ਨੂੰ ਆਪਣੀ ਪਿਆਰੀ ਪੁੱਤਰੀ ਨਹੀ ਸੀ ਦਿੱਸ ਰਹੀ ਅਤੇ ਦੂਸਰਾ ਲੋਕ ਲਾਜ ਸਤਾ ਰਹੀ ਸੀ। ਉਨ੍ਹਾਂ ਨੂੰ ਤਾਂ ਆਪਣੀ ਪਿਆਰੀ, ਸੁਪੁਤਰੀ ਤੇ ਪੂਰਨ ਭਰੋਸਾ ਸੀ, ਪਰ ਪਿੰਡ ਦੇ ਲੋਕ ਤਾਂ ਜ਼ਰੂਰ ਉਸਨੂੰ ਕਲੰਕਿਤ

ਸਮਝਣਗੇ। ਪਰਸ਼ੁਰਾਮ ਅਤਿਅੰਤ ਦੁਖੀ ਹੋ ਕੇ ਆਪਣੇ ਜਜਮਾਨ ਰਾਜਾ ਕੋਲ ਗਿਆ। ਰਾਜੇ ਨੇ ਉਸ ਦੀ ਸਹਾਇਤਾ ਕਰਨ ਲਈ ਚਾਰ-ਚੁਫੇਰੇ ਆਪਣੇ ਆਦਮੀ ਦੁੜਾਏ। ਦੋ ਘੋੜਸਵਾਰ ਉਸ ਰਸਤੇ ਵਲ ਨੂੰ ਤੁਰ ਪਏ, ਜਿਧਰ ਕਰਮੇਤੀ ਬਾਈ ਜਾ ਰਹੀ ਸੀ। ਜਦੋਂ ਕਰਮੇਤੀ ਨੇ ਘੋੜਿਆਂ ਦੇ ਟਾਪਾਂ ਦੀ ਅਵਾਜ਼ ਸੁਣੀ ਤਾਂ ਹੋਸ਼ ਆਈ ਕਿ ਇਹ ਘੋੜਸਵਾਰ ਉਸਦਾ ਪਿੱਛਾ ਕਰਦੇ-ਕਰਦੇ ਉਸਦੇ ਨੇੜੇ ਆ ਪਹੁੰਚੇ ਹਨ। ਉਥੇ ਛੁਪਣ ਲਈ ਨੇੜੇ ਨਾ ਕੋਈ ਪਹਾੜ ਦੀ ਕੰਦਰਾ ਸੀ, ਨਾ ਕਿਸੇ ਰੁੱਖ ਦਾ ਨਾਮ ਨਿਸ਼ਾਨ, ਉਥੇ ਤਾਂ ਦੂਰ ਦੂਰ ਤਕ ਫੈਲਿਆ ਰੇਗਿਸਤਾਨ ਹੀ ਦਿੱਸ ਪੈ ਰਿਹਾ ਸੀ। ਕਰਮੇਤੀ ਨੇ ਚਾਰ-ਚੁਫੇਰੇ ਨਜ਼ਰ ਦੁੜਾਈ। ਉਨਾਂ ਨੂੰ ਉਥੇ ਇੱਕ ਮਰਿਆ ਹੋਇਆ ਊਠ ਦਿੱਸਿਆ। ਕਾਵਾਂ-ਇਲਾਂ ਨੇ ਊਠ ਦੇ ਪੇਟ ਵਿੱਚੋਂ ਮਾਸ ਖਾ-ਖਾ ਕੇ ਖੋਖਲਾ ਕਰ ਦਿੱਤਾ ਹੋਇਆ ਸੀ। ਕਰਮੇਤੀ ਦੌੜ ਕੇ ਉਸ ਦੁਰਗੰਧ ਭਰੇ ਊਠ ਦੇ ਖੋਖਲੇ ਹੋਏ ਪੇਟ ਵਿੱਚ ਜਾ ਛੁਪੀ। ਮਰੇ ਹੋਏ ਊਠ ਦੀ ਦੁਰਗੰਧ ਦੂਰ-ਦੂਰ ਤੱਕ ਫੈਲੀ ਹੋਈ ਸੀ, ਉਥੇ ਘੜੀ ਭਰ ਟਿਕਣਾ ਵੀ ਮੁਸ਼ਕਿਲ ਸੀ। ਘੋੜ ਸਵਾਰ ਦੁਰਗੰਧ ਕਰਕੇ ਉਥੋਂ ਵਾਪਸ ਚਲੇ ਗਏ।

ਕਰਮੇਤੀ ਆਪਣੇ ਪਿਆਰੇ ਸ੍ਰੀ ਕ੍ਰਿਸ਼ਨ ਜੀ ਦੀ ਭਗਤੀ ਵਿੱਚ ਲਿਵ-ਜੋੜ ਕੇ ਊਠ ਦੇ ਖੋਖਲੇ ਪੇਟ ਅੰਦਰ ਤਿੰਨ ਦਿਨ ਲਗਾਤਾਰ ਰਹੀ। ਉਸਦੇ ਪਿਆਰੇ ਨੇ ਵੀ ਅਪਾਰ ਕ੍ਰਿਪਾ ਕੀਤੀ ਤੇ ਉਸ ਦੁਰਗੰਧ ਨੂੰ ਸੁਗੰਧ ਵਿੱਚ ਬਦਲ ਦਿੱਤਾ। ਚੌਥੇ ਦਿਨ ਉਹ ਬਾਹਰ ਨਿਕਲ ਕੇ ਆਪਣੀ ਮੰਜ਼ਿਲ ਵਲ ਤੁਰ ਪਈ। ਉਸਨੇ ਹਰਿਦਵਾਰ ਪਹੁੰਚ ਕੇ ਗੰਗਾ ਸਨਾਨ ਕੀਤਾ। ਉਥੋਂ ਚਲ ਕੇ ਆਪਣੇ ਸਾਂਵਰੇ ਦੀ ਲੀਲਾ ਭੂਮੀ ਬਿੰਦਰਾਬਨ ਵਿੱਚ ਪਹੁੰਚੀ। ਉਥੇ ਸੱਚੇ ਸਾਧੂ-ਸੰਤਾਂ, ਵੈਰਾਗੀਆਂ ਦੇ ਝੁੰਡ ਰਹਿੰਦੇ ਸਨ। ਹਰ ਪਾਸੇ ਸ੍ਰੀ ਕ੍ਰਿਸ਼ਨ ਜੀ ਦੀ ਅਪਾਰ ਮਹਿਮਾ ਦਾ ਵਰਣਨ ਹੁੰਦਾ ਰਹਿੰਦਾ। ਸਾਰਾ ਦਿਨ ਕਰਮੇਤੀ ਬਾਈ ਆਪਣੇ ਪਿਆਰੇ ਨੂੰ ਯਾਦ ਕਰਕੇ ਆਨੰਦ ਮਗਨ ਰਹਿੰਦੀ। ਉਸਦੇ ਪਿਤਾ ਉਸਨੂੰ ਲੱਭਦੇ-ਲੱਭਦੇ ਬਿੰਦਰਾਬਨ ਪਹੁੰਚੇ ਪਰ ਕਰਮੇਤੀ ਨੂੰ ਲੱਭਣਾ ਕੋਈ ਆਸਾਨ ਨਹੀ ਸੀ। ਉਨ੍ਹਾਂ ਨੇ ਖੂਬ ਭਾਲ ਕੀਤੀ। ਇੱਕ ਦਿਨ ਇੱਕ ਰੁੱਖ ਤੇ ਚੜ੍ਹ ਕੇ ਉਨ੍ਹਾਂ ਨੇ ਵੇਖਿਆ ਕਿ ਦੂਰ ਇੱਕ ਇਸਤ੍ਰੀ ਸਾਧੂਆਂ ਦੇ ਕਪੜੇ ਪਾ ਕੇ ਬੈਠੀ ਹੈ। ਕੋਲ ਜਾ ਕੇ ਵੇਖਿਆ ਤਾਂ ਉਹ ਤਪੱਸੂਨੀ ਉਨ੍ਹਾਂ ਦੀ ਆਪਣੀ ਪਿਆਰੀ ਸੁਪੁਤ੍ਰੀ ਸੀ। ਉਸਦੇ ਨੇਤਰ ਆਪਣੇ ਪਿਆਰੇ ਦੀ ਮਧੁਰ ਯਾਦ ਵਿੱਚ ਸਜਲ ਸਨ, ਅਤੇ ਧਿਆਨ ਚਰਨਾਂ ਵਿੱਚ ਲਿਵ-ਲੀਨ। ਪਿਤਾ ਆਪਣੀ ਪਿਆਰੀ ਭਗਤ ਸੁਪੁਤ੍ਰੀ ਨੂੰ ਵੇਖ ਕੇ ਕ੍ਰਿਤ ਕ੍ਰਿਤਯ ਹੋ ਗਿਆ। ਪਰਸ਼ੁਰਾਮ ਕਈ ਘੰਟੇ ਆਪਣੀ ਸੁਪੁਤ੍ਰੀ ਕੋਲ ਬੈਠੇ ਰਹੇ। ਪਰ ਉਸਨੇ ਆਪਣੇ ਨੇਤਰ ਨਹੀ ਖੋਲ੍ਹੇ ਕਿਉਂਕਿ ਉਹ ਤਾਂ ਸਮਾਧੀ ਵਿੱਚ ਆਪਣੇ

ਪਿਆਰੇ ਸ਼ਿਆਮ ਸੁੰਦਰ ਜੀ ਨਾਲ ਜੁੜੇ ਹੋਏ ਸਨ। ਆਖਰ ਪਿਤਾ ਨੇ ਆਪਣੀ ਸੁਪੁਤ੍ਰੀ ਨੂੰ ਹਿਲਾ ਹਿਲਾ ਕੇ ਹੋਸ਼ ਵਿੱਚ ਲਿਆਂਦਾ ਅਤੇ ਘਰ ਜਾ ਕੇ ਭਜਨ ਕਰਨ ਲਈ ਤਰਲੇ ਕੀਤੇ। ਪੁਤਰੀ ਤੇ ਕੋਈ ਅਸਰ ਨਾ ਹੋਇਆ। ਉੱਤਰ ਵਿੱਚ ਉਸ ਨੇ ਕਿਹਾ,"ਪਿਤਾ ਜੀ ਇਥੇ ਆ ਕੇ ਕੌਣ ਵਾਪਸ ਜਾਂਦਾ ਹੈ। ਫਿਰ ਮੈਂ ਤੇ ਆਪਣੇ ਪ੍ਰੇਮੀ ਦੇ, ਪਿਆਰੇ ਦੇ ਪਿਆਰ ਸਮੁੰਦ੍ਰ ਵਿੱਚ ਡੁੱਬਕੇ ਆਪਣੇ ਆਪ ਨੂੰ ਗਵਾ ਬੈਠੀ ਹਾਂ, ਜੀਊਂਦੀ ਹੋਈ ਹੀ ਮਰ ਚੁੱਕੀ ਹਾਂ। ਹੁਣ ਮੇਰੀ ਮਾਤਾ ਨੂੰ ਨਾਲ ਲੈ ਕੇ ਸ੍ਰੀ ਕ੍ਰਿਸ਼ਨ ਜੀ ਦਾ ਭਜਨ ਕਰਿਆ ਕਰੋ। ਇਸ ਤੋਂ ਬਿਨਾਂ ਹੋਰ ਕਿਧਰੇ ਸੁੱਖ ਨਹੀਂ ਮਿਲਦਾ"। ਆਪਣੇ ਸਾਂਵਰੇ ਦੇ ਗੁਣ ਗਾਉਂਦੀ-ਗਾਉਂਦੀ ਕਰਮੈਤੀ ਫਿਰ ਬੇਸੁੱਧ ਹੋ ਗਈ। ਪਿਤਾ ਆਪਣੀ ਸਪੁਤ੍ਰੀ ਦੀ ਡੂੰਘੀ ਪ੍ਰੀਤ ਨੂੰ ਵੇਖ ਕੇ ਧੰਨ ਧੰਨਯ ਹੋ ਗਿਆ। ਇਹੋ ਜਿਹੀ, ਸੁਪੁਤ੍ਰੀ ਪਾ ਕੇ ਉਹ ਵਡਭਾਗੀ ਹੋ ਗਿਆ।

ਰਾਜੇ ਨੇ ਪਰਸ਼ੁਰਾਮ ਕੋਲੋਂ ਕਰਮੈਤੀ ਬਾਈ ਦੀ ਕਥਾ ਸੁਣੀ, ਉਹ ਆਪ ਉਸਦੇ ਦਰਸ਼ਨ ਕਰਨ ਲਈ ਉੱਥੇ ਪਹੁੰਚਿਆ। ਰਾਜੇ ਦਾ ਸਿਰ ਕਰਮੈਤੀ ਦੇ ਸਾਹਮਣੇ ਸਨਮਾਨ ਵਜੋਂ ਝੁਕ ਗਿਆ। ਰਾਜਾ ਨੇ ਕਰਮੈਤੀ ਲਈ ਇੱਕ ਕੁਟੀਆ ਬਣਵਾ ਦਿੱਤੀ। ਕਰਮੈਤੀ ਉਥੇ ਬਹਿ ਕੇ ਭਜਨ ਕਰਦੀ। ਉਹਦਾ ਮਨ ਆਪਣੇ ਪਿਆਰੇ ਸ਼ਿਆਮ ਸੁੰਦਰ ਤੋਂ ਬਿਨਾਂ ਇੱਕ ਖਿਨ ਭਰ ਲਈ ਵੀ ਨਾ ਰਹਿ ਸਕਦਾ, ਉਸ ਦੀਆਂ ਅੱਖਾਂ ਵਿੱਚ ਹਮੇਸ਼ਾ ਹੀ ਵਰਖਾ-ਰੁੱਤ ਬਣੀ ਰਹਿੰਦੀ। ਉਹ ਤਾ ਇੱਕ ਬੜੀ ਮਹਾਨ ਤਪੱਸਵਨੀ ਬਣ ਚੁੱਕੀ ਸੀ।

ੴ

# 9

# ਬੇਬੇ ਨਾਨਕੀ

## *ਸਦ ਹਜੂਰਿ ਹਾਜਰੁ ਹੈ ਨਾਜਰੁ*

ਬੇਬੇ ਨਾਨਕੀ ਦਾ ਨਾਮ ਸਮਰਣ ਕਰਦਿਆਂ ਹੀ ਅੱਖਾਂ ਦੇ ਸਾਹਮਣੇ ਇੱਕ ਉੱਚ ਧਾਰਮਿਕ, ਅਧਿਆਤਮਕ, ਸੁਘੜ, ਸਿਆਣੀ ਦਿਆਲੂ ਅਤੇ ਗਿਆਨਵਾਨ ਪ੍ਰਤਿਮਾ ਦਾ ਸਾਖਿਆਤਕਾਰ ਹੋ ਜਾਂਦਾ ਹੈ। ਉਹ ਪ੍ਰੇਮ, ਪਿਆਰ ਅਤੇ ਸਨੇਹ ਦੇ ਅਥਾਹ ਸਾਗਰ ਸਨ। ਜਿਹੜਾ ਵੀ ਆਪ ਜੀ ਦੇ ਦਰਸ਼ਨ ਇੱਕ ਵਾਰੀ ਕਰ ਲੈਂਦਾ, ਆਪ ਜੀ ਦੇ ਮਨਮੋਹਕ ਅਤੇ ਪ੍ਰਭਾਵਸ਼ਾਲੀ ਵਿਅਕਤਿਤਵ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਦਾ। ਆਪ ਦਾ ਮਿੱਠਾ, ਕੋਮਲ, ਸਬਰ, ਸਿਦਕ, ਸ਼ਾਂਤਮਈ ਸੁਭਾਅ ਹਰ ਕਿਸੇ ਨੂੰ ਆਪਣਾ ਬਣਾ ਲੈਂਦਾ। ਬੇਬੇ ਨਾਨਕੀ ਜੀ ਆਪਣੇ ਮਾਤਾ ਪਿਤਾ ਜੀ ਦੀ ਪਹਿਲੀ ਸੰਤਾਨ ਹੋਣ ਕਰਕੇ ਬੜੀ ਲਾਡਲੀ, ਪਿਆਰੀ ਬੱਚੀ ਅਤੇ ਪਰਿਵਾਰ ਦੇ ਵੱਡੇ ਛੋਟੇ ਸਭ ਦੀ ਦੁਲਾਰੀ ਸੀ। ਆਪ ਨੇ ਆਪਣੇ ਉੱਚੇ ਸੁੱਚੇ ਚਰਿਤ੍ਰ ਰਾਹੀ ਐਸੀਆਂ ਲੀਹਾਂ ਉਲੀਕੀਆਂ, ਜਿਨ੍ਹਾਂ ਉੱਤੇ ਚਲ ਕੇ ਸਾਰਾ ਨਾਰੀ ਜਗਤ ਗੌਰਵ ਅਨੁਭਵ ਕਰਦਾ ਹੈ।

ਨਾਨਕੀ ਜੀ ਦਾ ਜਨਮ ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੇ ਗ੍ਰਹਿ ਵਿਖੇ ਸੰਮਤ ੧੫੨੧ ਬਿਕ੍ਰਮੀ ਅਨੁਸਾਰ ਸੰਨ ੧੪੬੪ ਈਸਵੀ ਵਿੱਚ ਰਾਇ ਭੋਇ ਦੀ ਤਲਵੰਡੀ ਜਿਸ ਨੂੰ ਨਨਕਾਣਾ ਸਾਹਿਬ ਵੀ ਕਿਹਾ ਜਾਂਦਾ ਹੈ, ਹੋਇਆ। ਸਾਰੇ ਪਰਿਵਾਰ ਨੂੰ ਆਪ ਜੀ ਦਾ ਜਨਮ ਹੋਣ ਤੇ ਬਹੁਤ ਖੁਸ਼ੀ ਹੋਈ, ਕਿਉਂਕਿ ਆਪ ਜੀ ਨੂੰ ਆਪਣੇ ਮਾਤਾ ਪਿਤਾ ਦੀ ਪਹਿਲੀ ਸੰਤਾਨ ਹੋਣ ਦਾ ਸੁਭਾਗ ਪ੍ਰਾਪਤ ਸੀ। ਆਪ ਜੀ ਦਾ ਨਾਮ ਨਾਨਕੀ ਰੱਖਿਆ ਗਿਆ। ਇਹ ਬਾਲਿਕਾ ਬੜੀ ਭੋਲੀ ਭਾਲੀ, ਸੁੰਦਰ ਤੇ ਅਤਿ ਪਿਆਰੀ ਸੀ। ਆਪ ਆਪਣੇ ਮਾਤਾ ਪਿਤਾ ਦੇ ਪਿਆਰੇ, ਦੁਲਾਰੇ ਤੇ ਸਨ ਹੀ, ਇਸ ਦੇ ਨਾਲ ਨਾਲ ਆਪਣੇ ਚਾਚਾ ਲਾਲੂ ਦੀ ਅੱਖੀਆਂ ਦੇ ਤਾਰੇ ਵੀ ਸਨ। ਲਾਲੂ ਨੇ ਵਿਆਹ ਨਹੀਂ ਸੀ ਕਰਵਾਇਆ ਅਤੇ ਆਪਣੇ ਵੱਡੇ ਭਰਾ ਮਹਿਤਾ ਕਾਲੂ ਕੋਲ ਹੀ ਰਹਿੰਦੇ ਸਨ। ਸਾਰਾ ਘਰ ਬੱਚੀ ਨਾਨਕੀ ਦੀਆਂ ਕਿਲਕਾਰੀਆਂ, ਤੋਤਲੇ ਬੋਲਾਂ ਨਾਲ ਖਿੜਿਆ ਰਹਿੰਦਾ ਅਤੇ ਉਸ ਖੇੜੇ ਤੇ ਹੁਲਾਸ ਨਾਲ ਘਰ ਦਾ ਕੋਣਾ ਕੋਣਾ ਪੁਲਕਿਤ ਅਤੇ ਸੁਗੰਧਿਤ ਹੋ ਉਠਦਾ।

**ਧਨੁ ਸੁ ਗ੍ਰਿਹ ਜਿਤੁ ਪ੍ਰਗਟੀ ਆਇ।।**
**ਜਨ ਨਾਨਕ ਸੁਖੇ ਸੁਖਿ ਵਿਹਾਇ।।**

ਉਨ੍ਹਾਂ ਦੀ ਹਰ ਲੋੜ ਨੂੰ ਪੂਰਾ ਕੀਤਾ ਜਾਂਦਾ। ਜਿਸ ਵਸਤੂ ਦੀ ਉਹ ਇੱਛਾ ਕਰਦੇ, ਉਨ੍ਹਾਂ ਨੂੰ ਬੜੇ ਸਹਿਜ ਨਾਲ ਮਿਲ ਜਾਂਦੀ। ਆਪ ਖਿਡੌਣਿਆਂ ਨਾਲ ਖੇਡਕੇ ਆਪਣਾ ਮਨ ਪਰਚਾਉਂਦੇ ਸਨ ਪਰ ਹੁਣ ਉਨ੍ਹਾਂ ਨੂੰ ਇੱਕ ਸੱਚ ਮੁੱਚ ਦਾ ਜਿਉਂਦਾ ਜਾਗਦਾ ਖਿਡੌਣਾ ਆਪਣੇ ਨਿੱਕੇ ਵੀਰ ਦੇ ਰੂਪ ਵਿੱਚ ਮਿਲ ਗਿਆ। ਉਹ ਆਪਣੇ ਵੀਰ ਦੇ ਨਿੱਕੇ ਨਿੱਕੇ ਕੋਮਲ ਹੱਥਾਂ, ਪੈਰਾਂ ਨਾਲ ਖੇਡਦੇ ਉਨ੍ਹਾਂ ਨੂੰ ਚੁੰਮਦੇ ਅਤੇ ਬਹੁਤ ਪਿਆਰ ਕਰਦੇ। ਇਹ ਉਨ੍ਹਾਂ ਦਾ ਨਿੱਕਾ ਵੀਰ ਉਨ੍ਹਾਂ ਤੋਂ ਪੰਜ ਸਾਲ ਛੋਟਾ ਸੀ। ਉਨ੍ਹਾਂ ਦਾ ਅਵਤਾਰ ਸੰਮਤ ੧੫੨੩ ਤਦਨੁਸਾਰ ੧੪੬੯ ਨੂੰ ਮਾਤਾ ਤ੍ਰਿਪਤਾ ਅਤੇ ਮਹਿਤਾ ਕਾਲੂ ਦੇ ਗ੍ਰਹਿ ਵਿਖੇ ਇਕ ਅਲੌਕਿਕ ਢੰਗ ਨਾਲ ਹੋਇਆ ਸੀ। ਆਪ ਦੇ ਛੋਟੇ ਵੀਰ ਦਾ ਨਾਮ ਵੀ ਨਾਨਕ ਰੱਖਿਆ ਗਿਆ ਕਿਉਂਕਿ ਉਸ ਵੇਲੇ ਭੈਣ ਭਰਾ ਦੇ ਇੱਕੋ ਜਿਹੇ ਨਾਮ ਰੱਖਣ ਦਾ ਆਮ ਰਿਵਾਜ਼ ਸੀ। ਭੈਣ ਨਾਨਕੀ ਅਤੇ ਵੀਰ ਨਾਨਕ ਨੇ ਪਰਿਵਾਰ ਨੂੰ ਸੰਪੂਰਣ ਕਰ ਦਿੱਤਾ ਸੀ। ਉਹ ਆਪਣੇ ਭਰਾ ਨੂੰ ਬਹੁਤ ਪਿਆਰ ਕਰਦੇ ਸੀ। ਕੌਣ ਜਾਣਦਾ ਸੀ ਕਿ ਇਹੀ ਉਨ੍ਹਾਂ ਦਾ ਨਿੱਕਾ ਵੀਰ ਨਾਨਕ ਸਾਰੇ ਸੰਸਾਰ ਨੂੰ ਪ੍ਰਕਾਸ਼ਮਾਨ ਕਰੇਗਾ, ਅਤੇ ਭੁੱਲੀ ਭਟਕੀ ਕੁਰਾਹੇ ਪਈ ਲੋਕਾਈ ਨੂੰ ਸੇਧ ਦੇ ਕੇ ਸਹੀ ਮਾਰਗ ਪ੍ਰਦ੍ਰਿਸ਼ਤ ਕਰੇਗਾ।

ਨਾਨਕੀ ਜੀ ਜ਼ਰਾ ਕੁ ਹੋਰ ਵੱਡੇ ਹੋਏ। ਘਰ ਦੀ ਵੱਡੀ ਸੰਤਾਨ ਅਤੇ ਉਹ ਵੀ ਸੁਪੁੱਤ੍ਰੀ ਹੋਣ ਕਰਕੇ ਆਪਣੀ ਮਾਤਾ ਨਾਲ ਘਰ ਦੇ ਕੰਮ ਕਾਜ ਵਿੱਚ ਹੱਥ ਵੰਡਾਉਣ ਲੱਗ ਪਏ। ਘਰ ਦੇ ਨਿੱਕੇ ਨਿੱਕੇ ਕੰਮਾਂ ਦੀ ਜ਼ਿੰਮੇਵਾਰੀ ਸੰਭਾਲ ਲਈ। ਬਚਪਨ ਦੀ ਥਾਂ ਹੁਣ ਜਵਾਨੀ ਲੈ ਰਹੀ ਸੀ। ਮਾਤਾ ਪਿਤਾ ਨੇ ਇੱਕ ਯੋਗ ਵਰ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਨਾਨਕੀ ਜੀ ਨੂੰ ਵਿਆਹ ਦੇ ਬੰਧਨਾਂ ਵਿੱਚ ਬੰਨ੍ਹਣ ਦਾ ਕੰਮ ਸ਼ੁਰੂ ਹੋ ਗਿਆ ਅਤੇ ਉਨ੍ਹਾਂ ਦਾ ਆਨੰਦ ਕਾਰਜ ਜੈ ਰਾਮ, ਸੁਪੁੱਤ੍ਰ ਪਰਮਾਨੰਦ ਪਟਵਾਰੀ ਨਾਲ ਕਰਨਾ ਨਿਸ਼ਚਿਤ ਹੋਇਆ।

ਜੈ ਰਾਮ ਹੋਰੀ ਦੋ ਭਰਾ ਅਤੇ ਦੋ ਭੈਣਾਂ ਸਨ ਅਤੇ ਜੈ ਰਾਮ ਸਭ ਵਿੱਚੋਂ ਵੱਡਾ ਅਤੇ ਹੁਸ਼ਿਆਰ ਸੀ। ਪਰਮਾਨੰਦ ਪਟਵਾਰੀ ਦਾ ਦਿਹਾਂਤ ਜਲਦੀ ਹੀ ਹੋ ਗਿਆ ਅਤੇ ਸਾਰੀ ਜ਼ਿੰਮੇਵਾਰੀ ਜੈ ਰਾਮ ਦੇ ਸਿਰ ਤੇ ਆ ਪਈ। ਉਨ੍ਹਾ ਨੇ ਆਪਣੇ ਪਿਤਾ ਦਾ ਸਾਰਾ ਕੰਮ ਕਾਜ ਚੰਗੀ ਤਰ੍ਹਾਂ ਸਮਝ ਲਿਆ ਅਤੇ ਜੈ ਰਾਮ ਹੋਰੀ ਪਟਵਾਰੀ ਬਣ ਗਏ। ਇਸ ਤਰ੍ਹਾਂ, ਇੱਕ ਵਾਰੀ ਕਿਸੇ ਜ਼ਮੀਨ ਦੇ ਕੰਮ ਕਰਕੇ ਜੈ ਰਾਮ ਨੂੰ ਸੁਲਤਾਨਪੁਰ ਤੋਂ ਤਲਵੰਡੀ ਜਾਣ ਦਾ ਅਵਸਰ ਮਿਲਿਆ। ਉੱਥੇ ਪਿੰਡ ਦੇ ਮੁਖੀ ਰਾਇ ਬੁਲਾਰ ਜੈ ਰਾਮ ਨੂੰ ਚੰਗੀ

ਤਰ੍ਹਾਂ ਜਾਣਦੇ ਸਨ, ਇਧਰ ਉਨ੍ਹਾ ਦਾ ਮਹਿਤਾ ਕਾਲੂ ਦੇ ਘਰ ਵੀ ਚੰਗਾ ਆਉਣ ਜਾਣ ਸੀ। ਉਹ ਨਾਨਕੀ ਨੂੰ ਚੰਗੀ ਤਰ੍ਹਾਂ ਜਾਣਦੇ ਅਤੇ ਸਮਝਦੇ ਸਨ। ਇਸ ਲਈ ਮਾਤਾ ਪਿਤਾ, ਚਾਚਾ ਅਤੇ ਰਾਇ ਬੁਲਾਰ ਸਭ ਨੇ ਮਿਲ ਕੇ ਨਾਨਕੀ ਜੀ ਦਾ ਅਨੰਦ ਕਾਰਜ ਜੈ ਰਾਮ ਜੀ ਨਾਲ ਕਰਨ ਦਾ ਫੈਸਲਾ ਕਰ ਲਿਆ। ਨਾਨਕੀ ਜੀ ਦੀ ਉਮਰ ਉਸ ਵੇਲੇ ਬਾਰਾਂ ਸਾਲਾਂ ਦੀ ਸੀ। ਉਨ੍ਹਾਂ ਦਾ ਅਨੰਦ ਕਾਰਜ ਬਿਕ੍ਰਮੀ ੧੫੩੨ ਵਿੱਚ ਜੈ ਰਾਮ ਜੀ ਨਾਲ ਹੋ ਗਿਆ। ਘਰ ਦੇ ਪਰਿਵਾਰ ਨੇ ਯਥਾ-ਸ਼ਕਤੀ ਦਾਜ-ਦਹੇਜ ਦੇ ਕੇ ਨਾਨਕੀ ਨੂੰ ਉਸਦੇ ਸਹੁਰੇ ਘਰ ਟੋਰ ਦਿੱਤਾ।

ਨਾਨਕੀ ਜੀ ਦੇ ਵਿਆਹ ਤੋਂ ਬਾਅਦ ਸਭ ਤੋਂ ਅਧਿਕ ਵਿਛੋੜਾ ਭੈਣ ਭਰਾ ਦਾ ਸੀ ਕਿਉਂਕਿ ਨਾਨਕੀ ਜੀ ਲਈ ਆਪਣੇ ਪਿਆਰੇ ਵੀਰ ਤੋਂ ਬਿਨਾਂ ਰਹਿ ਸਕਣਾ ਬਹੁਤ ਮੁਸ਼ਕਿਲ ਸੀ। ਸ਼ੁਰੂ ਸ਼ੁਰੂ ਵਿੱਚ ਮਾਤਾ ਪਿਤਾ, ਚਾਚਾ ਅਤੇ ਭਰਾ ਦਾ ਵਿਛੋੜਾ ਸਹਿਨ ਕਰਨਾ ਬਹੁਤ ਕਠਿਨ ਸੀ। ਜਿਉਂ ਜਿਉਂ ਸਮਾਂ ਲੰਘਦਾ ਗਿਆ, ਨਾਨਕੀ ਜੀ ਆਪਣੇ ਸਹੁਰੇ ਘਰ ਦੇ ਪਰਿਵਾਰ ਵਿੱਚ ਰਚ ਮਿਚ ਗਏ ਅਤੇ ਸਭ ਦਾ ਪਿਆਰ ਸਤਿਕਾਰ ਕਰਨ ਲੱਗ ਪਏ। ਜਦੋਂ ਕਦੇ ਨਾਨਕੀ ਜੀ ਨੂੰ ਪੇਕੇ ਘਰ ਲਿਆਉਣਾ ਹੁੰਦਾ, ਵੀਰ ਨਾਨਕ ਹੀ ਉਨ੍ਹਾਂ ਨੂੰ ਸਹੁਰੇ ਘਰ ਲੈਣ ਲਈ ਜਾਂਦਾ। ਉੱਥੇ ਭੈਣ ਭਰਾ ਦਾ ਅਸੀਮ ਪਿਆਰ ਸਾਰਿਆਂ ਨੂੰ ਪ੍ਰਭਾਵਿਤ ਕਰਦਾ। ਨਾਨਕੀ ਜੀ ਅਤੇ ਨਾਨਕ ਜੀ ਦੋਵੇਂ ਅਨਿਖੜਵੇਂ ਅੰਗ ਬਣ ਚੁੱਕੇ ਸਨ। ਆਪਣੇ ਸਹੁਰੇ ਘਰ ਕੁਝ ਦਿਨ ਰਹਿਣ ਉਪਰੰਤ ਨਾਨਕੀ ਜੀ ਨੂੰ ਉਹਨਾਂ ਦਾ ਭਰਾ ਨਾਨਕ ਕੁਝ ਦਿਨਾਂ ਲਈ ਪੇਕੇ ਘਰ ਲੈ ਆਇਆ। ਸਾਰਾ ਪਰਿਵਾਰ ਅਤਿਅੰਤ ਪ੍ਰਸੰਨ ਸੀ। ਪਰਿਵਾਰ ਦੀ ਖੁਸ਼ੀ ਦੇ ਨਾਲ ਨਾਲ ਪਿੰਡ ਦੇ ਲੋਕ ਨਾਨਕੀ ਨੂੰ ਬੜੇ ਚਾਅ ਨਾਲ ਮਿਲਣ ਆਉਂਦੇ ਕਿਉਂਕਿ ਨਾਨਕੀ ਜੀ ਸਭ ਦੇ ਹਰਮਨ ਪਿਆਰੇ ਸਨ।

ਨਾਨਕੀ ਦਾ ਵੀਰ ਨਾਨਕ ਦੇਵ ਆਪਣਾ ਸਾਰਾ ਸਮਾਂ ਭਜਨ ਬੰਦਗੀ ਵਿੱਚ ਬਤੀਤ ਕਰਦਾ, ਜਦੋਂ ਕਿ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਹਮੇਸ਼ਾ ਇਹੀ ਚਾਹੁੰਦੇ ਸਨ ਕਿ ਉਹ ਕੋਈ ਕਾਰ ਵਿਹਾਰ ਕਰੇ। ਨਾਨਕ ਦੇਵ ਜੀ ਦਾ ਮਨ ਕਿਸੇ ਵੀ ਕੰਮ ਕਾਰ ਵਿੱਚ ਨਾ ਲੱਗਦਾ ਸਗੋਂ ਉਹ ਤਾਂ ਆਪਣਾ ਸਾਰਾ ਸਮਾਂ ਭਜਨ ਬੰਦਗੀ ਵਿੱਚ ਲਿਵਲੀਨ ਰਹਿ ਕੇ ਸਫਲ ਕਰਦੇ। ਦੁਨਿਆਵੀ ਲੋਕਾਂ ਨੂੰ ਇਹ ਸਭ ਕੁਝ ਚੰਗਾ ਨਾ ਲੱਗਦਾ। ਖਾਸ ਕਰਕੇ ਮਹਿਤਾ ਕਾਲੂ ਜੀ ਇਸ ਗੱਲ ਤੋਂ ਬਹੁਤ ਤੰਗ ਸਨ। ਜਦੋਂ ਕਦੇ ਉਹ ਨਾਨਕ ਦੇਵ ਜੀ ਨੂੰ ਕੁਝ ਮਾਇਆ ਕਾਰ ਵਿਹਾਰ ਕਰਨ ਲਈ ਦਿੰਦੇ, ਉਹ ਸਾਧੂ ਸੰਤਾਂ ਨੂੰ ਭੋਜਨ ਛਕਾ ਆਉਂਦੇ ਅਤੇ ਆਪਣੇ ਪਿਤਾ ਜੀ ਕੋਲੋਂ ਝਿੜਕਾਂ ਖਾਂਦੇ। ਘਰ ਦਾ ਵਾਤਾਵਰਣ ਅਸ਼ਾਂਤ ਹੋ ਜਾਂਦਾ। ਮਾਤਾ ਤ੍ਰਿਪਤਾ, ਬੇਬੇ

ਨਾਨਕੀ ਨੂੰ ਇਹ ਸਭ ਕੁਝ ਚੰਗਾ ਨਾ ਲੱਗਦਾ।

ਹੁਣ ਨਾਨਕੀ ਜੀ ਦੇ ਸਹੁਰੇ ਘਰ ਜਾਣ ਦਾ ਸਮਾਂ ਆ ਗਿਆ। ਜੈ ਰਾਮ ਜੀ ਮੁਕਲਾਵਾ ਲੈਣ ਲਈ ਆ ਪਹੁੰਚੇ। ਨਾਨਕ ਜੀ ਦਾ ਮਸਲਾ ਅਜੇ ਹਲ ਨਹੀਂ ਸੀ ਹੋ ਰਿਹਾ। ਰਾਇ ਬੁਲਾਰ ਨੂੰ ਵੀ ਇਸ ਬਾਰੇ ਬਹੁਤ ਚਿੰਤਾ ਸੀ। ਉਨ੍ਹਾਂ ਨੇ ਸੋਚਿਆ ਕਿ ਕਿਉਂ ਨਾ ਨਾਨਕ ਜੀ ਨੂੰ ਉਨ੍ਹਾਂ ਦੀ ਭੈਣ ਦੇ ਨਾਲ ਹੀ ਉਸਦੇ ਸਹੁਰੇ ਘਰ ਭੇਜ ਦਿੱਤਾ ਜਾਵੇ। ਉੱਥੇ ਜਾ ਕੇ ਜੈ ਰਾਮ ਹੋਰੀਂ ਉਨਾਂ ਨੂੰ ਕਿਸੇ ਕੰਮ ਕਾਰ ਤੇ ਲਾ ਦੇਣਗੇ ਅਤੇ ਮਹਿਤਾ ਕਾਲੂ ਜੀ ਦਾ ਮਸਲਾ ਵੀ ਹੱਲ ਹੋ ਜਾਵੇਗਾ। ਰਾਇ ਬੁਲਾਰ ਜੀ ਨੇ ਜੈ ਰਾਮ ਨੂੰ ਨਾਨਕ ਦੇਵ ਜੀ ਦੀ ਸਾਰੀ ਵਾਰਤਾ ਕਹਿ ਸੁਣਾਈ ਅਤੇ ਜੈ ਰਾਮ ਨੂੰ ਪ੍ਰੇਰਣਾ ਦਿੱਤੀ ਕਿ ਉਹ ਨਾਨਕ ਦੇਵ ਜੀ ਨੂੰ ਆਪਣੇ ਨਾਲ ਸੁਲਤਾਨਪੁਰ ਲੈ ਜਾਣ। ਜੈ ਰਾਮ ਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ ਸੀ। ਉਨ੍ਹਾਂ ਨੇ ਖੁਸ਼ੀ ਖੁਸ਼ੀ ਨਾਨਕ ਦੇਵ ਜੀ ਨੂੰ ਆਪਣੇ ਨਾਲ ਲੈ ਜਾਣ ਬਾਰੇ ਰਾਇ ਬੁਲਾਰ ਨੂੰ ਹਾਂ ਕਰ ਦਿੱਤੀ। ਬੇਬੇ ਨਾਨਕੀ ਜੀ ਦੀ ਖੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਸੀ, ਕਿਉਂਕਿ ਉਨ੍ਹਾਂ ਨੂੰ ਆਪਣੇ ਵੀਰ ਨਾਨਕ ਦਾ ਪਿਆਰ ਹਮੇਸ਼ਾ ਮਿਲਦਾ ਰਹੇਗਾ। ਇਹ ਫੈਸਲਾ ਕੀਤਾ ਗਿਆ ਕਿ ਨਾਨਕ ਜੀ ਨੂੰ ਨਾਨਕੀ ਜੀ ਦੇ ਸਹੁਰੇ ਜਾਣ ਤੋਂ ਬਾਅਦ ਹੀ ਸੁਲਤਾਨਪੁਰ ਭੇਜਿਆ ਜਾਵੇ। ਨਾਨਕੀ ਜੀ ਦਾ ਮੁਕਲਾਵਾ ਲੈ ਕੇ ਬਿ: ਸੰ: ੧੫੪੧ ਨੂੰ ਜੈ ਰਾਮ ਹੋਰੀਂ ਵਾਪਸ ਸੁਲਤਾਨਪੁਰ ਪਹੁੰਚ ਗਏ।

ਥੋੜੇ ਚਿਰ ਪਿਛੋਂ ਸ੍ਰੀ ਨਾਨਕ ਦੇਵ ਜੀ ਆਪਣੀ ਪਿਆਰੀ ਭੈਣ ਬੇਬੇ ਨਾਨਕੀ ਕੋਲ ਸੁਲਤਾਨਪੁਰ ਪਹੁੰਚ ਗਏ। ਬੇਬੇ ਨਾਨਕੀ ਆਪਣੇ ਵੀਰ ਬਿਨਾਂ ਬਹੁਤ ਉਦਾਸ ਸਨ। ਆਪਣੇ ਭਰਾ ਨੂੰ ਆਪਣੇ ਘਰ ਵਿਖੇ, ਆਪਣੇ ਕੋਲ ਵੇਖ ਕੇ ਉਨਾਂ ਦੀ ਖੁਸ਼ੀ ਦੀ ਕੋਈ ਸੀਮਾ ਨਾ ਰਹੀ। ਉਹ ਅਤਿਅੰਤ ਪ੍ਰਸੰਨ ਹੋਏ। ਪਿਆਰਾ ਵੀਰ ਉਨ੍ਹਾ ਦੀ ਜਿੰਦ ਜਾਨ ਸੀ। ਉਹ ਆਪਣੇ ਭਰਾ ਨੂੰ ਹੁਣ ਜੀਵਿਕਾ ਕਮਾਉਂਦੇ ਹੋਏ ਵੇਖਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਦੇ ਪਤੀ ਜੈ ਰਾਮ ਨੇ ਦੌਲਤ ਖਾਂ ਨਾਲ ਸ੍ਰੀ ਨਾਨਕ ਦੇਵ ਜੀ ਨੂੰ ਮੋਦੀ ਖਾਨੇ ਕੰਮ ਤੇ ਲਗਾਉਣ ਲਈ ਗੱਲ ਕੀਤੀ ਅਤੇ ਉਸ ਨੇ ਹਾਂ ਕਰ ਦਿੱਤੀ। ਬੇਬੇ ਨਾਨਕੀ ਨੂੰ ਬਹੁਤ ਚਾਅ ਚੜ੍ਹਿਆ ਕਿ ਉਨ੍ਹਾਂ ਦਾ ਵੀਰ ਹੁਣ ਰੋਜ਼ੀ ਰੋਟੀ ਕਮਾਉਣ ਲੱਗ ਪਿਆ ਹੈ। ਇਹ ਘਟਨਾ ਸੰਨ ੧੫੪੨ ਦੀ ਹੈ। ਉਨ੍ਹਾਂ ਨੇ ਇਸ ਖੁਸ਼ਖਬਰੀ ਨੂੰ ਆਪਣੇ ਮਾਤਾ ਪਿਤਾ ਨਾਲ ਸਾਂਝਾ ਕੀਤਾ। ਉਨ੍ਹਾਂ ਨੇ ਵੀ ਖਾਸ ਕਰਕੇ ਮਹਿਤਾ ਕਾਲੂ ਨੇ ਇਹ ਖੁਸ਼ਖਬਰੀ ਸੁਣ ਕੇ ਸੁਖ ਦਾ ਸਾਹ ਲਿਆ। ਸ੍ਰੀ ਨਾਨਕ ਦੇਵ ਜੀ ਭਜਨ ਬੰਦਗੀ ਦੇ ਨਾਲ ਨਾਲ ਆਪਣੇ ਕੰਮ ਨੂੰ ਬੜੇ ਧਿਆਨ ਅਤੇ ਇਮਾਨਦਾਰੀ ਨਾਲ ਕਰਦੇ। ਸਤਿਗੁਰ ਜੀ

ਗਰੀਬਾਂ ਨੂੰ ਲੋੜ ਅਨੁਸਾਰ ਮੁਫਤ ਵਿੱਚ ਲੋੜੀਦੀਆਂ ਵਸਤੂਆਂ ਦੇ ਦਿੰਦੇ। ਇਹ ਸਭ ਕੁਝ ਵੇਖ ਕੇ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਨਾਨਕ ਤਾਂ ਸਭ ਕੁਝ ਮੁਫਤ ਹੀ ਵੰਡਦੇ ਫਿਰਦੇ ਹਨ, ਇਸ ਲਈ ਮੋਦੀ ਖਾਨੇ ਵਿੱਚ ਜ਼ਰੂਰ ਹੀ ਘਾਟਾ ਪੈ ਜਾਵੇਗਾ। ਆਖਰ ਵਿੱਚ ਹਿਸਾਬ ਹੋਇਆ। ਘਾਟੇ ਦੀ ਥਾਂ ਮੁਨਾਫਾ ਹੀ ਨਿਕਲਿਆ, ਹਾਨੀ ਦੀ ਥਾਂ ਲਾਭ ਹੋਇਆ। ਜੈ ਰਾਮ, ਨਵਾਬ ਦੌਲਤ ਖਾਂ ਦੇ ਮਨ ਵਿੱਚ ਲੋਕਾਂ ਦੀਆਂ ਗੱਲਾਂ ਸੁਣ ਕੇ ਜਰੂਰ ਸ਼ੰਕਾ ਹੋਈ, ਪਰ ਇੱਕ ਬੇਬੇ ਨਾਨਕੀ ਜੀ ਹੀ ਸਨ, ਜਿਨਾਂ ਨੂੰ ਆਪਣੇ ਵੀਰ ਸਤਿਗੁਰੂ ਉੱਤੇ ਅਤਿਅੰਤ ਭਰੋਸਾ ਸੀ ਅਤੇ ਉਨ੍ਹਾਂ ਨੂੰ ਇਹ ਪੂਰਨ ਵਿਸ਼ਵਾਸ ਸੀ, ਕਿ ਉਨ੍ਹਾਂ ਦੇ ਵੀਰ ਦੇ ਕੰਮ ਵਿੱਚ ਕਦੇ ਵੀ ਘਾਟਾ ਨਹੀ ਹੋ ਸਕਦਾ। ਸਗੋਂ ਜਿਹੜੇ ਕੰਮ ਨੂੰ ਉਹ ਹੱਥ ਪਾਉਣਗੇ ਉੱਥੇ ਬਰਕਤ ਹੀ ਬਰਕਤ ਰਹੇਗੀ।

ਬੇਬੇ ਨਾਨਕੀ ਹੁਣ ਆਪਣੇ ਪਿਆਰੇ ਵੀਰ ਨੂੰ ਇੱਕ ਗ੍ਰਹਿਸਥੀ ਦੇ ਰੂਪ ਵਿੱਚ ਵੇਖਣਾ ਚਾਹੁੰਦੇ ਸਨ। ਉਨ੍ਹਾਂ ਦਾ ਚਿੱਤ ਕਰਦਾ ਕਿ ਉਹ ਸੁਘੜ, ਸਿਆਣੀ ਕੰਨਿਆ ਲੱਭ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੰਦ ਕਾਰਜ ਕਰਵਾ ਦੇਣ। ਉਨ੍ਹਾ ਦਾ ਸੁਪਨਾ ਸਾਕਾਰ ਹੁੰਦਾ ਦਿਸਿਆ ਜਦੋਂ ਗੁਰਦਾਸਪੁਰ ਜਿਲ੍ਹੇ ਦੇ ਇੱਕ ਪਿੰਡ ਪੱਖੋ ਕਿਆਂ ਦੇ ਪਟਵਾਰੀ ਮੂਲ ਚੰਦ ਖੱਤਰੀ ਨੇ ਆਪਣੀ ਸੁਪੁੱਤਰੀ ਸੁਲੱਖਣੀ ਦਾ ਅਨੰਦ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਕਰਨ ਲਈ ਸੋਚਿਆ। ਦੋਹਾਂ ਘਰਾਂ ਨੂੰ ਸਭ ਗੱਲਾਂ ਪਸੰਦ ਆ ਗਈਆਂ ਅਤੇ ੨੪ ਜੂਨ ੧੫੪੪ ਬਿਕ੍ਰਮੀ ਨੂੰ ਕੁੜਮਾਈ ਦੀ ਰਸਮ ਪੂਰੀ ਕੀਤੀ ਗਈ। ਘਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਬੇਬੇ ਨਾਨਕੀ ਜੀ ਆਪਣੇ ਵੀਰ ਦੇ ਅਨੰਦ ਕਾਰਜ ਦੀ ਤਿਆਰੀ ਵਿੱਚ ਜੁੱਟ ਗਏ। ਸਾਰਾ ਪਰਿਵਾਰ ਬਹੁਤ ਖੁਸ਼ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਅਠ੍ਹਾਰਾਂ ਸਾਲਾਂ ਦੇ ਸਨ ਤਾਂ ਉਨ੍ਹਾ ਦਾ ਅਨੰਦ ਕਾਰਜ ਬੜੀ ਧੂਮ ਧਾਮ ਨਾਲ ਬੀਬੀ ਸੁਲੱਖਣੀ ਨਾਲ ਸੰਪਨ ਹੋਇਆ। ਜ਼ਮਾਨੇ ਦੀਆਂ ਰਵਾਇਤਾਂ ਅਨੁਸਾਰ ਜਦੋਂ ਬੱਚੀ ਦਾ ਅਨੰਦ ਕਾਰਜ ਛੋਟੀ ਉਮਰ ਵਿੱਚ ਹੋ ਜਾਂਦਾ ਤਾਂ ਮੁਕਲਾਵਾ ਜ਼ਰਾ ਹੋਸ਼ ਸੰਭਾਲਣ ਤੇ ਹੀ ਟੋਰਿਆ ਜਾਂਦਾ। ਇਸ ਤਰ੍ਹਾਂ ਵਿਆਹ ਤੋਂ ਪੰਜ ਸਾਲਾਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁਕਲਾਵਾ ਟੋਰਿਆ ਗਿਆ। ਹੁਣ ਬੇਬੇ ਨਾਨਕੀ ਜੀ ਨੇ ਇਹ ਫੈਸਲਾ ਕੀਤਾ, ਕਿ ਉਨ੍ਹਾਂ ਦੇ ਭਰਾ ਗ੍ਰਹਿਸਥੀ ਚਲਾਉਣ ਲਈ ਇਕ ਵੱਖਰੇ ਘਰ ਦੀ ਲੋੜ ਹੈ ਅਤੇ ਉਸ ਦਾ ਪ੍ਰਬੰਧ ਵੀ ਕਰ ਦਿੱਤਾ। ਕੁਝ ਸਮੇਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਸੁਪੁੱਤਰ ਹੋਏ। ਸ੍ਰੀ ਚੰਦ ਜੀ ਦਾ ਜਨਮ ਸੰਮਤ ੧੫੫੧ ਬਿਕ੍ਰਮੀ ਅਤੇ ਲਖਮੀ ਦਾਸ ਜੀ ਦਾ ਜਨਮ ੧੫੫੩ ਵਿੱਚ ਹੋਇਆ। ਬੇਬੇ ਨਾਨਕੀ ਜੀ ਹੁਣ ਭੂਆ ਬਣ ਗਏ ਸਨ। ਉਹ ਅਤਿ ਪ੍ਰਸੰਨ ਸਨ, ਕਿ ਉਨ੍ਹਾ ਦੇ ਵੀਰ ਦਾ ਪਰਿਵਾਰ ਵਧ ਫੁੱਲ ਰਿਹਾ ਹੈ। ਬੇਬੇ

ਨਾਨਕੀ ਦੇ ਪਿਆਰੇ ਪਿਆਰੇ ਭਤੀਜਿਆਂ ਨਾਲ ਮਨ ਪਰਚਾਉਂਦੇ, ਉਨ੍ਹਾਂ ਨਾਲ ਆਮੋਦ ਪ੍ਰਮੋਦ ਕਰਕੇ ਅਤਿਅੰਤ ਸੁੱਖ ਦਾ ਅਨੁਭਵ ਕਰਦੇ।

ਸ੍ਰੀ ਗੁਰੂ ਨਾਨਕ ਦੇਵ ਜੀ ਮੋਦੀ ਖਾਨੇ ਦਾ ਕੰਮ ਬੜੀ ਲਗਨ, ਮਿਹਨਤ ਨਾਲ ਕਰਦੇ ਪਰ ਬਿਰਤੀ ਅਕਾਲ ਪੁਰਖ ਨਾਲ ਹੀ ਲੱਗੀ ਰਹਿੰਦੀ। ਆਪਣਾ ਜ਼ਿਆਦਾ ਸਮਾਂ ਭਜਨ ਬੰਦਗੀ, ਨਾਮ ਸਿਮਰਨ ਵਿੱਚ ਬਤੀਤ ਕਰਦੇ। ਮਾਤਾ ਸੁਲੱਖਣੀ ਨੂੰ ਹਮੇਸ਼ਾ ਇਹ ਗਿਲਾ ਰਹਿੰਦਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਘਰ ਪਰਿਵਾਰ ਵੱਲ ਬਿਲਕੁਲ ਧਿਆਨ ਨਹੀ ਦਿੰਦੇ, ਘਰ ਦੇ ਕਿਸੇ ਕੰਮ ਕਾਰ ਵਿੱਚ ਸਹਾਇਕ ਨਹੀ ਬਣਦੇ। ਹੋਰ ਤਾਂ ਹੋਰ ਉਨ੍ਹਾਂ ਦੀ ਸੱਸ ਦੇ ਗਿਲੇ ਸ਼ਿਕਵੇ ਵੀ ਖ਼ਤਮ ਨਾ ਹੁੰਦੇ। ਬੇਬੇ ਨਾਨਕੀ ਬੀਬੀ ਸੁਲੱਖਣੀ ਦੇ ਗਿਲੇ, ਰੋਸੇ ਸੁਣਦੇ ਆਪਣੇ ਭਰਾ ਦੀ ਸੱਸ ਦੀਆਂ ਕੌੜੀਆਂ ਕਸੈਲੀਆਂ ਸੁਣਦੇ ਪਰ ਉਨ੍ਹਾਂ ਨਾਲ ਰਤਾ ਭਰ ਵੀ ਨਾਰਾਜ਼ ਨਾ ਹੁੰਦੇ। ਬੜੇ ਸ਼ਾਂਤ ਚਿੱਤ ਹੋ ਕੇ ਭਾਬੀ ਨੂੰ ਸਮਝਾਉਂਦੇ, ਉਹਨੂੰ ਧੀਰਜ ਅਤੇ ਸਾਂਤਵਨਾ ਦਿੰਦੇ।

ਇੱਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਵੇਈ ਨਦੀ ਵਿੱਚ ਇਸ਼ਨਾਨ ਕਰਨ ਲਈ ਗਏ ਤੇ ਬਾਹਰ ਨਾ ਨਿਕਲੇ। ਸਾਰੇ ਪਿੰਡ ਵਿੱਚ ਰੌਲਾ ਪੈ ਗਿਆ ਅਤੇ ਲੋਕਾਂ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਉਹ ਹੁਣ ਵਾਪਸ ਨਹੀ ਮੁੜਨਗੇ। ਨਵਾਬ ਦੌਲਤ ਖਾਂ ਨੇ ਵੀ ਭਾਲ ਕਰਾਉਣੀ ਸ਼ੁਰੂ ਕਰ ਦਿੱਤੀ ਕਈ ਲੋਕ ਤਾਂ ਇਸ ਹੱਦ ਤਕ ਗੱਲਾਂ ਕਰਨ ਲੱਗੇ ਕਿ ਗੁਰੂ ਨਾਨਕ ਦੇਵ ਜੀ ਨੇ ਮੋਦੀ ਖਾਨੇ ਦਾ ਨੁਕਸਾਨ ਕਰਕੇ ਘਾਟਾ ਪਾ ਦਿੱਤਾ ਹੈ, ਉਹ ਹੁਣ ਵਾਪਸ ਨਹੀਂ ਪਰਤਣਗੇ। ਬੇਬੇ ਨਾਨਕੀ ਨੇ ਆਪਣਾ ਸਿਦਕ ਭਰੋਸਾ ਨਹੀਂ ਛੱਡਿਆ। ਉਹ ਤਾਂ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਦਾ ਸਾਕਾਰ ਰੂਪ ਜਾਣਦੇ ਸਨ। ਉਨ੍ਹਾਂ ਨੂੰ ਪੂਰਨ ਰੂਪ ਵਿੱਚ ਭਰੋਸਾ ਸੀ, ਕਿ ਉਨ੍ਹਾਂ ਦਾ ਵੀਰ ਜ਼ਰੂਰ ਵਾਪਸ ਪਰਤੇਗਾ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਵਾਪਸ ਆਏ ਤਾਂ ਮੋਦੀ ਖਾਨੇ ਦਾ ਹਿਸਾਬ ਕੀਤਾ ਗਿਆ। ਇਸ ਵਾਰੀ ਮੁਨਾਫਾ ਪਹਿਲਾਂ ਨਾਲੋਂ ਵੀ ਵਧੇਰੇ ਸੀ। ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੋਦੀ ਖਾਨਾ ਛੱਡਣ ਦਾ ਫੈਸਲਾ ਕਰ ਲਿਆ ਅਤੇ ਨਵਾਬ ਦੌਲਤ ਖਾਂ ਨੂੰ ਸਪਸ਼ਟ ਕਹਿ ਦਿੱਤਾ ਕਿ ਹੁਣ ਉਹ ਮੋਦੀਖਾਨੇ ਵਿੱਚ ਕੰਮ ਨਹੀਂ ਕਰਨਗੇ। ਇਸ ਲਈ ਇਸ ਦੀ ਜ਼ਿੰਮੇਵਾਰੀ ਕਿਸੇ ਹੋਰ ਨੂੰ ਸੰਭਾਲ ਦਿੱਤੀ ਜਾਵੇ। ਬੇਬੇ ਨਾਨਕੀ ਜੀ ਆਪਣੇ ਵੀਰ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾਂ ਨੂੰ ਇਹ ਪੂਰਨ ਰੂਪ ਵਿੱਚ ਗਿਆਨ ਪ੍ਰਾਪਤ ਸੀ, ਕਿ ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਦੀ ਸੀਮਾ ਅੰਦਰ ਸੀਮਿਤ ਰੱਖਣਾ ਅਸੰਭਵ ਹੈ। ਉਨ੍ਹਾਂ ਨੇ ਸਾਰੇ ਜਗਤ ਦੇ ਭੁੱਲੇ ਭਟਕੇ ਜੀਵਾਂ ਦਾ ਉਧੱਾਰ ਕਰਨਾ ਹੈ, ਉਨ੍ਹਾਂ

ਨੂੰ ਸਿੱਧੇ ਰਸਤੇ ਪਾਉਣਾ ਹੈ। ਇਸ ਲਈ ਉਨ੍ਹਾ ਨੇ ਆਪਣੇ ਪਿਆਰੇ ਵੀਰ ਦੀ ਸਹਿਮਤੀ ਅੰਦਰ ਰਾਜ਼ੀ ਰਹਿਣਾ ਪ੍ਰਵਾਨ ਕਰ ਲਿਆ ਅਤੇ ਉਨ੍ਹਾਂ ਨੂੰ ਪੂਰਨ ਭਰੋਸਾ ਦਿਵਾਇਆ, ਕਿ ਉਹ ਆਪਣੇ ਘਰ, ਗ੍ਰਹਿਸਤ ਪਰਿਵਾਰ ਦੀ ਬਿਲਕੁਲ ਚਿੰਤਾ ਨਾ ਕਰਨ ਅਤੇ ਸਾਰੇ ਵਿਸ਼ਵ ਦਾ ਪਾਰ ਉਤਾਰਾ ਕਰਨ ਲਈ ਨਿਸ਼ਚਿੰਤ ਹੋ ਕੇ ਦੇਸ਼ ਦੇਸ਼ਾਂਤਰਾਂ ਦਾ ਭ੍ਰਮਣ ਕਰਨ।

ਬੇਬੇ ਨਾਨਕੀ ਜੀ ਲਈ ਆਪਣੇ ਪਿਆਰੇ ਵੀਰ ਦਾ ਵਿਛੋੜਾ ਸਹਿਣ ਕਰਨਾ ਬੜਾ ਕਠਿਨ ਸੀ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਭਾਵੇਂ ਉਹ ਸਰੀਰਕ ਰੂਪ ਵਿੱਚ ਉਨ੍ਹਾਂ ਕੋਲੋਂ ਦੂਰ ਜਾ ਰਹੇ ਹਨ, ਪਰ ਆਤਮਿਕ ਤੌਰ ਤੇ ਹਮੇਸ਼ਾ ਹੀ ਬੇਬੇ ਨਾਨਕੀ ਦੇ ਅੰਗ ਸੰਗ ਰਹਿਣਗੇ। ਜਦੋਂ ਬੇਬੇ ਨਾਨਕੀ ਜੀ ਦਰਸ਼ਨਾਂ ਲਈ ਬਿਹਬਲ ਹੋਣਗੇ, ਉਹ ਉਨ੍ਹਾਂ ਨੂੰ ਸਾਖਿਆਤ ਰੂਪ ਵਿੱਚ ਦਰਸ਼ਨ ਦੇ ਕੇ ਨਿਹਾਲ ਕਰਨਗੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਿਆਰੀ ਭੈਣ ਦੀ ਇਸ ਬੇਨਤੀ ਨੂੰ ਪ੍ਰਵਾਨ ਕੀਤਾ ਅਤੇ ਉਸ ਤੇ ਪੂਰਨ ਰੂਪ ਵਿੱਚ ਅਮਲ ਵੀ ਕੀਤਾ। ਉਨ੍ਹਾਂ ਨੂੰ ਕਈ ਵਾਰੀ ਦਰਸ਼ਨਾਂ ਦੀ ਦਾਤ ਬਖਸ਼ ਕੇ ਪੂਰਨ ਰੂਪ ਵਿੱਚ ਤ੍ਰਿਪਤ ਅਤੇ ਨਿਹਾਲ ਕੀਤਾ।

ਜਦੋਂ ਵੀ ਬੇਬੇ ਨਾਨਕੀ ਨੂੰ ਆਪਣੇ ਪਿਆਰੇ ਵੀਰ ਦੀ ਯਾਦ ਦੀ ਤੜਪ ਉਠੀ, ਤਾਂ ਉਹਨਾਂ ਨੇ ਆਪਣੇ ਸਤਿਗੁਰੂ ਵੀਰ ਨਾਨਕ ਦੇ ਦਰਸ਼ਨਾਂ ਦੀ ਉਮੰਗ ਕੀਤੀ-

**ਇਕ ਘੜੀ ਦਿਨਸੁ ਮੋ ਕਉ ਬਹੁਤ ਦਿਹਾਰੇ।।**
**ਮਨੁ ਨ ਰਹੈ ਕੈਸੇ ਮਿਲਉ ਪਿਆਰੇ।।**
**ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ।।**
**ਦਰਸਨ ਕੀ ਮਨਿ ਆਸ ਘਨੇਰੀ,**
**ਕੋਈ ਐਸਾ ਸੰਤ ਮੋ ਕਉ ਪਿਰਹਿ ਮਿਲਾਵੈ।।**

ਆਪਣੇ ਕੀਤੇ ਵਾਅਦੇ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਉਸੇ ਵੇਲੇ ਹੀ ਆਪਣੀ ਭਗਤ ਭੈਣ ਨੂੰ ਦਰਸ਼ਨਾਂ ਨਾਲ ਨਿਵਾਜਦੇ। ਉਹ ਅਤਿ ਨਿਹਾਲ ਹੋ ਜਾਂਦੇ,

**ਸਾਚੇ ਸਤਿਗੁਰੂ ਦਾਤਾਰਾ।।**
**ਦਰਸਨੁ ਦੇਖਿ ਸਗਲ ਦੁਖ ਨਾਸਹਿ,**
**ਚਰਨ ਕਮਲ ਬਲਿਹਾਰਾ।।**

ਬੇਬੇ ਨਾਨਕੀ ਉਹਨਾਂ ਦੇ ਦਰਸ਼ਨ ਕਰਕੇ ਵਾਰਨੇ ਬਲਿਹਾਰਨੇ ਜਾਂਦੀ। ਉਹ ਸਾਰੀ ਆਯੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਅੰਗ ਸੰਗ ਸਮਝਦੇ ਰਹੇ-

**ਸਦ ਹਜੂਰਿ ਹਾਜਰੁ ਹੈ ਨਾਜਰੁ ਕਤਿਹ ਨ ਭਇਓ ਦੂਰਾਈ।।**
**ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ।।**
**ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ।।**

ਬੇਬੇ ਨਾਨਕੀ ਜੀ ਨੇ ਆਪਣੇ ਪਿਆਰੇ ਵੀਰ ਦੀ ਸੰਤਾਨ ਦੀ ਜ਼ਿੰਮੇਵਾਰੀ ਬੜੀ ਕੁਸ਼ਲਤਾ ਨਾਲ ਨਿਭਾਈ। ਉਹ ਆਪਣੀ ਭਾਬੀ ਸੁਲੱਖਣੀ ਦਾ ਧਿਆਨ ਪੂਰੀ ਤਰ੍ਹਾਂ ਕਰਦੇ ਅਤੇ ਯਥਾ ਸ਼ਕਤੀ ਪਲ ਪਲ ਉਨ੍ਹਾਂ ਦੀ ਸਹਾਇਤਾ ਕਰ ਕੇ ਖੁਸ਼ੀਆਂ ਮਹਿਸੂਸ ਕਰਦੇ। ਇਸ ਤਰ੍ਹਾਂ ਬੇਬੇ ਨਾਨਕੀ ਜੀ ਨੇ ਇੱਕ ਆਦਰਸ਼ ਨਣਾਨ ਅਤੇ ਸਰੇਸ਼ਟ ਭੂਆ ਦੀ ਰਿਸ਼ਤੇ ਬੜੇ ਸੁਚੱਜੇ ਢੰਗ ਨਾਲ ਨਿਭਾਏ। ਬੇਬੇ ਨਾਨਕੀ ਜੀ ਨੇ ਜਦੋਂ ਆਪਣਾ ਸਰੀਰ ਕੱਤਕ ਸੰਮਤ ੧੫੭੫ ਅਨੁਸਾਰ ਨਵੰਬਰ ੧੫੧੮ ਵਿੱਚ ਤਿਆਗਿਆ, ਉਸ ਵੇਲੇ ਉਨ੍ਹਾ ਨੂੰ ਆਪਣੇ ਪਿਆਰੇ ਵੀਰ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਸੀ। ਅੰਤ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਵੱਡੀ ਪਿਆਰੀ ਭੈਣ ਦੇ ਕੋਲ ਸਨ। ਬੇਬੇ ਨਾਨਕੀ ਸਿੱਖ ਜਗਤ ਦੀ ਪਹਿਲੀ ਵੀਰ ਦੀ ਭੈਣ ਹੈ, ਜਿਸ ਨੂੰ ਆਪਣੇ ਭਰਾ ਬਾਰੇ ਪੂਰਨ ਰੂਪ ਵਿੱਚ ਗਿਆਨ ਪ੍ਰਾਪਤ ਸੀ। ਉਹ ਭਲੀ ਭਾਂਤ ਜਾਣਦੇ ਸਨ, ਕਿ ਉਸ ਦਾ ਵੀਰ ਇੱਕ ਸਾਧਾਰਣ ਮਨੁੱਖ ਨਹੀਂ, ਸਗੋਂ ਅਕਾਲ ਪੁਰਖ ਆਪ ਸਰੀਰਕ ਜਾਮਾ ਧਾਰ ਕੇ ਅਵਿਤਰਤ ਹੋਏ ਹਨ। ਇਸ ਲਈ ਜਦੋਂ ਕਦੇ ਵੀ ਮਹਿਤਾ ਕਾਲੂ ਜੀ ਆਪਣੇ ਪੁੱਤਰ ਨੂੰ ਝਿੜਕਦੇ, ਡਾਂਟਦੇ ਉਨ੍ਹਾਂ ਦੀ ਭੈਣ਼ ਬੇਬੇ ਨਾਨਕੀ ਬਿਲਕੁਲ ਸਹਿਨ ਨਾ ਕਰ ਸਕਦੀ। ਉਹ ਆਪਣੇ ਭਰਾ ਨੂੰ ਡਾਂਟ ਡਪਟ ਤੋਂ ਬਚਾ ਕੇ, ਆਪ ਝਿੜਕਾਂ ਖਾ ਲੈਂਦੀ। ਉਹ ਆਪਣੇ ਪਿਆਰੇ ਵੀਰ ਦੇ ਪਿਆਰ, ਸਤਿਕਾਰ, ਮਾਣ, ਪ੍ਰਤਿਸ਼ਠਾ ਦੇ ਨਾਲ ਨਾਲ ਉਨ੍ਹਾਂ ਦੇ ਸੇਵਕਾਂ ਦਾ ਵੀ ਸਤਿਕਾਰ ਅਤੇ ਅਦਬ ਕਰਨ ਵਿੱਚ ਕੋਈ ਕਸਰ ਨਾ ਛੱਡਦੇ। ਉਨ੍ਹਾਂ ਨੂੰ ਆਪਣੇ ਭਰਾ ਦੀਆਂ ਇੱਛਾਵਾਂ ਬਾਰੇ ਪੂਰਨ ਜਾਣਕਾਰੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਧੁਰੋਂ ਬਾਣੀ ਆਉਂਦੀ ਤਾਂ ਉਹ ਉਸ ਬਾਣੀ ਨੂੰ ਮਰਦਾਨੇ ਦੀ ਰਬਾਬ ਦੀਆਂ ਸੁਰਾਂ ਰਾਹੀ ਉੱਚੀ ਉੱਚੀ ਗਾ ਕੇ ਅਨੰਦ ਮਗਨ ਹੋ ਜਾਂਦੇ। ਇਹ ਰਬਾਬ ਬੇਬੇ ਨਾਨਕੀ ਜੀ ਨੇ ਆਪਣੇ ਪੈਸਿਆਂ ਨਾਲ ਖਰੀਦਕੇ ਵੀਰ ਦੇ ਚਰਨਾਂ ਵਿੱਚ ਭੇਟ ਕੀਤਾ ਸੀ ਇੱਕ ਤਾਂ ਰੱਬੀ ਬਾਣੀ ਤੇ ਦੂਸਰਾ ਰਬਾਬ ਵਿੱਚ ਕੁੱਟ ਕੁੱਟ ਕੇ ਭਰਿਆ ਆਪਣੀ ਵੱਡੀ ਭੈਣ ਦਾ ਪਿਆਰ, ਫਿਰ ਭਲਾ ਰਸ ਦੀ ਵਰਖਾ ਕਿਵੇਂ ਨਾ ਹੁੰਦੀ।

ਬੇਬੇ ਨਾਨਕੀ ਜੀ ਇੱਕ ਐਸੀ ਉੱਚ ਮਹਾਨ ਧਾਰਮਿਕ, ਅਧਿਆਤਮਕ ਹਸਤੀ ਸਨ, ਜਿਹੜੇ ਆਪਣੇ ਪਿਆਰੇ ਵੀਰ ਉੱਤੇ ਆਈਆਂ ਔਕੜਾਂ ਦੇ ਵਿੱਚ ਬਿਲਕੁਲ ਅਡੋਲ ਅਤੇ ਸ਼ਾਂਤ ਚਿੱਤ ਰਹੇ। ਉਹ ਆਪਣੇ ਵੀਰ ਦੇ ਕੀਤੇ ਹੋਏ ਹਰ ਕੰਮ ਦੀ ਸਰਾਹੁਣਾ ਕਰਦੇ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਤੇ

ਮੋਦੀ ਖਾਨੇ ਵਿੱਚ ਘਾਟਾ ਪੈ ਜਾਣ ਦਾ ਰੌਲਾ ਪਿਆ, ਉਸ ਵੇਲੇ ਬੇਬੇ ਨਾਨਕੀ ਜੀ ਸ਼ਾਂਤ ਚਿੱਤ ਹੋ ਕੇ ਲੋਕਾਂ ਨੂੰ ਸਮਝਾਉਂਦੇ ਕਿ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਹੋਵੇਗੀ, ਉੱਥੇ ਕਦੇ ਵੀ ਘਾਟਾ ਨਹੀਂ ਪੈ ਸਕਦਾ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਈਂ ਨਦੀ ਵਿੱਚ ਪ੍ਰਵੇਸ਼ ਕੀਤਾ ਤਾਂ ਸਭ ਲੋਕਾਂ ਨੇ ਸੋਚਿਆ ਕਿ ਹੁਣ ਬਾਬਾ ਜੀ ਵਾਪਸ ਨਹੀਂ ਪਰਤਣਗੇ ਪਰ ਬੇਬੇ ਜੀ ਨੇ ਸਭ ਨੂੰ ਅਵਗਤ ਕਰਾਇਆ ਕਿ ਉਹ ਤਾਂ ਕਿਸੇ ਵਿਸ਼ੇਸ਼ ਮੰਤਵ ਦੀ ਪੂਰਤੀ ਲਈ ਨਦੀ ਵਿੱਚ ਗਏ ਹਨ, ਉਹ ਪੂਰਨ ਕਰਕੇ ਜ਼ਰੂਰ ਵਾਪਸ ਆਉਣਗੇ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਸਜਿਦ ਵਿੱਚ ਨਮਾਜ਼ ਪੜ੍ਹਨ ਵਾਸਤੇ ਗਏ। ਤਾਂ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ, ਕਿ ਨਾਨਕ ਮੁਸਲਮਾਨ ਬਣ ਗਿਆ ਹੈ, ਪਰ ਬੇਬੇ ਨਾਨਕੀ ਜੀ ਨੇ ਸਭ ਨੂੰ ਸਮਝਾਇਆ ਕਿ ਉਹ ਭਰਮਾਂ ਵਹਿਮਾਂ ਵਿੱਚ ਭਰੀ ਲੋਕਾਈ ਨੂੰ ਬਾਹਰ ਕੱਢਣ ਗਏ ਹਨ।

ਬੇਬੇ ਨਾਨਕੀ ਜੀ ਆਪਣੇ ਮਾਤਾ ਪਿਤਾ ਦੇ ਅਤਿ ਪਿਆਰੇ ਦੁਲਾਰੇ ਸਨ। ਆਪਣੇ ਵੀਰ ਨਾਨਕ ਨੂੰ ਉਹ ਆਪਣੇ ਤਹਿ ਦਿਲ ਨਾਲ ਅਕਾਲ ਪੁਰਖ ਦਾ ਸਾਕਾਰ ਰੂਪ ਜਾਣ ਕੇ ਉਨ੍ਹਾਂ ਦੀ ਬੜੇ ਸਤਿਕਾਰ ਸਹਿਤ ਪੂਜਾ, ਸਤਿਕਾਰ, ਆਦਰ ਮਾਣ ਕਰਦੇ। ਆਪਣੇ ਸਹੁਰੇ ਪਰਿਵਾਰ ਵਿੱਚ ਉਹ ਇੱਕ ਆਗਿਆਕਾਰੀ ਸੁਪੱਤਨੀ, ਨੂੰਹ ਅਤੇ ਭਰਜਾਈ ਸਨ। ਉਹ ਆਪਣੇ ਆਲੇ ਦੁਆਲੇ ਦੇ ਸਮਾਜ ਵਿੱਚ ਇੱਕ ਪ੍ਰਤਿਸ਼ਠਤ ਅਤੇ ਸਭਨਾਂ ਦੇ ਸਹਾਇਕ ਅਤੇ ਸੱਚੇ ਮਿਤ੍ਰ ਸਨ। ਉਨ੍ਹਾਂ ਦੀ ਆਪਣੀ ਕੋਈ ਸੰਤਾਨ ਨਹੀ ਸੀ, ਪਰ ਉਹ ਆਪਣੇ ਸਮਾਜ ਦੇ ਬੱਚਿਆਂ ਦੇ ਹਰਮਨ ਪਿਆਰੇ ਸਨ। ਬੇਬੇ ਜੀ ਉਨ੍ਹਾਂ ਬੱਚਿਆਂ ਕੋਲ ਜਾ ਕੇ, ਉਨ੍ਹਾਂ ਨੂੰ ਬਹੁਤ ਲਾਡ ਚਾਅ ਕਰਦੇ, ਪੁਚਕਾਰਦੇ ਅਤੇ ਉਨ੍ਹਾਂ ਦੀਆਂ ਕਿਲਕਾਰੀਆਂ ਵਿੱਚ ਆਨੰਦ ਮਾਣਦੇ। ਇਹੋ ਜਿਹੇ ਦੈਵੀ ਗੁਣਾਂ ਦੇ ਧਾਰਨੀ, ਧਾਰਮਿਕ, ਅਧਿਆਤਮਕ ਅਤੇ ਰੂਹਾਨੀਅਤ ਦੀਆਂ ਸ਼ਿਖਰਾਂ ਦੀ ਪ੍ਰਾਪਤ ਕਰਤਾ ਬੇਬੇ ਨਾਨਕੀ ਜੀ ਦੇ ਪਵਿੱਤਰ ਪਾਵਨ ਚਰਨਾਂ ਉੱਤੇ ਕੋਟਾਨ ਕੋਟ ਪ੍ਰਣਾਮ।

ੴ

# 10

# ਬੀਬੀ ਭਾਨੀ ਜੀ

## *ਪੁਤ੍ਰਵੰਤੀ ਸੀਲਵੰਤਿ ਸੋਹਾਗਣਿ*

ਬੀਬੀ ਭਾਨੀ ਜੀ ਦੇ ਪਵਿੱਤਰ ਨਾਮ ਨਾਲ ਸਿੱਖ ਇਤਿਹਾਸ ਦੇ ਪੰਨੇ ਸੁਸ਼ੋਭਿਤ ਹੋ ਰਹੇ ਹਨ। ਉਨ੍ਹਾਂ ਦਾ ਨਾਮ ਅਮਰ ਤੇ ਅਮਿਟ ਹੈ। ਸਮੇਂ ਸਮੇਂ ਸਿਰ ਸਾਡੀਆਂ ਹੋਰ ਪੂਜਯ ਮਾਤਾਵਾਂ ਨੇ ਗੁਰੂ ਘਰ ਦੀ ਸੇਵਾ ਕੀਤੀ ਹੈ, ਪਰ ਬੀਬੀ ਭਾਨੀ ਨੂੰ ਜਿਹੜਾ ਮਾਣ ਅਤੇ ਸੁਭਾਗ ਪ੍ਰਾਪਤ ਹੈ, ਉਹ ਸ਼ਾਇਦ ਹੀ ਹੋਰ ਕਿਸੇ ਨੂੰ ਹੋਵੇ। ਉਨ੍ਹਾਂ ਨੂੰ ਸਭ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਅਤੇ ਮਾਤਾ ਮਨਸਾ ਜੀ ਦੀ ਸੁਪੁੱਤ੍ਰੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਫਿਰ ਸ੍ਰੀ ਗੁਰੂ ਰਾਮਦਾਸ ਜੀ ਦੀ ਸੁਪਤਨੀ ਹੋਣ ਦਾ ਸਨਮਾਨ ਪ੍ਰਾਪਤ ਹੋਇਆ ਅਤੇ ਜ਼ਰਾ ਕੁ ਹੋਰ ਅਗਾਂਹ ਜਾ ਕੇ ਉਨ੍ਹਾਂ ਨੂੰ ਪਰਮ ਪੂਜਯ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪੂਜਯ ਮਾਤਾ ਹੋਣ ਦਾ ਗੌਰਵ ਪ੍ਰਾਪਤ ਹੋਇਆ। ਉਹ ਗੁਰੂ ਘਰ ਦੀ ਪਰੰਪਰਾ ਨਾਲ ਕਿਸੇ ਨਾ ਕਿਸੇ ਰਿਸ਼ਤੇ ਨਾਲ ਜੁੜੇ ਹੋਏ ਸਨ। ਉਨ੍ਹਾਂ ਦਾ ਜੀਵਨ ਗੌਰਵਮਈ ਅਤੇ ਆਦਰਸ਼ ਭਰਪੂਰ ਸੀ। ਉਹ ਇੱਕ ਆਦਰਸ਼ ਸਪੁੱਤਰੀ, ਆਦਰਸ਼ ਸੁਪਤਨੀ ਅਤੇ ਆਦਰਸ਼ ਮਾਤਾ ਸਨ। ਉਹ ਸਬਰ ਸੰਤੋਖ ਦੀ ਪ੍ਰਤਿਮਾ, ਨਿਸ਼ਕਾਮ ਸੇਵਾ ਦੀ ਮੂਰਤ, ਸਭ ਦਾ ਭਲਾ ਮਨਾਉਣ ਵਾਲੇ, ਪਰਮਾਰਥ ਦੇ ਰਾਹਾਂ ਦੇ ਪਾਂਧੀ ਸਨ, ਉਸ ਅਕਾਲ ਪੁਰਖ ਦੀ ਰਜ਼ਾ ਵਿੱਚ ਰਹਿਣ ਵਾਲੇ, ਉਸਦੇ ਭਾਣੇ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਵਾਲੇ, ਇੱਕ ਉੱਚ ਕੋਟੀ ਦੇ ਅਧਿਆਤਮਕ, ਧਾਰਮਿਕ, ਰੂਹਾਨੀ ਸ਼ਖਸੀਅਤ ਸਨ। ਉਹ ਕਹਿਣੀ, ਕਥਨੀ ਅਤੇ ਕਰਨੀ ਦੇ ਮਾਲਕ ਸਨ। ਉਨ੍ਹਾਂ ਦਾ ਵਿਅਕਤੀਤਵ ਅਤਿ ਪ੍ਰਭਾਵਸ਼ਾਲੀ ਸੀ। ਕੋਈ ਵੀ ਉਨ੍ਹਾਂ ਦੀ ਸ਼ਰਨ ਵਿੱਚ ਜਾਂਦਾ, ਉਨ੍ਹਾਂ ਦੇ ਮਿਠਾਸ ਭਰਪੂਰ ਬਚਨਾਂ ਨਾਲ ਮੋਹਿਆ ਜਾਂਦਾ ਅਤੇ ਉਹ ਬਿਨਾ ਕਿਸੇ ਸੰਕੋਚ ਤੋਂ ਆਪਣੇ ਹਾਵਾਂ ਭਾਵਾਂ ਨੂੰ ਬੀਬੀ ਜੀ ਦੇ ਸਾਹਮਣੇ ਕਹਿ ਸਕਦਾ। ਬੀਬੀ ਜੀ ਬੜੀ ਡੂੰਘੀ ਹਮਦਰਦੀ ਨਾਲ ਸ਼ਰਨਾਗਤ ਆਇਆਂ ਦੀ ਕਸ਼ਟ, ਪੀੜਾ, ਦੁੱਖਾਂ ਨੂੰ ਸੁਣਦੇ ਅਤੇ ਉਨ੍ਹਾਂ ਦੇ ਸਹਾਇਕ ਬਣ ਕੇ, ਉਨ੍ਹਾਂ ਦੇ ਦੁੱਖੜਿਆਂ ਨੂੰ ਦੂਰ ਕਰਦੇ ਅਤੇ ਉਨ੍ਹਾਂ ਨੂੰ ਖੁਸ਼ੀਆਂ ਦੇ ਖਜਾਨਿਆਂ ਨਾਲ ਮਾਲਾ ਮਾਲ ਕਰ ਦਿੰਦੇ।

ਆਪ ਜੀ ਦੇ ਜਨਮ ਦੀ ਤਾਰੀਕ ਬਾਰੇ ਕਾਫ਼ੀ ਵਾਦ ਵਿਵਾਦ ਹਨ,

ਪਰ ਮਹਾਨ ਕੋਸ਼ ਦੇ ਅਨੁਸਾਰ ਆਪ ਜੀ ਦਾ ਜਨਮ ੨੧ ਮਾਘ ਸੰਮਤ ੧੫੯੧ ਨੂੰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਬਚਪਨ ਤੋਂ ਹੀ ਆਪ ਜੀ ਦਾ ਸੁਭਾਅ ਸ਼ਾਂਤ ਸੀ। ਆਪ ਜੀ ਨੂੰ ਦੁਨਿਆਵੀ ਰੰਗ ਤਮਾਸ਼ੇ ਬਿਲਕੁਲ ਨਹੀਂ ਸਨ ਚੰਗੇ ਲੱਗਦੇ। ਆਪ ਭਾਵੇਂ ਸਹੇਲੀਆਂ ਨਾਲ ਆਮੋਦ ਪ੍ਰਮੋਦ ਕਰਨ ਲਈ ਜਾਂਦੇ, ਪਰ ਖੇਡਾਂ ਖੇਡਣ ਵਿੱਚ ਆਪ ਜੀ ਦੀ ਜ਼ਿਆਦਾ ਰੁਚੀ ਨਾ ਲੱਗਦੀ। ਆਪ ਜੀ ਇਸ ਦੁਨੀਆਂ ਦੀ ਅਸਥਿਰਤਾ ਬਾਰੇ ਜ਼ਿਆਦਾ ਸੋਚਦੇ ਰਹਿੰਦੇ। ਆਪਣੀਆਂ ਸਹੇਲੀਆਂ ਨੂੰ ਇਸ ਦੁਨਿਆਵੀ ਰੰਗ ਤਮਾਸ਼ਿਆਂ ਨੂੰ ਝੂਠਾ ਅਤੇ ਅਸਥਿਰ ਕਹਿ ਕੇ ਸਮਝਾਉਂਦੇ। ਛੋਟੀ ਉਮਰ ਵਿੱਚ ਹੀ ਉਨ੍ਹਾਂ ਨੂੰ ਇਹ ਗਿਆਨ ਪ੍ਰਾਪਤ ਹੋ ਗਿਆ ਸੀ ਕਿ ਦੁਨੀਆ ਵਿੱਚ ਸਭ ਕੁਝ ਕੂੜੋ ਕੂੜ ਹੈ ਅਤੇ ਮੌਤ ਹੀ ਇੱਕ ਅਟੱਲ ਸੱਚਾਈ ਹੈ।

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰ।।**
**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ।।**
**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰ।।**
**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ।।**
**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ।।**
**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।।**
**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰ।।**

ਛੋਟੀ ਉਮਰ ਵਿੱਚ ਵੱਡਿਆਂ ਵੱਡਿਆਂ ਵਿਦਵਾਨਾਂ ਵਾਲੇ ਸੋਝੀ ਭਰਪੂਰ ਬਚਨ ਆਪ ਜੀ ਕਰਦੇ ਰਹਿੰਦੇ ਅਤੇ ਹੋਰਨਾਂ ਨੂੰ ਵੀ ਇਸ ਗਿਆਨ ਦੀ ਸਿੱਖਿਆ ਦਿੰਦੇ।

ਬਚਪਨ ਦੇ ਦਿਨ ਹੁਣ ਖ਼ਤਮ ਹੋ ਰਹੇ ਸਨ ਅਤੇ ਉਨ੍ਹਾਂ ਦੀ ਥਾਂ ਹੁਣ ਜਵਾਨੀ ਲੈ ਰਹੀ ਸੀ। ਆਪ ਜੀ ਮੁਟਿਆਰ ਹੋਣ ਲੱਗੇ ਤਾਂ ਆਪ ਜੀ ਦੇ ਮਾਤਾ ਪਿਤਾ ਨੂੰ ਆਪ ਜੀ ਲਈ ਯੋਗ ਵਰ ਲੱਭਣ ਦੀ ਚਿੰਤਾ ਹੋਈ। ਪੁਰਾਣੇ ਸਮੇਂ ਵਿੱਚ ਭਾਵੇਂ ਬੱਚੇ ਬੱਚੀਆਂ ਨੂੰ ਬੜੀ ਛੋਟੀ ਉਮਰ ਵਿੱਚ ਵਿਆਹ ਦੇ ਬੰਧਨਾਂ ਵਿੱਚ ਬੰਨ੍ਹ ਦਿੱਤਾ ਜਾਂਦਾ ਸੀ, ਜਦੋਂ ਕਿ ਉਨ੍ਹਾਂ ਨੂੰ ਆਪਣੀ ਹੋਸ਼ ਹੀ ਨਹੀਂ ਸੀ ਹੁੰਦੀ, ਪਰ ਬੀਬੀ ਭਾਨੀ ਜੀ ਦੇ ਮਾਤਾ ਪਿਤਾ ਨੇ ਇੰਨ੍ਹਾਂ ਦਾ ਅਨੰਦ ਕਾਰਜ ਮੁਟਿਆਰ ਹੋਣ ਤੇ ਹੀ ਕੀਤਾ। ਗੁਰੂ ਪਿਤਾ ਅਮਰਦਾਸ ਜੀ ਨੇ ਪੁਰੋਹਿਤ ਨੂੰ ਯੋਗ ਵਰ ਲੱਭਣ ਲਈ ਬੁਲਾਇਆ। ਬੀਬੀ ਭਾਨੀ ਜੀ ਦੇ ਸੁਭਾਅ ਅਨੁਸਾਰ ਉਨ੍ਹਾਂ ਦਾ ਜੀਵਨ ਸਾਥੀ ਲੱਭਣ ਲਈ ਸੋਚਿਆ ਗਿਆ। ਮਾਤਾ ਪਿਤਾ ਵਲੋਂ ਯੋਗ ਵਰ ਲੱਭਣ ਲਈ ਸਲਾਹ ਮਸ਼ਵਰੇ ਕੀਤੇ ਜਾ ਰਹੇ ਸਨ, ਕਿ ਕੋਲੋਂ ਹੀ ਹਰਿਦਾਸ ਜੀ ਦੇ ਸੁਪੁੱਤਰ ਜੇਠਾ ਜੀ ਲੰਘੇ। ਮਾਤਾ ਮਨਸਾ ਨੇ ਕਿਹਾ ਕਿ ਬੀਬੀ ਭਾਨੀ ਜੀ ਲਈ ਜੇਠੇ ਜੀ ਜਿਹਾ ਵਰ ਲੱਭਿਆ

ਜਾਵੇ, ਜੋ ਇਸ ਤਰ੍ਹਾਂ ਦਾ ਸਿਆਣਾ, ਸੁਹਣਾ ਅਤੇ ਮਿਹਨਤੀ ਹੋਵੇ। ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਇਹੋ ਜਿਹਾ ਹੋਰ ਦੂਸਰਾ ਕਿਵੇਂ ਹੋ ਸਕਦਾ ਹੈ, ਇਹੋ ਜਿਹਾ ਤਾਂ ਇਹੀ ਹੈ। ਇਸ ਤਰ੍ਹਾਂ ਬੀਬੀ ਭਾਨੀ ਜੀ ਦਾ ਅਨੰਦ ਕਾਰਜ ਲਹੌਰ ਨਿਵਾਸੀ ਸੋਢੀ ਵੰਸ਼ ਦੇ ਹਰਿਦਾਸ ਖੱਤਰੀ ਜੀ ਦੇ ਸੁਪੁੱਤ੍ਰ ਜੇਠਾ ਜੀ ਨਾਲ ੨੨ ਫੱਗਣ ੧੬੧੦ ਵਿੱਚ ਹੋਇਆ। ਘਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਕਿਉਂ ਕਿ ਨੂੰਹ ਬੜੀ ਸੁੰਦਰ, ਸੁਚੱਜੀ, ਸੁਘੜ੍ਹ ਅਤੇ ਸਭ ਤੋਂ ਵੱਧ ਦੈਵੀ ਗੁਣਾਂ ਵਾਲੀ ਸੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੁਪੁੱਤਰੀ ਸੀ। ਉਹ ਆਦਰਸ਼ ਸੁਪੁੱਤਰੀ ਤੇ ਫਿਰ ਆਦਰਸ਼ ਸੁਪੱਤਨੀ ਬਣ ਗਏ ਤੇ ਹੁਣ ਵਾਰੀ ਆਈ ਆਦਰਸ਼ ਮਾਤਾ ਬਣਨ ਦੀ। ਉਨ੍ਹਾਂ ਨੇ ਸੰਨ ੧੬੧੫ ਵਿੱਚ ਆਪਣੇ ਸਭ ਤੋਂ ਪਹਿਲੇ ਸੁਪੁੱਤ੍ਰ ਪ੍ਰਿਥੀ ਚੰਦ ਨੂੰ ਜਨਮ ਦਿੱਤਾ। ਦੂਸਰੇ ਸੁਪੁੱਤ੍ਰ ਮਹਾਂਦੇਵ ਨੇ ੧੬੧੭ ਸੰਮਤ ਵਿੱਚ ਜਨਮ ਲਿਆ। ੧੬੨੦ ਵਿੱਚ ਆਪ ਜੀ ਦੇ ਗ੍ਰਹਿ ਵਿਖੇ ਆਪ ਜੀ ਦੇ ਤੀਸਰੇ ਸੁਪੁੱਤਰ ਸ੍ਰੀ ਅਰਜਨ ਦੇਵ ਜੀ ਨੇ ਅਵਤਾਰ ਧਾਰਨ ਕੀਤਾ। ਸਾਰਾ ਪਰਿਵਾਰ ਬੱਚਿਆਂ ਦੀਆਂ ਕਿਲਕਾਰੀਆਂ ਨਾਲ ਚਹਿਕ ਉੱਠਿਆ। ਬੀਬੀ ਭਾਨੀ ਜੀ ਨੇ ਆਪਣੇ ਤਿੰਨਾ ਸੁਪੁੱਤਰਾਂ ਨੂੰ ਬੜੇ ਲਾਡ, ਚਾਅ, ਦੁਲਾਰ ਨਾਲ ਪਾਲਿਆ, ਅਤੇ ਉਨ੍ਹਾਂ ਨੂੰ ਸਭ ਤਰ੍ਹਾਂ ਦੀ ਸਿੱਖਿਆ ਦੇ ਕੇ ਠੀਕ ਤਰ੍ਹਾਂ ਨਾਲ ਲਾਲਨ ਪਾਲਨ ਕੀਤਾ। ਬੀਬੀ ਭਾਨੀ ਜੀ ਦਾ ਸ੍ਰੀ ਗੁਰੂ ਅਮਰਦਾਸ ਜੀ ਨਾਲ ਦੂਹਰਾ ਰਿਸ਼ਤਾ ਸੀ। ਇੱਕ ਤਾਂ ਉਹ ਉਨ੍ਹਾਂ ਦੇ ਪਿਆਰੇ ਲਾਡ ਦੁਲਾਰ ਕਰਨ ਵਾਲੇ ਪਿਤਾ ਸਨ ਅਤੇ ਦੂਸਰੇ ਪਾਸੇ ਉਹ ਉਨ੍ਹਾਂ ਦੇ ਪੂਜਨੀਕ ਇਸ਼ਟ ਗੁਰੂਦੇਵ। ਇਹ ਦੋਵੇਂ ਪਿਆਰਾਂ ਦੀ ਗੰਗਾ ਉਨ੍ਹਾਂ ਦੇ ਘਰ ਵਿੱਚ ਵਗ ਰਹੀ ਸੀ ਅਤੇ ਉਨ੍ਹਾਂ ਨੇ ਇਸ ਵਿੱਚ ਰੱਜ ਰੱਜ ਕੇ ਇਸ਼ਨਾਨ ਕਰ ਕੇ ਆਪਣੀ ਜਨਮ ਜਨਮਾਂਤਰਾਂ ਦੀ ਮੈਲ ਨੂੰ ਧੋ ਲਿਆ ਅਤੇ ਉਹ ਪਵਿੱਤਰ ਪਾਵਨ ਕੰਚਨ ਵਰਗੇ ਸ਼ੁੱਧ ਬਣ ਗਏ ਸਨ। ਬੀਬੀ ਜੀ ਸੱਚੇ ਪਾਤਸ਼ਾਹ ਜੀ ਨੂੰ ਪੂਰਨ ਰੂਪ ਵਿੱਚ ਸੁਵਿਧਾ ਦੇਣ ਵਿੱਚ ਤੱਤਪਰ ਰਹਿੰਦੇ। ਜਿਸ ਵਸਤੂ ਦੀ ਲੋੜ ਸ੍ਰੀ ਗੁਰੂ ਅਮਰਦਾਸ ਜੀ ਨੂੰ ਹੁੰਦੀ, ਉਹ ਉਸੇ ਵੇਲੇ ਸ੍ਰੀ ਗੁਰੂ ਜੀ ਨੂੰ ਪੇਸ਼ ਕਰਦੇ ਅਤੇ ਉਨ੍ਹਾਂ ਦੀਆਂ ਅਪਾਰ ਖੁਸ਼ੀਆਂ ਪ੍ਰਾਪਤ ਕਰ ਲੈਂਦੇ। ਉਹ ਇੱਕ ਨਿਸ਼ਕਾਮ ਸੇਵਿਕਾ ਦੀ ਤਰ੍ਹਾਂ ਆਪਣੇ ਪੂਜਯ ਪਿਤਾ ਗੁਰੂ ਜੀ ਲਈ ਬਸਤ੍ਰ ਤਿਆਰ ਰੱਖਦੇ ਅਤੇ ਇਸ਼ਨਾਨ ਆਦਿ ਲਈ ਜਲ ਦਾ ਪ੍ਰਬੰਧ ਕਰਕੇ ਉਨ੍ਹਾਂ ਨੂੰ ਇਸ਼ਨਾਨ ਕਰਾਂਉਦੇ। ਇੱਕ ਦਿਨ ਉਹ ਸ੍ਰੀ ਗੁਰੂ ਜੀ ਨੂੰ ਚੌਕੀ ਤੇ ਬਿਠਾ ਕੇ ਇਸ਼ਨਾਨ ਕਰਵਾ ਰਹੇ ਸਨ ਕਿ ਅਚਾਨਕ ਚੌਕੀ ਦਾ ਇੱਕ ਪਾਵਾ ਟੁੱਟ ਗਿਆ। ਚੌਕੀ ਦੀ ਲੱਕੜੀ ਪੁਰਾਣੀ ਹੋ ਚੁੱਕੀ ਸੀ। ਉਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੇ ਪਿਤਾ ਜੀ ਨੂੰ ਕਿਸੇ ਕਿਸਮ ਦੀ ਬੇਅਰਾਮੀ ਜਾਂ ਪਰੇਸ਼ਾਨੀ ਹੋਵੇ। ਉਨ੍ਹਾਂ ਨੇ ਝੱਟ ਪਟ ਟੁੱਟੇ ਹੋਏ

ਪਾਵੇ ਦੀ ਥਾਂ ਆਪਣਾ ਹੱਥ ਰੱਖ ਦਿੱਤਾ ਅਤੇ ਆਪਣੇ ਪੂਜਯ ਪਿਤਾ ਦਾ ਇਸ਼ਨਾਨ ਨਿਰਵਿਘਨ ਸਮਾਪਤ ਕਰਵਾਇਆ। ਉਨ੍ਹਾਂ ਦੇ ਹੱਥ ਵਿੱਚ ਕਿੱਲ ਲੱਗ ਚੁੱਕਾ ਸੀ ਅਤੇ ਲਗਾਤਾਰ ਖੂਨ ਵਗਣ ਲੱਗ ਪਿਆ। ਪਰ ਉਨ੍ਹਾਂ ਨੇ ਇਸ ਗੱਲ ਦੀ ਰਤੀ ਭਰ ਵੀ ਪਰਵਾਹ ਨਾ ਕੀਤੀ। ਇਹ ਸਾਰਾ ਕੁਝ ਵੇਖ ਕੇ ਪਿਤਾ ਆਪਣੀ ਪੁੱਤਰੀ ਤੇ ਬਹੁਤ ਪ੍ਰਸੰਨ ਹੋਏ। ਉਹ ਆਪਣੀ ਬੱਚੀ ਦੀ ਇਸ ਕੁਰਬਾਨੀ ਤੇ ਬਹੁਤ ਗਰਵ ਮਹਿਸੂਸ ਕਰ ਰਹੇ ਸਨ। ਇਸ ਲਈ ਉਨ੍ਹਾਂ ਨੇ ਆਪਣੀ ਪਿਆਰੀ ਸੁਪੁੱਤਰੀ ਬੀਬੀ ਭਾਨੀ ਜੀ ਨੂੰ ਕਿਹਾ,''ਸੁਪੁੱਤ੍ਰੀ ਜੀ ਕੁਝ ਮੰਗ ਲਵੋ''। ਆਪ ਜੀ ਨੇ ਉੱਤਰ ਦਿੱਤਾ,''ਉਸ ਅਕਾਲ ਪੁਰਖ ਪ੍ਰਭੂ ਦਾ ਦਿੱਤਾ ਹੋਇਆ ਸਭ ਕੁਝ ਮੇਰੇ ਕੋਲ ਹੈ ਕਿਸੇ ਚੀਜ਼ ਦੀ ਘਾਟ ਨਹੀ, ਤੋਟ ਨਹੀਂ''। ਪਿਤਾ ਜੀ ਨੇ ਫਿਰ ਕੁਝ ਮੰਗਣ ਲਈ ਕਿਹਾ ਤੇ ਪੁੱਤਰੀ ਨੇ ਉੱਤਰ ਦਿੱਤਾ, ਕਿ ਗੁਰਗੱਦੀ ਘਰ ਵਿੱਚ ਹੀ ਰਹੇ। ਪਿਤਾ ਜੀ ਨੇ ਸਹਰਸ਼ ਆਪਣੀ ਪੁੱਤਰੀ ਦੀ ਬੇਨਤੀ ਪ੍ਰਵਾਨ ਕਰ ਲਈ। ਬੀਬੀ ਜੀ ਦਾ ਆਪਣੇ ਪਿਤਾ ਗੁਰੂ ਦੇ ਚਰਨਾਂ ਤੇ ਦ੍ਰਿੜ੍ਹ ਭਰੋਸਾ ਸੀ। ਉਹ ਉਨ੍ਹਾਂ ਬਾਰੇ ਕਦੇ ਵੀ ਕਿਸੇ ਕਿਸਮ ਦੀ ਸ਼ੰਕਾ ਨਾ ਕਰਦੇ, ਸਗੋਂ ਉਨ੍ਹਾਂ ਦੇ ਹੁਕਮਾਂ ਵਿੱਚ ਰਹਿੰਦੇ ਉਹਨਾਂ ਦੀ ਪਾਲਣਾ ਕਰਕੇ ਆਪਣੇ ਧੰਨ ਭਾਗ ਸਮਝਦੇ ਅਤੇ ਉਨ੍ਹਾਂ ਦੀ ਸੇਵਾ ਕਰਦਿਆਂ ਹੋਇਆਂ ਆਪਣੇ ਜੀਵਨ ਦੇ ਪਲ ਸਾਰਥਕ ਕਰਦੇ।

**ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ।।**
**ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ।।**

ਉਹ ਤਾਂ ਹਮੇਸ਼ਾ ਹੀ ਆਪਣੇ ਪਿਤਾ ਜੀ ਦੀ ਸੰਗਤ ਦਾ ਆਨੰਦ ਮਾਨਣਾਂ ਲੋਚਦੇ। ਇੱਥੋਂ ਤਕ ਕਿ ਜਦੋਂ ਸਤਿਗੁਰੂ ਜੀ ਬਾਹਰ ਸੰਗਤਾਂ ਨੂੰ ਦਰਸ਼ਨ ਦੇਣ ਜਾਂਦੇ ਤਾਂ ਬੀਬੀ ਜੀ ਉਨ੍ਹਾਂ ਦੇ ਨਾਲ ਜਾਣ ਦੀ ਆਗਿਆ ਮੰਗ ਲੈਂਦੇ। ਉਹ ਸੰਮਤ ੧੬੧੪ ਵਿੱਚ ਆਪਣੇ ਸਤਿਗੁਰੂ ਪਿਤਾ ਨਾਲ ਕੁਰਕਛੇਤਰ ਗਏ ਸਨ।

ਆਪ ਜੀ ਦੁੱਖ ਵਿੱਚ ਕਦੇ ਨਾ ਘਬਰਾਉਂਦੇ, ਅਤੇ ਸੁਖ ਵਿੱਚ ਵੀ ਬਹੁਤ ਪ੍ਰਸੰਨ ਨਹੀ ਸਨ ਹੁੰਦੇ। ਉਹ ਸੁਖ ਦੁੱਖ ਦੋਹਾਂ ਨੂੰ ਸਮਾਨ ਕਰਕੇ ਜਾਣਦੇ ਸਨ। ਉਹ ਇੱਕ ਗੁਰਮੁਖ ਬੀਬੀ ਜੀ ਸਨ, ਕਿਉਂ ਕਿ ਉਹਨਾਂ ਨੂੰ ਸੁਖ ਦੁੱਖ ਪਤਾ ਸੀ ਕਿ, ਸੁਖ ਦੁੱਖ ਦੋਵੇਂ ਹੀ ਉਸ ਅਕਾਲ ਪੁਰਖ ਦੇ ਬਣਾਏ ਹੋਏ ਹਨ। ਉਸ ਦੀ ਰਜ਼ਾ ਵਿੱਚ ਹੀ ਸਭ ਕੁਝ ਵਿਚਰ ਰਿਹਾ ਹੈ, ਸਭ ਕੁਝ ਹੋ ਰਿਹਾ ਹੈ ਸਭ ਕੁਝ ਵਾਪਰ ਰਿਹਾ ਹੈ। ਸ੍ਰਿਸ਼ਟੀ ਦਾ ਹਰ ਕਣ ਉਸ ਪ੍ਰਭੂ ਦੇ ਹੁਕਮ ਵਿੱਚ ਹੈ, ਉਸ ਤੋਂ ਬਿਨਾਂ ਤਾਂ ਇੱਕ ਪੱਤਾ ਵੀ ਹਿੱਲ ਨਹੀ ਸਕਦਾ। ਸੂਰਜ, ਚੰਦ, ਸਿਤਾਰੇ ਸਭ ਉਸ ਪਿਆਰੇ ਦੇ ਹੁਕਮ ਅਨੁਸਾਰ ਚਲਦੇ ਹਨ, ਸਾਰੀ ਕਾਇਨਾਤ ਸਭ ਨੂੰ ਉਸ ਇੱਕੋ ਦਾ ਹੀ ਆਸਰਾ ਹੈ।

ਪ੍ਰਿਕ੍ਰਿਤੀ ਵਿੱਚ ਕਦੇ ਬਸੰਤ, ਬਹਾਰ, ਖੇੜਾ ਆ ਜਾਂਦਾ ਹੈ, ਵਨ ਉਪਵਨ ਸਭ ਮਹਿਕ ਉਠਦੇ ਹਨ, ਹਰ ਪਾਸੇ ਹਰਿਆਵਲ ਹੀ ਹਰਿਆਵਲ ਦਿਸਦੀ ਹੈ। ਹਰ ਕੋਣਾ ਫੁੱਲਾਂ ਦੀ ਸੁਗੰਧੀ ਨਾਲ ਮਹਿਕ ਉੱਠਦਾ ਹੈ ਅਤੇ ਕਦੇ ਉਨ੍ਹਾਂ ਰੁੱਖਾਂ, ਪੱਤਿਆਂ ਤੇ ਪਤਝੜ ਛਾ ਜਾਂਦੀ ਹੈ। ਰੁੱਖਾਂ ਤੋਂ ਪੱਤੇ ਡਿੱਗ ਕੇ ਸਾਰੇ ਵਾਤਾਵਰਣ ਨੂੰ ਉਦਾਸੀਨ ਬਣਾ ਦਿੰਦੇ ਹਨ, ਸੁੰਦਰਤਾ ਖਤਮ ਹੋ ਜਾਂਦੀ ਹੈ। ਇਹ ਖੇੜਾ, ਖੁਸ਼ੀ, ਹੁਲਾਸ ਥੋੜੇ ਚਿਰ ਲਈ ਹੈ ਅਤੇ ਇਸ ਤਰ੍ਹਾਂ ਇਹ ਪਤਝੜ ਵੀ ਹਮੇਸ਼ਾ ਲਈ ਨਹੀਂ ਰਹਿਣੀ। ਇਹ ਸੁਖ ਦੁੱਖ ਜੀਵਨ ਦੇ ਦੋ ਪਹੀਏ ਵਾਰੀ ਵਾਰੀ ਨਿਰੰਤਰ ਚਲਦੇ ਜੀਵਨ ਨੂੰ ਆਨੰਦਮਈ ਅਤੇ ਕਦੇ ਸੋਗਮਈ ਬਣਾਉਂਦੇ ਰਹਿੰਦੇ ਹਨ। ਇਸ ਲਈ ਹਰ ਮਨੁੱਖ ਨੂੰ ਉਸ ਦੇ ਭਾਣੇ ਵਿੱਚ ਰਹਿ ਕੇ ਜੀਵਨ ਦੇ ਪਲ ਸਾਰਥਕ ਕਰਨੇ ਚਾਹੀਦੇ ਹਨ।

ਇੱਕ ਦਿਨ ਬੀਬੀ ਜੀ ਨੂੰ ਸੁਪਨਾ ਆਇਆ ਕਿ ਉਨ੍ਹਾਂ ਦੇ ਪਤੀ ਜੇਠਾ ਜੀ ਇੱਕ ਸਾਲ ਪਿਛੋਂ ਆਪਣਾ ਸਰੀਰ ਤਿਆਗ ਦੇਣਗੇ। ਬੀਬੀ ਜੀ ਨੇ ਇਹ ਸੁਪਨੇ ਵਾਲੀ ਗੱਲ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿੱਚ ਕਹਿ ਸੁਣਾਈ। ਅੰਤਰਜਾਮੀ, ਘਟ ਘਟ ਦੇ ਜਾਨਣਹਾਰ ਸ੍ਰੀ ਗੁਰੂ ਅਮਰਦਾਸ ਨੇ ਧਿਆਨ ਮਗਨ ਹੋ ਕੇ ਬੀਬੀ ਜੀ ਨੂੰ ਆਖਿਆ, ਕਿ ਉਹ ਜੋ ਕੁਝ ਕਹਿ ਰਹੇ ਹਨ, ਉਹ ਬਿਲਕੁਲ ਠੀਕ ਹੈ, ਤੇ ਨਾਲ ਹੀ ਸ੍ਰੀ ਗੁਰੂ ਜੀ ਨੇ ਉਨ੍ਹਾਂ ਨੂੰ ਸਾਂਤਵਨਾ ਦਿੱਤੀ ਕਿ ਉਹ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰਨ, ਉਹ ਅਕਾਲ ਪੁਰਖ ਸਭ ਭਲੀ ਕਰਨਗੇ। ਬੀਬੀ ਜੀ ਨੇ ਸ੍ਰੀ ਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ,''ਹੇ ਮੇਰੇ ਪੂਜਯ ਪਿਤਾ ਜੀ ! ਮੇਰੇ ਸਤਿਗੁਰੂ ਜੀ ! ਜੇਕਰ ਮੇਰੇ ਪਤੀ ਨੇ ਸਰੀਰ ਤਿਆਗ ਦਿੱਤਾ, ਮੈਂ ਇੱਕ ਪਤੀ ਬ੍ਰਤਾ ਨਾਰੀ ਹੋਣ ਕਰ ਕੇ ਹਫਤੇ ਦੇ ਅੰਦਰ ਅੰਦਰ ਆਪਣਾ ਸਰੀਰ ਤਿਆਗ ਦੇਵਾਂਗੀ, ਕਿਉਂ ਕਿ ਆਪਣੇ ਪਤੀ ਤੋਂ ਬਿਨਾਂ ਇੱਕ ਪਤੀਬ੍ਰਤਾ ਇਸਤ੍ਰੀ ਦਾ ਜਿਉਣਾ ਮੁਸ਼ਕਿਲ ਹੈ।'' ਪਿਤਾ ਸ੍ਰੀ ਗੁਰੂ ਅਮਰਦਾਸ ਜੀ ਆਪਣੀ ਸੇਵਿਕਾ ਪੁੱਤਰੀ ਦੇ ਦੁੱਖ ਨੂੰ ਕਿਵੇਂ ਸਹਾਰ ਸਕਦੇ ਸਨ ? ਬੀਬੀ ਜੀ ਨੇ ਆਪਣੀ ਨਿਸ਼ਕਾਮ ਸੇਵਾ ਰਾਹੀਂ ਆਪਣੇ ਪੂਜਯ ਪਿਤਾ ਸਤਿਗੁਰੂ ਜੀ ਨੂੰ ਅਤਿ ਪ੍ਰਸੰਨ ਕੀਤਾ ਹੋਇਆ ਸੀ, ਅਤੇ ਅਨੇਕਾਂ ਵਰਦਾਨ ਪ੍ਰਾਪਤ ਕੀਤੇ ਹੋਏ ਸਨ। ਫਿਰ ਸਭ ਤੋਂ ਵੱਡਾ ਵਰਦਾਨ, ਜਿਹੜਾ ਉਨ੍ਹਾਂ ਪ੍ਰਾਪਤ ਕੀਤਾ ਹੋਇਆ ਸੀ, ਉਹ ਸੀ ਗੁਰਗੱਦੀ ਪ੍ਰਾਪਤ ਕਰਨਾ। ਜੇਕਰ ਉਨ੍ਹਾਂ ਦੇ ਪਤੀ ਹੀ ਸਰੀਰ ਤਿਆਗ ਦੇਣਗੇ ਤਾਂ ਫਿਰ ਗੁਰਗੱਦੀ ਕੌਣ ਪ੍ਰਾਪਤ ਕਰੇਗਾ। ਪਰ ਸਤਿਗੁਰੂ ਤਾਂ ਆਪਣੇ ਬਚਨਾਂ ਦੇ ਧਨੀ, ਤੇ ਪਾਲਣਹਾਰ ਹੁੰਦੇ ਹਨ। ਉਹ ਜੋ ਬਚਨ ਕਰ ਦਿੰਦੇ ਹਨ, ਉਹ ਕਿਸੇ ਨਾ ਕਿਸੇ ਤਰ੍ਹਾਂ ਜਰੂਰ ਪੂਰਾ ਕਰਦੇ ਹਨ। ਉਹ ਆਪਣੇ ਸੇਵਕਾਂ ਦੀ ਲਾਜ ਹਮੇਸ਼ਾ ਰੱਖਦੇ ਹਨ। ਸਤਿਗੁਰੂ ਜੀ

ਦੇ ਪਵਿੱਤਰ ਮੁਖਾਰਬਿੰਦ ਤੋਂ ਸਹਿਜ ਭਾਵ ਨਾਲ ਨਿਕਲੇ ਸ਼ਬਦ ਪੂਰਨ ਹੋ ਜਾਂਦੇ ਹਨ, ਫਿਰ ਗੁਰਗੱਦੀ ਦਾ ਬਚਨ ਬੀਬੀ ਜੀ ਨੇ ਵਰਦਾਨ ਦੇ ਰੂਪ ਵਿੱਚ ਪ੍ਰਾਪਤ ਕੀਤਾ ਹੋਇਆ ਸੀ। ਉਸ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਦੀ ਆਯੂ ੯੫ ਵਰ੍ਹਿਆਂ ਦੀ ਸੀ। ਸਤਿਗੁਰੂ ਜੀ ਨੇ ਆਪਣੀ ਸੇਵਿਕਾ ਸੁਪੁੱਤਰੀ ਨੂੰ ਧੀਰਜ ਦਿੰਦਿਆਂ ਹੋਇਆਂ ਫੁਰਮਾਇਆ,''ਬੀਬੀ ਜੀ ! ਤੁਸੀਂ ਬਿਲਕੁਲ ਕਿਸੇ ਕਿਸਮ ਦੀ ਚਿੰਤਾ ਨਾ ਕਰੋ ਮੇਰੀ ਆਯੂ ਦੇ ਸੱਤ ਸਾਲ ਅਜੇ ਹੋਰ ਰਹਿੰਦੇ ਹਨ, ਮੈਂ ਆਪਣੀ ਉਹ ਆਯੂ ਦੇ ਸਾਲ ਤੁਹਾਡੇ ਪਤੀ ਨੂੰ ਦੇ ਦੇਵਾਂਗਾ। ਇਸ ਤਰ੍ਹਾਂ ਤੁਸੀਂ ਆਪਣਾ ਜੀਵਨ ਸੁਖਮਈ ਬਤੀਤ ਕਰੋਗੇ।'' ਇੱਕ ਪਾਸੇ ਆਪਣੇ ਪਤੀ ਦੇ ਜੀਵਨ ਦੀ ਆਸ ਤੇ ਦੂਸਰੇ ਪਾਸੇ ਆਪਣੇ ਇਸ਼ਟ ਪਿਤਾ ਦਾ ਤਿਆਗ, ਪਰ ਉਹ ਤਾਂ ਭਾਣੇ ਦੇ ਦਾਸ ਹੋ ਕੇ ਭਾਣਾ ਮੰਨਣ ਵਿੱਚ ਹੀ ਆਪਣਾ ਜੀਵਨ ਬਿਤਾ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਜੇਠਾ ਜੀ ਨੂੰ ਬੁਲਾਇਆ। ਸਰੂਪ ਦਾਸ, 'ਮਹਿਮਾ ਪ੍ਰਕਾਸ਼' ਵਿੱਚ ਲਿਖਦੇ ਹਨ-

*ਪ੍ਰਭ ਜੇਠੇ ਜੀ ਕੋ ਬਲਾਇ।*
*ਹੋਇ ਦਿਆਲ ਗੁਰ ਬਚਨ ਸੁਨਾਇ।*
*ਹੇ ਸੁਤ ਆਜ ਤੁਮ ਔਪ ਬਿਹਾਨੀ।*
*ਮੈ ਸਭ ਜਾਨੀ ਦਖਾ ਪੁਰਾਨੀ।*
*ਇੱਕ ਸੌ ਸਾਤ ਬਰਖ ਮਮ ਆਉਪ*
*ਬਤਿਤ ਭਈ ਬਾਕੀ ਦੀ ਆਉਪ।*
*ਛੈ ਬਰਸ ਛੈ ਮਾਸ ਬਾਕੀ ਹੈ ਰਹੀ।*
*ਸੋ ਅਪਨੀ ਮੈ ਤੁਮ ਦੋ ਦਈ।*

ਗੁਰਗੱਦੀ ਦੀ ਵਿਰਾਸਤ ਤਾਂ ਧੁਰੋਂ ਹੀ ਲਿਖੀ ਹੁੰਦੀ ਹੈ। ਜੇਕਰ ਕੋਈ ਆਪਣੀ ਮਰਜੀ ਨਾਲ, ਪ੍ਰਾਪਤ ਕਰਨਾ ਚਾਹੇ ਤਾਂ ਇਹ ਅਸੰਭਵ ਹੈ। ਸਿੱਖ ਇਤਿਹਾਸ ਨੂੰ ਪੜ੍ਹਨ ਤੋਂ ਉਪਰੰਤ ਇਹ ਗੱਲ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਆਪਣੇ ਪੁੱਤਰ ਸ੍ਰੀ ਚੰਦ ਅਤੇ ਲਖਮੀ ਦਾਸ ਨੂੰ ਨਾ ਦੇ ਕੇ ਆਪਣੇ ਸੇਵਕ ਤੇ ਭਗਤ ਲਹਿਣਾ ਜੀ ਨੂੰ ਬੜੀ ਕਠਿਨ ਪ੍ਰੀਖਿਆ ਤੋਂ ਬਾਅਦ ਦਿੱਤੀ ਅਤੇ ਉਨ੍ਹਾਂ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਨਿੰਨ ਸੇਵਾ ਭਾਵ ਵੇਖ ਕੇ ਗੁਰੂ ਗੱਦੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ ਅਤੇ ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਪਿਆਰੀ ਭਗਤ ਅਤੇ ਸੇਵਿਕਾ ਪੁੱਤਰੀ ਦੇ ਪਤੀ ਜੇਠਾ ਜੀ ਦੇ ਅਨਿੰਨ ਭਗਤੀ ਅਤੇ ਸੇਵਾ ਦੀ ਪ੍ਰੀਖਿਆ ਲੈਣ ਤੋਂ ਬਾਅਦ ਗੁਰਗੱਦੀ ਦੇਣ ਦਾ ਫੈਸਲਾ ਕੀਤਾ।

ਸੱਚੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਬਾਉਲੀ ਸਾਹਿਬ ਬਣਾਉਣ ਦਾ ਕੰਮ ਅਰੰਭਿਆ। ਉਹ ਆਪ ਸਾਰਾ ਦਿਨ ਉੱਥੇ ਰਹਿ ਕੇ ਸੇਵਾ ਤਾਂ ਕਰਦੇ ਹੀ ਸਨ, ਅਤੇ ਨਾਲ ਨਾਲ ਸਾਰੀ ਨਿਗਰਾਨੀ ਵੀ ਕਰਦੇ। ਇੱਕ ਦਿਨ ਉਨ੍ਹਾਂ ਨੇ ਆਪਣੇ ਸਿੱਖਾਂ ਸੇਵਕਾਂ ਅਤੇ ਦੋਵੇਂ ਜਵਾਈਆਂ ਜੇਠਾ ਜੀ ਅਤੇ ਰਾਮ ਜੀ ਨੂੰ ਬੁਲਾ ਕੇ ਇੱਕ ਦਿਨ ਥੜ੍ਹਾ ਬਣਾਉਣ ਦਾ ਕੰਮ ਸੌਂਪਿਆ। ਰੋਜ਼ ਥੜ੍ਹਾ ਬਣਾਇਆ ਜਾਂਦਾ ਅਤੇ ਸ੍ਰੀ ਗੁਰੂ ਅਮਰਦਾਸ ਜੀ ਕੋਈ ਨਾ ਕੋਈ ਨੁਕਸ ਲੱਭ ਕੇ ਸ਼ਾਮ ਨੂੰ ਥੜ੍ਹਾ ਤੁੜਵਾ ਦਿੰਦੇ ਅਤੇ ਹੋਰ ਨਵਾਂ ਥੜ੍ਹਾ ਬਣਾਉਣ ਦੀ ਆਗਿਆ ਦਿੰਦੇ। ਸਾਰੇ ਸਿੱਖ ਸੇਵਕ ਮੈਦਾਨ ਛੱਡ ਕੇ ਪਾਸੇ ਹੋ ਗਏ, ਉਨ੍ਹਾਂ ਨੇ ਥੜ੍ਹਾ ਬਣਾਉਣ ਦੀ ਅਸਮਰੱਥਾ ਪ੍ਰਗਟ ਕੀਤੀ। ਇੱਕੋ ਤਕ ਕੇ ਉਨ੍ਹਾਂ ਦੇ ਵੱਡੇ ਜਵਾਈ ਨੇ ਵੀ ਆਪਣੇ ਹਥਿਆਰ ਛੱਡ ਦਿੱਤੇ। ਸ੍ਰੀ ਜੇਠਾ ਜੀ ਮੈਦਾਨ ਵਿੱਚ ਉਦੋਂ ਤਕ ਡਟੇ ਰਹੇ, ਜਦੋਂ ਤਕ ਸ੍ਰੀ ਗੁਰੂ ਅਮਰਦਾਸ ਜੀ ਦੀ ਰਜ਼ਾ ਅਨੁਸਾਰ ਥੜ੍ਹਾ ਨਾ ਬਣ ਗਿਆ। ਇੱਕ ਦਿਨ ਜੇਠੇ ਨੂੰ ਇੱਕਲਿਆਂ ਵੇਖ ਕੇ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ,''ਜੇਠਿਆ, ਜਦ ਹੋਰ ਸਾਰੇ ਸੇਵਕ ਥੜ੍ਹਾ ਬਣਾਉਣ ਤੋਂ ਥੱਕ ਕੇ ਹਟ ਗਏ ਸਨ ਤਾਂ ਤੂੰ ਕਿਉਂ ਨਹੀਂ ਹਟਿਆ ?'' ਜੇਠੇ ਨੇ ਹੱਥ ਜੋੜ ਕੇ ਬੇਨਤੀ ਕੀਤੀ,''ਸੱਚੇ ਪਾਤਸ਼ਾਹ ਹੋਰਨਾਂ ਨੂੰ ਤਾਂ ਹੋਰ ਪਾਸੇ ਜਾਣਾ ਹੋਵੇਗਾ, ਪਰ ਮੇਰਾ ਤਾਂ ਤੇਰੇ ਤੋਂ ਬਿਨਾ ਹੋਰ ਕੋਈ ਥਾਂ ਹੀ ਨਹੀਂ। ਮੈਂ ਹੋਰ ਕਿੱਥੇ ਜਾਵਾਂ ?'' ਗੁਰੂ ਜੀ ਜੇਠਾ ਜੀ ਦੇ ਮੂੰਹੋਂ ਇਹੀ ਵਾਕ ਕਢਵਾਉਣਾ ਚਾਹੁੰਦੇ ਸਨ, ਹੁਕਮ ਦਿੱਤਾ,''ਭਾਈ ਤੇਰਾ ਨਾਮ ਅੱਜ ਤੋਂ ਰਾਮਦਾਸ ਕਰ ਕੇ ਸੱਦਿਆ ਜਾਵੇਗਾ। ਤੈਨੂੰ ਸਵੇਰੇ ਨਵੇਂ ਬਸਤਰ ਪਹਿਨ ਕੇ ਦੀਵਾਨ ਵਿੱਚ ਆਉਣਾ ਹੋਵੇਗਾ''। ਸੇਵਕ ਨੇ ਆਪਣੇ ਗੁਰੂ ਦੀਆਂ ਅਥਾਹ ਖੁਸ਼ੀਆਂ ਪ੍ਰਾਪਤ ਕਰ ਲਈਆਂ, ਅਤੇ ਕ੍ਰਿਤ ਕ੍ਰਿਤਯ ਹੋ ਗਏ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ–

*ਹਮ ਤਨ ਮਨ ਗੁਰੂ ਕੋ ਅਰਪੀਆ।*
*ਫਰਜ਼ ਹੁਕਮ ਮਾਨਨੁ ਮਮ ਜੀਆ।*
*ਏਕ ਜਨਮ ਕਿਆ ਜਨਮ ਅਪਾਰਾ।*
*ਜੋ ਗੁਰੁ ਦਹੈ ਦਹੈ ਸੋ ਦਾਰਾ।*

ਜਿਥੇ ਬੀਬੀ ਭਾਨੀ ਜੀ ਆਪਣੇ ਪਿਤਾ ਦੇ ਆਲੌਕਿਕ ਪ੍ਰੋਗ੍ਰਾਮਾਂ ਤੋਂ ਮਨ ਹੀ ਮਨ ਪ੍ਰਸੰਨ ਹੋ ਰਹੇ ਸਨ ਉੱਥੇ ਸਾਰੇ ਨਿਕਟਵਰਤੀ ਹੈਰਾਨ ਤੇ ਪ੍ਰੇਸ਼ਾਨ ਹੋ ਰਹੇ ਸਨ। ਸਭਨਾਂ ਸਿੱਖਾਂ ਸੇਵਕਾਂ ਨੂੰ ਉਸ ਵਕਤ ਪਤਾ ਲੱਗਾ ਜਦ ਗੁਰੂ ਅਮਰਦਾਸ ਜੀ ਨੇ ਆਪਣੇ ਪੋਤਰੇ ਸ੍ਰੀ ਸੁੰਦਰ ਜੀ ਨੂੰ ਬੁਲਾ ਕੇ ਆਪਣੇ ਉੱਤਮ ਉਪਦੇਸ਼ (ਸੱਦ) ਲਿਖਣ ਬਾਬਤ ਹੁਕਮ ਕੀਤਾ ਅਤੇ ਕੇਸੋ ਗੁਪਾਲ

ਪੰਡਿਤ ਨੂੰ ਸੱਦ ਕੇ ਹਰਿ ਕਥਾ ਕਰਨ, ਅਤੇ ਫੁੱਲ ਹਰਿ ਸਰਿ ਪਾਉਣ ਦੀ ਤਾਕੀਦ ਕੀਤੀ ਕਿ-

**ਮਤ ਮੈ ਪਿਛੈ ਕੋਈ ਰੋਵਸੀ।।**

ਏਸੇ ਸੰਦਰਭ ਵਿੱਚ ਸ੍ਰੀ ਮੋਹਰੀ ਪੁੱਤਰ ਨੂੰ ਸੰਗਤ ਵਿੱਚ ਸੱਦ ਕੇ ਆਪਣੀ ਹਜ਼ੂਰੀ ਵਿੱਚ, ਆਪਣੇ ਥਾਂ ਗੁਰਗੱਦੀ ਤੇ ਨਿਯੁਕਤ ਕਰਨ ਵਾਲੇ ਸਤਿਗੁਰੂ ਰਾਮਦਾਸ ਜੀ ਨੂੰ ਸਤਿਕਾਰ ਪੂਰਵਕ ਮੱਥਾ ਟੇਕਣ ਦਾ ਹੁਕਮ ਦਿੱਤਾ। ਜਿਹਾ ਕਿ-

**ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ।**

ਤੇ ਜਿੱਥੇ,

**ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ।**

ਇਸ ਤਰ੍ਹਾਂ ਉਪਰੋਕਤ ਜੁਗਤੀ ਤੇ ਮਰਯਾਦਾ ਅਨੁਸਾਰ ਸ੍ਰੀ ਨਾਨਕ ਰਾਜ ਦੇ ਚੌਥੇ ਉਤ੍ਰਾਧਿਕਾਰੀ ਦੇ ਥਾਂ ਸ੍ਰੀ ਸਤਿਗੁਰੂ ਰਾਮਦਾਸ ਜੀ ਨੂੰ ਸਥਾਪਿਤ ਕਰਕੇ ਗੋਇੰਦਵਾਲ ੧੬੩੮ ਸੰਮਤ, ਤਿਥੀ, ਭਾਦੋਂ, ਸੁਦੀ ਤੀਜ ਨੂੰ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ।

ਇਸ ਤਰ੍ਹਾਂ ਬੀਬੀ ਭਾਨੀ ਜੀ ਨੇ ਆਪਣੇ ਪੂਜਯ ਪਿਤਾ ਸਤਿਗੁਰੂ ਜੀ ਦੀ ਸੇਵਾ ਤਾਂ ਕੀਤੀ ਹੀ ਸੀ, ਇਸ ਦੇ ਨਾਲ ਹੀ ਉਨ੍ਹਾਂ ਨੇ ਹੁਣ ਪਤੀ ਦੇ ਹੁਕਮਾਂ ਦੀ ਪਾਲਣਾ, ਇੱਕ ਪਤੀਬ੍ਰਤਾ ਆਦਰਸ਼ ਨਾਰੀ ਦੀ ਤਰ੍ਹਾਂ ਕਰਨੀ ਅਰੰਭ ਕਰ ਦਿੱਤੀ। ਪਹਿਲਾਂ ਵਾਂਗ ਹੀ ਆਪ ਜੀ ਆਈ ਸੰਗਤ ਦੀ ਸੇਵਾ ਹਰ ਪ੍ਰਕਾਰ ਨਾਲ ਕਰਦੇ ਅਤੇ ਖੁਸ਼ੀਆਂ ਵੰਡਦੇ ਰਹਿੰਦੇ ਅਤੇ ਉਨ੍ਹਾਂ ਨੂੰ ਨਿਹਾਲ ਕਰਦੇ। ਆਪਣੇ ਪਿਤਾ ਜੀ ਕੋਲੋਂ ਵਰਦਾਨ ਦੀ ਪ੍ਰਾਪਤੀ ਕਰ ਕੇ ਬੀਬੀ ਜੀ ਧੰਨ ਧੰਨਯ ਹੋ ਗਏ ਸਨ, ਇਸ ਦੇ ਨਾਲ ਹੀ ਉਨ੍ਹਾਂ ਦੇ ਸੁਪੁੱਤ੍ਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਕੋਲੋਂ ਬਚਪਨ ਵਿੱਚ ਹੀ ਵਰਦਾਨ ਪ੍ਰਾਪਤ ਕਰ ਲਿਆ ਸੀ।

ਜਿੱਥੇ ਸ੍ਰੀ ਗੁਰੂ ਅਮਰਦਾਸ ਜੀ ਇੱਕਾਂਤ ਵਿੱਚ ਬਹਿ ਕੇ ਭਜਨ ਕਰਦੇ ਸਨ, ਉੱਥੇ ਵਾਤਾਵਰਨ ਬਹੁਤ ਸ਼ਾਂਤਮਈ ਹੁੰਦਾ। ਬੀਬੀ ਭਾਨੀ ਜੀ ਇਸ ਗੱਲ ਦਾ ਪੂਰੀ ਤਰ੍ਹਾਂ ਖਿਆਲ ਰੱਖਦੇ ਕਿ ਕੋਈ ਵੀ ਬੱਚਾ ਉਨ੍ਹਾਂ ਦੇ ਨੇੜੇ ਨਾ ਜਾਵੇ ਅਤੇ ਉਨ੍ਹਾਂ ਦੀ ਸਮਾਧੀ ਅਤੇ ਭਜਨ ਬੰਦਗੀ ਵਿੱਚ ਕਿਸੇ ਕਿਸਮ ਦਾ ਵਿਘਨ ਨਾ ਪਾਵੇ। ਇੱਕ ਦਿਨ ਸੁਤੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਬਹੁਤ ਛੋਟੀ ਆਯੂ ਦੇ ਸਨ, ਅਡੋਲ ਹੀ ਖੇਡਦੇ ਖੇਡਦੇ ਸ੍ਰੀ ਗੁਰੂ ਅਮਰਦਾਸ ਜੀ ਦੀ ਚਾਰਪਾਈ, ਜਿਸ ਉੱਤੇ ਬਹਿ ਕੇ ਉਹ ਭਜਨ ਬੰਦਗੀ ਕਰ ਰਹੇ ਸਨ, ਜਾ ਕੇ ਫੜ ਕੇ ਖਲੋ ਗਏ. ਉਸ ਚਾਰਪਾਈ ਉੱਤੇ ਚੜ੍ਹਨ

ਦਾ ਵੀ ਉਪਰਾਲਾ ਕੀਤਾ। ਬੀਬੀ ਭਾਨੀ ਜੀ ਨੇ ਜਦੋਂ ਵੇਖਿਆ, ਤਾਂ ਉਨ੍ਹਾਂ ਨੂੰ ਇਹ ਚੰਗਾ ਨਾ ਲੱਗਾ। ਉਹ ਪਿਤਾ ਜੀ ਦੀ ਸਮਾਧੀ ਅੰਦਰ ਵਿਘਨ ਪੈ ਜਾਣ ਕਰਕੇ ਭੈ ਭੀਤ ਹੋ ਗਏ। ਇਸ ਦੇ ਵਿਪਰੀਤ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਦੋਹਤੇ ਉੱਤੇ ਭਰਪੂਰ ਖੁਸ਼ੀਆਂ ਦੇ ਖਜ਼ਾਨੇ ਉਡੇਲ ਦਿੱਤੇ ਅਤੇ ਉਸ ਨੂੰ ਵਰਦਾਨ ਦਿੱਤਾ।

ਭਾਨੀ ਜੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਝਿੜਕ ਕੇ ਉਥੋਂ ਲੈ ਜਾਣਾ ਚਾਹੁੰਦੇ ਸਨ, ਪਰ ਸ੍ਰੀ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਬਾਣੀ ਦਾ ਬੋਹਿਥਾ ਹੋਣ ਦਾ ਵਰਦਾਨ ਦੇ ਦਿੱਤਾ। ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿੱਚ ਇਸ ਘਟਨਾ ਦਾ ਵਰਣਨ ਇਨ੍ਹਾਂ ਸ਼ਬਦਾਂ ਵਿੱਚ ਕਰਦੇ ਹਨ-

*ਨਹਿਂ ਲੇ ਜਾਹੁ ਰਹਿਨ ਦਿਹੁ ਖਰਯੋ।*
*ਜੁਗ ਕਰਿ ਸੌਗੁਰ ਗਹਿਬੋ ਦਰਯੋ।*
*ਊਪਰ ਦੋ ਉਠਾਇ ਤਬਿ ਤੋਲਯੋ।*
*ਗਰੁਵ ਤਾਰ ਲਖ ਸ੍ਰੀ ਮੁਖ ਬੋਲਯੋ।*
*ਭਾਰੀ ਗੁਰ ਜਗ ਮਹਿ ਬਿਦਤੈਂ ਹੈ।*
*ਬਾਣੀ ਕੋ ਬੋਇੱਕ ਬਡ ਰਵੈ ਹੈਸ।*

ਇਸ ਤਰ੍ਹਾਂ ਬੀਬੀ ਭਾਨੀ ਜੀ ਦੇ ਤੀਸਰੇ ਪੁੱਤਰ ਨੇ ਆਪਣੇ ਬਾਲਪਨ ਵਿੱਚ ਹੀ, ਆਪਣੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਕੋਲੋਂ ਦੋਵੇਂ ਵਰ ਪ੍ਰਾਪਤ ਕਰ ਕੇ, ਉੱਥੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਤੇ ਪੰਜਵੇਂ ਉਤ੍ਰਾਧਿਕਾਰੀ ਹੋ ਕੇ ਸੁਸ਼ੋਭਿਤ ਹੋਏ ਅਤੇ ਉਨ੍ਹਾਂ ਦੇ ਵਰ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਕੇ ਦੋਹਿਤਾ ਬਾਣੀ ਕਾ ਬੋਹਿਥਾ ਦੇ ਵਰਦਾਨ ਨੂੰ ਸਾਕਾਰ ਕਰ ਦਿੱਤਾ।

ਇੱਕ ਵਾਰੀ ਅਕਬਰ ਬਾਦਸ਼ਾਹ ਲਹੌਰ ਜਾ ਰਿਹਾ ਸੀ ਕਿ ਰਸਤੇ ਵਿੱਚ ਗੋਇੰਦਵਾਲ ਵਿਖੇ ਸ੍ਰੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਰੁਕ ਗਿਆ। ਉਨ੍ਹਾਂ ਨੇ ਉੱਥੇ ਲੰਗਰ ਛਕਿਆ ਅਤੇ ਗੁਰੂ ਜੀ ਦਾ ਸਾਰਾ ਪ੍ਰਬੰਧ ਆਦਿ ਵੇਖ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ। ਉਸ ਦਾ ਜੀਅ ਕੀਤਾ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿੱਚ ਕੁਝ ਭੇਟਾ ਕੀਤੀ ਜਾਵੇ ਪਰ ਸ੍ਰੀ ਗੁਰੂ ਅਮਰਦਾਸ ਜੀ ਨੇ ਭੇਟਾ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਇਹ ਕਿਹਾ ਕਿ ਉਨ੍ਹਾਂ ਦੇ ਮਾਲਕ ਅਕਾਲ ਪੁਰਖ ਨੇ ਉਨ੍ਹਾਂ ਨੂੰ ਸਭ ਕੁਝ ਦਿੱਤਾ ਹੋਇਆ ਹੈ, ਉੱਥੇ ਕਿਸੇ ਕਿਸਮ ਦੀ ਘਾਟ ਨਹੀਂ। ਇਸੇ ਕਰ ਕੇ ਉਨ੍ਹਾਂ ਨੂੰ ਕਿਸੇ ਚੀਜ਼, ਵਸਤੂ, ਮਾਇਆ ਦੀ ਕੋਈ ਲੋੜ ਨਹੀਂ। ਪਰ ਅਕਬਰ ਦਾ ਫਿਰ ਵੀ ਬਹੁਤ ਦਿਲ ਕਰਦਾ ਹੈ ਕਿ ਉਹ ਕਿਸੇ ਨਾ ਕਿਸੇ ਰੂਪ ਵਿੱਚ ਭੇਟਾ ਦੇ ਕੇ ਹੀ ਜਾਵੇ। ਬੀਬੀ ਭਾਨੀ ਉਨ੍ਹਾਂ ਦੀ ਆਪਣੀ ਸੁਪੁੱਤ੍ਰੀ

ਵਾਂਗ ਹੀ ਸਨ. ਪੁੱਤ੍ਰੀ ਤਾਂ ਆਪਣੇ ਪਿਤਾ ਕੋਲੋਂ ਭੇਟ ਲੈ ਹੀ ਸਕਦੀ ਹੈ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਇਸ ਦਾ ਵਰਣਨ ਇਸ ਪ੍ਰਕਾਰ ਕਰ ਰਹੇ ਸਨ-

*ਪਟਾ ਨ ਲੈਣਾ ਫਟਾ ਗੁਰੂ ਤਬ ਸਰਿ ਭਾਨੀ ਦੋ ਦੀਓ।*
*ਕਰਿਓ ਗੁਰੂ ਪ੍ਰਤਿ ਸੁਤਾ ਜੈਸ ਤੁਵ ਤੈਸ ਸੁਤਾ ਮਮ ਇਹੈ।*

ਇਸ ਤਰ੍ਹਾਂ ਅਕਬਰ ਨੇ ਬੀਬੀ ਭਾਨੀ ਨੂੰ ਚੌਰਾਸੀ ਪਿੰਡ ਆਪਣੀ ਸੁਪੁੱਤ੍ਰੀ ਜਾਣ ਕੇ ਦਿੱਤੇ ਅਤੇ ਇਹ ਪਿੰਡ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿੱਚ ਸੌਂਪ ਦਿੱਤੇ। ਬੀਬੀ ਭਾਨੀ ਜੀ ਕੋਈ ਸਾਧਾਰਨ ਇਸਤ੍ਰੀ ਨਹੀਂ ਸਨ। ਉਹ ਤਾਂ ਇੱਕ ਦਲੇਰ, ਨਿਰਭੈ, ਨਿਡਰ, ਅਸਾਧਾਰਨ ਸਨ। ਉਹ ਸਮਾਜ ਦੇ ਘਿਸੇ ਪਿਟੇ ਰਿਵਾਜ਼ਾਂ ਨੂੰ ਜਿਉਂ ਦਾ ਤਿਉਂ ਨਹੀਂ ਸਨ ਅਪਣਾਉਂਦੇ। ਉਹ ਤਾਂ ਉਨ੍ਹਾਂ ਵਿੱਚ ਸੁਧਾਰ ਕਰ ਲੈਂਦੇ ਅਤੇ ਲੋੜਾਂ ਅਨੁਸਾਰ ਅਦਲਾ ਬਦਲੀ ਕਰ ਲੈਂਦੇ। ਆਮ ਤੌਰ ਤੇ ਇਹ ਰਿਵਾਇਤ ਹੈ ਕਿ ਵਿਆਹ ਤੋਂ ਉਪਰੰਤ ਕੁੜੀਆਂ ਸਹੁਰੇ ਘਰ ਹੀ ਰਹਿੰਦੀਆਂ ਹਨ, ਪਰ ਇਸ ਬੀਬੀ ਨੇ ਸੇਵਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ, ਆਪਣੇ ਪੇਕੇ ਘਰ, ਆਪਣੇ ਪਿਤਾ ਜੀ ਦੀ ਸ਼ਰਨ ਵਿੱਚ ਰਹਿਣਾ ਸ੍ਵੀਕਾਰ ਕੀਤਾ। ਕਿਉਂਕਿ ਜੇਕਰ ਉਹ ਦੂਰ ਰਹਿੰਦੇ ਤਾਂ, ਫਿਰ ਉਨ੍ਹਾਂ ਦੀ ਸੇਵਾ ਅਧੂਰੀ ਰਹਿ ਜਾਂਦੀ। ਉਹ ਹੋਰ ਵੀ ਖੁਸ਼ਕਿਸਮਤ ਤੇ ਵਡਭਾਗੀ ਸਨ ਕਿ ਇਸ ਗੱਲ ਨੂੰ ਨੇਪਰੇ ਚੜ੍ਹਾਉਣ ਵਿੱਚ ਉਨ੍ਹਾਂ ਦੇ ਪਤੀ ਜੇਠਾ ਜੀ ਨੇ ਵੀ ਉਨ੍ਹਾਂ ਨੂੰ ਨਹੀਂ ਰੋਕਿਆ, ਇਸ ਸੇਵਾ ਦੇ ਵਿੱਚ, ਆਪਣੀ ਸੁਪਤਨੀ ਦਾ ਹੱਥ ਵੰਡਾਉਣ ਵਿੱਚ ਉਹ ਵੀ ਪਿੱਛੇ ਨਾ ਰਹੇ ਸਗੋਂ ਉਹ ਉਨ੍ਹਾਂ ਦੇ ਸਹਿਯੋਗੀ ਵੀ ਬਣੇ। ਕਿੰਨੇ ਵਡਭਾਗੀ ਸਨ ਬੀਬੀ ਜੀ ! ਕਿ ਉਨ੍ਹਾਂ ਨੂੰ ਪੂਜਯ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਦਾਦੀ ਬਣਨ ਦਾ ਵੀ ਸ਼ੁਭ ਅਵਸਰ ਪ੍ਰਾਪਤ ਹੋਇਆ। ਉਨ੍ਹਾਂ ਨੇ ਆਪਣੇ ਪੂਜਯ ਮਾਤਾ ਪਿਤਾ ਦਾ ਲਾਲਨ ਪਾਲਨ ਤੇ ਦੁਲਾਰ ਦਾ ਆਨੰਦ ਮਾਣਿਆ, ਆਪਣੇ ਪਿਤਾ ਲਈ ਭਗਤੀ ਅਤੇ ਸੇਵਾ ਕਰਨ ਵਿੱਚ ਕੋਈ ਕਸਰ ਨਾ ਛੱਡੀ ਤੇ ਇੱਕ ਆਦਰਸ਼ ਸੁਪੁੱਤ੍ਰੀ ਬਣ ਗਏ। ਬੀਬੀ ਜੀ ਨੇ ਆਪਣੇ ਪੂਜਯ ਪਤੀ ਦੇ ਹੁਕਮਾਂ ਅਨੁਸਾਰ ਚਲ ਕੇ, ਆਪਣੇ ਪਤੀ ਗੁਰੂ ਜੀ ਦੀਆਂ ਅਸੀਮ ਅਪਾਰ ਖੁਸ਼ੀਆਂ ਪ੍ਰਾਪਤ ਕਰ ਕੇ, ਇੱਕ ਆਦਰਸ਼ ਸੁਪੱਤਨੀ ਬਣ ਗਏ, ਆਪਣੇ ਪਿਤਾ ਗੁਰੂ, ਪਤੀ ਗੁਰੂ ਜੀ ਦੇ ਸਿਧਾਤਾਂ ਅਨੁਸਾਰ ਆਪਣੇ ਸਪੁੱਤ੍ਰਾਂ ਦਾ ਜੀਵਨ ਢਾਲ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਦਰਸ਼ ਮਾਤਾ ਦੇ ਰੂਪ ਵਿੱਚ ਸਾਹਮਣੇ ਆਏ ਅਤੇ ਆਪਣੇ ਪਿਆਰੇ ਪੋਤਰੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਚਪਨ ਵਿੱਚ ਲੋਰੀਆਂ ਰਾਹੀ ਗੁਰਮਤਿ ਦੀ ਸਿੱਖਿਆ ਦੇ ਕੇ ਗੁਰੂ ਪੋਤਰੇ ਦੀ ਆਦਰਸ਼ ਦਾਦੀ ਬਣੇ।

ਇਸ ਤਰ੍ਹਾਂ ਬੀਬੀ ਭਾਨੀ ਜੀ ਨੇ ਇੱਕ ਆਦਰਸ਼ਮਈ, ਉਚਾ ਸੁੱਚਾ ਅਤੇ ਗੌਰਵਮਈ ਜੀਵਨ ਬਤੀਤ ਕਰਕੇ, ਸ੍ਰੀ ਸਤਿਗੁਰਾਂ ਜੀ ਦੇ ਸਮੀਪ ਰਹਿ ਕੇ, ਪੁੱਤ੍ਰੀ, ਪਤਨੀ, ਮਾਤਾ ਅਤੇ ਦਾਦੀ ਦੇ ਰੂਪ ਵਿੱਚ ਨੇੜਤਾ ਪ੍ਰਾਪਤ ਕਰਕੇ ਉਨ੍ਹਾਂ ਦੀਆਂ ਅਸੀਮ, ਅਪਾਰ ਖੁਸ਼ੀਆਂ ਬਖਸ਼ਸ਼ਾਂ ਪ੍ਰਾਪਤ ਕਰ ਕੇ, ਆਪਣੇ ਜੀਵਨ ਦੇ ਪਲ ਸਾਰਥਕ ਕੀਤੇ। ਉਨ੍ਹਾਂ ਦਾ ਨਾਮ ਹੋਠਾਂ ਤੇ ਆਉਂਦਿਆਂ ਹੀ ਕਰ ਬੱਧ ਹੋ ਕੇ, ਨਤਮਸਤਕ ਹੋ ਕੇ ਆਪ ਮੁਹਾਰੇ ਇਹ ਸ਼ਬਦ ਨਿਕਲਦੇ ਹਨ–ਧੰਨ ਮਾਤਾ ਭਾਨੀ ਜੀ ! ਧੰਨ ਹਨ ਆਪ ਜੀ ਦੇ ਉੱਚੇ ਆਦਰਸ਼ ! ਧੰਨ ਹੈ ਆਪ ਜੀ ਦਾ ਜੀਵਨ। ਬੀਬੀ ਭਾਨੀ ਜੀ ਨੂੰ ਧੰਨ ਧੰਨ ਕਰਦਿਆਂ, ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਉੱਤੇ ਚਲ ਕੇ ਆਪਣੇ ਜੀਵਨ ਨੂੰ ਸਫਲ ਬਣਾਈਏ ਅਤੇ ਪਲ ਪਲ ਸਾਰਥਕ ਕਰੀਏ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਫੁਰਮਾਏ ਹੋਏ ਬਚਨ ਇੰਨ ਬਿੰਨ ਬੀਬੀ ਭਾਨੀ ਜੀ ਤੇ ਢੁੱਕਦੇ ਹਨ-

ਸਾ ਗੁਣਵੰਤੀ ਸਾ ਵਡਭਾਗਣਿ।।
ਪੁਤ੍ਰਵੰਤੀ ਸੀਲਵੰਤਿ ਸੋਹਾਗਣਿ।।
ਰੂਪਵੰਤਿ ਸਾ ਸੁਘੜਿ ਬਿਚਖਣਿ
ਜੋ ਧਨ ਕੰਤ ਪਿਆਰੀ ਜੀਉ।।
ਅਚਾਰਵੰਤਿ ਸਾਈ ਪਰਧਾਨੇ।।
ਸਭ ਸਿੰਗਾਰ ਬਣੇ ਤਿਸੁ ਗਿਆਨੇ।।
ਸਾ ਕੁਲਵੰਤੀ ਸਾ ਸਭਰਾਈ
ਜੋ ਪਿਰਿ ਕੈ ਰੰਗਿ ਸਵਾਰੀ ਜੀਉ।।

ੴ

# 11

# ਮਾਤਾ ਜੀਵਨ ਕੌਰ ਜੀ

## *ਨਵ ਨਿਧੀ ਅਠਾਰਹ ਸਿਧੀ*
## *ਪੀਛੈ ਲਗੀਆ ਫਿਰਹਿ*

ਸੇਵਾ ਦੀ ਪੁੰਜ, ਨਿਮ੍ਰਤਾ ਤੇ ਤਿਆਗ ਦੀ ਪ੍ਰਤਿਮਾ, ਸਨੇਹ ਤੇ ਮਮਤਾ ਦਾ ਅਥਾਹ ਭੰਡਾਰ, ਸਾਦਗੀ ਤੇ ਸ਼ਾਂਤੀ ਦੀ ਮੂਰਤ, ਉੱਚ ਅਧਿਆਤਮਕ ਸਿਖਰਾਂ ਦੀ ਪ੍ਰਾਪਤ ਕਰਤਾ, ਰਿਧੀਆਂ-ਸਿੱਧੀਆਂ ਦੀ ਮਲਿਕਾ, ਨਿਰਭੈ, ਨਿਡਰ, ਦਲੇਰ, ਪਰਮ ਪੂਜਨੀਕ ਜਗਤ ਮਾਤਾ ਜੀਵਨ ਕੌਰ ਦੇ ਨਾਮ ਤੋਂ ਸਾਰਾ ਸਿੱਖ ਜਗਤ ਪਰਿਚਿਤ ਹੈ। ਮਾਤਾ ਜੀ ਦਾ ਅਵਤਾਰ ੧੯੧੬ (ਸੰਨ ੧੮੬੦) ਬਿਕ੍ਰਮੀ ਚੇਤ ਦੇ ਮਹੀਨੇ ਵਿੱਚ ਹਿਸਾਰ ਦੇ ਪਿੰਡ ਥਰਾਜ ਵਿਖੇ ਹੋਇਆ। ਆਪ ਜੀ ਦੇ ਪਿਤਾ ਸ੍ਰ: ਖੁਸ਼ਹਾਲ ਸਿੰਘ ਤੇ ਮਾਤਾ ਭਾਗਭਰੀ ਜੀ ਸਨ। ਆਪ ਜੀ ਦੀ ਛੋਟੀ ਭੈਣ ਆਪ ਜੀ ਤੋਂ ਚਾਰ ਪੰਜ ਸਾਲ ਛੋਟੀ ਸੀ, ਤੇ ਇੱਕ ਭਰਾ ਜਿਸਦਾ ਨਾਮ ਚੂਹੜ ਸਿੰਘ ਸੀ, ਆਪ ਜੀ ਤੋਂ ਵੱਡੇ ਸਨ। ਆਪ ਜੀ ਦੇ ਪਿਤਾ ਸ: ਖੁਸ਼ਹਾਲ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਭਜਨ ਪੁੱਛਿਆ ਹੋਇਆ ਸੀ। ਜਿਸ ਦਿਨ ਖੁਸ਼ਹਾਲ ਸਿੰਘ ਜੀ ਨੇ ਭਜਨ ਪੁੱਛਿਆ, ਉਸੇ ਦਿਨ ਹੀ ਸਤਿਗੁਰੂ ਜੀ ਨੇ ਆਪ ਜੀ ਨੂੰ ਸੂਬਾ ਥਾਪ ਦਿੱਤਾ।

ਆਪ ਜੀ ਦੇ ਪਿਤਾ ਸੱਚੇ ਪਾਤਸ਼ਾਹ ਜੀ ਦੀਆਂ ਅਪਾਰ ਖੁਸ਼ੀਆਂ ਦੇ ਪਾਤਰ ਸਨ, ਇਸ ਕਰਕੇ ਜਦੋਂ ਕਦੇ ਵੀ ਸਤਿਗੁਰੂ ਜੀ ਦਾ ਦੌਰਾ ਇਸ ਪਾਸੇ ਲਗਦਾ, ਆਪ ਜੀ ਦੇ ਘਰ ਚਰਨ ਪਾ ਕੇ ਖੁਸ਼ੀਆਂ ਬਖਸ਼ਦੇ। ਆਪ ਜੀ ਵੀ ਸ੍ਰੀ ਭੈਣੀ ਸਾਹਿਬ ਜਾ ਕੇ ਅਨੇਕਾਂ ਵਾਰੀ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਦੇ। ਇਕ ਵਾਰੀ ਸੂਬਾ ਜੀ ਆਪਣੇ ਨਾਲ ਆਪਣੀਆਂ ਦੋਹਾਂ ਬੱਚੀਆਂ (ਮਾਤਾ ਜੀਵਨ ਕੌਰ ਜੀ ਤੇ ਫਤਹਿ ਕੌਰ ਜੀ) ਨੂੰ ਨਾਲ ਲੈ ਕੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਗਏ। ਉਥੇ ਜਾ ਕੇ ਦੋਵੇਂ ਭੈਣਾ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਿਰ ਹੋਈਆਂ ਤਾਂ ਮਾਤਾ ਫਤਹਿ ਕੌਰ ਜੀ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇਹ ਸ਼ਬਦ ਪੜ੍ਹਿਆ।

**ਤੁਧੁ ਧਿਆਇਨਿ ਬੇਦ ਕਤੇਬਾ ਸਣੁ ਖੜੇ।।**
**ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ।।**
**ਬ੍ਰਹਮੇ ਤੁਧੁ ਧਿਆਇਨਿ ਇੰਦ੍ਰ ਇੰਦ੍ਰਾਸਣਾ।।**

**ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ।।**
**ਪੀਰ ਪਿਕਾਬਰ ਸੇਖ ਮਸਾਇਕ ਅਉਲੀਏ।।**
**ਕੂੜਹੁ ਕਰੇ ਵਿਣਾਸੁ ਧਰਮੇ ਤਗੀਐ।।**
**ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ।।**

ਇਹ ਸ਼ਬਦ ਸੁਣ ਸਤਿਗੁਰੂ ਜੀ ਅਤਿ ਪ੍ਰਸੰਨ ਹੋਏ ਤੇ ਦੋਹਾਂ ਨੂੰ ਆਪਣੇ ਪਵਿੱਤਰ-ਹਸਤ ਕੰਵਲਾਂ ਨਾਲ ਸੰਤਰਿਆਂ ਦਾ ਪ੍ਰਸ਼ਾਦ ਦਿੱਤਾ। ਮਾਤਾ ਜੀਵਨ ਕੌਰ ਦੇ ਸਿਰ ਤੇ ਹੱਥ ਰੱਖ ਕੇ ਇਹ ਵਰ ਦਿੱਤਾ ਕਿ ਇਹ ਜਗਤ ਮਾਤਾ ਹੋਵੇਗੀ ਤੇ ਦੋਹਾਂ ਨੂੰ ਹੁਕਮ ਦਿੱਤਾ ਦੋਵੇਂ ਭੈਣਾਂ ਪੜ੍ਹਿਆ ਕਰੋ ਅਤੇ ਇਕੱਠੀਆਂ ਹੀ ਮਿਲ ਕੇ ਰਿਹਾ ਕਰੋ। ਪੁਰਾਣੇ ਜ਼ਮਾਨੇ ਚ ਬੱਚੇ ਬੱਚੀਆਂ ਦਾ ਵਿਆਹ ਛੋਟੀ ਉਮਰ ਵਿੱਚ ਕਰਨ ਦਾ ਆਮ ਰਿਵਾਜ਼ ਸੀ। ਇਸ ਤਰ੍ਹਾਂ ਸੂਬਾ ਖੁਸ਼ਹਾਲ ਸਿੰਘ ਜੀ ਨੇ ਵੀ ਦੋਹਾਂ ਬੱਚੀਆਂ ਦਾ ਵਿਆਹ ਛੋਟੀ ਉਮਰ ਵਿੱਚ ਹੀ ਕਰ ਦਿੱਤਾ।

ਇੱਕ ਦਿਨ ਸਹੁਰੇ ਘਰ ਰਹਿ ਕੇ ਦੂਸਰੇ ਦਿਨ ਸੂਬਾ ਜੀ ਜੀਵਨ ਕੌਰ ਤੇ ਫਤਹਿ ਕੌਰ ਸਹਿਤ ਵਾਪਸ ਆ ਗਏ ਤੇ ਫਿਰ ਦੋਹਾਂ ਭੈਣਾਂ ਨੂੰ ਨਾਨਕੇ ਘਰ ਭੇਜ ਦਿੱਤਾ ਜਿੱਥੇ ਉਨ੍ਹਾਂ ਬੱਚੀਆਂ ਨੇ ਆਪਣੇ ਮਾਮਾ ਹਰਨਾਮ ਸਿੰਘ ਜੀ ਤੋਂ ਗੁਰਮੁਖੀ ਅੱਖਰਾਂ ਦਾ ਗਿਆਨ ਪ੍ਰਾਪਤ ਕੀਤਾ ਤੇ ਦਸ ਸਾਲਾਂ ਦੀ ਆਯੂ ਵਿੱਚ ਮਾਤਾ ਜੀਵਨ ਕੌਰ ਜੀ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਸ਼ੁਰੂ ਕਰ ਦਿੱਤਾ।

ਸਤਿਗੁਰੂ ਹਰੀ ਸਿੰਘ ਜੀ ਦੇ ਮਹਿਲ ਮਾਈ ਸਾਹਿਬ ਕੌਰ ਜੀ ਦੀ ਸਿਹਤ ਕੁਝ ਢਿੱਲੀ ਰਹਿਣ ਲੱਗ ਪਈ। ਸਤਿਗੁਰੂ ਰਾਮ ਸਿੰਘ ਜੀ ਨੇ ਇੱਕ ਸਮੇਂ (ਸਤਿਗੁਰੂ) ਹਰੀ ਸਿੰਘ ਜੀ ਕੋਲੋਂ ਪੁੱਛਿਆ ਕਿ ਤੇਰਾ ਵਿਆਹ ਕਰ ਦਈਏ ? ਸਤਿਗੁਰੂ ਹਰੀ ਸਿੰਘ ਜੀ ਨੇ ਕੋਈ ਉੱਤਰ ਨਾ ਦਿੱਤਾ, ਤੇ ਚੁੱਪੀ ਸਾਧੀ ਰੱਖੀ। ਸਤਿਗੁਰੂ ਰਾਮ ਸਿੰਘ ਜੀ ਨੇ ਉਸ ਵੇਲੇ ਬਚਨ ਕੀਤਾ—ਇੱਕ ਨਹੀਂ ਦੋ ਹੋਣਗੇ। ਉਸ ਤੋਂ ਉਪਰੰਤ ਸਤਿਗੁਰੂ ਰਾਮ ਸਿੰਘ ਜੀ ਨੇ ਸੰਮਤ ੧੯੨੮ (ਸੰਨ ੧੮੭੨) ਵਿੱਚ ਪ੍ਰਦੇਸ਼ ਗਵਨ ਕੀਤਾ। ਮਾਤਾ ਸਾਹਿਬ ਕੌਰ ਜੀ ਦੇ ਸਰੀਰ ਤਿਆਗਣ ਉਪਰੰਤ ਡੇਰੇ ਦੀ ਦੇਖ-ਰੇਖ ਤੇ ਸੰਭਾਲ ਦੀ ਜ਼ਿੰਮੇਵਾਰੀ ਦਾਨ ਸਿੰਘ ਜੀ ਨੇ ਲਈ। ਸਾਰਾ ਖਜ਼ਾਨਾ ਮਾਈ ਗੁਰਦਈ ਖੰਨੇ ਵਾਲੀ ਦੇ ਹੱਥ ਸੌਂਪ ਦਿੱਤਾ ਗਿਆ।

ਇੱਕ ਵਾਰੀ ਬਾਬਾ ਜੱਸਾ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਪੋਤਰੇ ਦੀ ਦਾਤ ਦੀ ਇੱਛਾ ਪ੍ਰਗਟ ਕੀਤੀ। ਸਤਿਗੁਰੂ ਜੀ ਨੇ ਆਪਣੇ ਪੂਜਯ ਪਿਤਾ ਜੀ ਨੂੰ ਉੱਤਰ ਦਿੱਤਾ, ''ਮੇਰੇ ਤਾਂ ਨਹੀਂ, ਪਰ ਬੁੱਧ ਸਿੰਘ ਦੇ ਪੁੱਤਰ ਅਵੱਸ਼ ਹੋਣਗੇ''। ਬਾਬਾ ਜੱਸਾ ਸਿੰਘ ਜੀ ਦੇ ਪੋਤਰਿਆਂ

ਵਾਲੀ ਮੰਗ ਪੂਰੀ ਹੋਣ ਦਾ ਸਮਾਂ ਹੁਣ ਆ ਗਿਆ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਫੁਰਮਾਇਆ ਕਿ ਮੇਰੀ ਇਸ ਵਡੇਰੀ ਉਮਰ ਵਿੱਚ ਕੌਣ ਆਪਣੀਆਂ ਧੀਆਂ ਵਿਆਹੇਗਾ। ਬਾਬੇ ਸ਼ੇਰ ਸਿੰਘ ਜੀ ਮਸਤ ਡਫਰਕੇ ਜ਼ਿਲਾ ਲਾਹੌਰ ਵਾਲਿਆਂ ਨੇ ਕਿਹਾ–ਇੱਕ ਤੇ ਕੀ ਦੋ ਦੋ। ਬਾਬਾ ਜੀ ਆਪਣੀ ਮਸਤ ਬਿਰਤੀ ਵਿੱਚ ਜੋ ਵੀ ਫੁਰਮਾਉਂਦੇ ਉਹ ਹਮੇਸ਼ਾ ਹੀ ਸੱਚ ਹੁੰਦਾ। ਇਹ ਸੱਚ ਹੁਣ ਸਾਖਿਆਤਕਾਰ ਹੁੰਦਾ ਦਿਸਣ ਲੱਗ ਪਿਆ।

ਸਮਾਂ ਬੀਤਦਾ ਗਿਆ, ਦੋਹਾਂ ਬੱਚੀਆਂ ਨੇ ਬਾਲਵਸਥਾ ਵਿੱਚੋਂ ਨਿਕਲ ਕੇ ਜੁਆਨੀ ਦੀ ਦਹਿਲੀਜ਼ ਤੇ ਪੈਰ ਰੱਖਿਆ, ਬੱਚੀਆਂ ਮੁਟਿਆਰ ਹੋ ਗਈਆਂ ਤਾਂ ਮਾਤਾ ਪਿਤਾ ਨੇ ਕੁੜਮਾਂ ਨਾਲ ਸਲਾਹ ਕਰਕੇ ਟੋਰ ਦਿੱਤੀਆਂ। ਸਹੁਰੇ ਘਰ ਅੰਦਰ ਸਭ ਲੋਕ ਖੁਸ਼ੀਆਂ ਮਨਾ ਕੇ ਆਨੰਦ ਮਗਨ ਹੋ ਕੇ ਝੂਮ ਰਹੇ ਸਨ। ਮਦਿਰਾ ਦਾ ਦੌਰ ਚਲ ਰਿਹਾ ਸੀ ਤੇ ਖਾਣ ਵਾਸਤੇ ਵੱਖ-ਵੱਖ ਜਾਨਵਰਾਂ ਦੇ ਮਾਸ ਰਿੱਝ ਰਹੇ ਸਨ। ਮਦਿਰਾ ਤੇ ਮਾਸ ਦੀ ਦੁਰਗੰਧ ਸਾਰੇ ਵਾਤਾਵਰਣ ਵਿੱਚ ਫੈਲ ਰਹੀ ਸੀ। ਨਵ-ਵਿਆਹੁਤਾ ਜੀਊਣ ਕੌਰ ਜੀ ਇਹ ਸਭ ਕੁਝ ਨਾ ਸਹਾਰ ਸਕੇ ਤੇ ਬੇਸੁਰਤ ਹੋ ਗਏ। ਹੋਸ਼ ਆਉਣ ਤੇ ਮਨ ਚਿੰਤਾਤੁਰ, ਵਿਆਕੁਲ ਹੋ ਉਠਿਆ। ਉਸ ਵੇਲੇ ਸਾਹਮਣੇ ਹੋਰ ਕੋਈ ਰਸਤਾ ਵਿਖਾਈ ਨਹੀ ਸੀ ਦੇ ਰਿਹਾ, ਇੱਕੋ ਦੀ ਓਟ ਇਕੋ ਦਾ ਆਸਰਾ। ਇਸ ਲਈ ਆਪਣੇ ਪਿਆਰੇ ਇਸ਼ਟ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਲੱਗੇ ਬੇਨਤੀਆਂ ਕਰਨ, ਅਰਜ਼ੋਈਆਂ ਕਰਨ,''ਐ ਮੇਰੇ ਚੀਨੀ ਵਾਲੇ ਪਾਤਸ਼ਾਹ ਮੇਰੀ ਰੱਖਿਆ ਕਰੋ, ਦ੍ਰੋਪਦੀ ਵਾਂਗ ਮੇਰੀ ਲਾਜ ਬਚਾਓ; ਮੇਰੀ ਸਹਾਇਤਾ ਕਰ; ਮੈਨੂੰ ਇਸ ਨਰਕ ਵਿੱਚੋਂ ਬਾਂਹ ਫੜ ਕੇ ਕੱਢ ਲਵੋ; ਮੈਨੂੰ ਭੱਖ-ਅਭੱਖ ਖਾਣ ਵਾਲਿਆਂ ਤੋਂ ਦੂਰ ਕਰ ਲਉ, ਮੈਂ ਇਹੋ ਜਹੇ ਨਰਕਾਂ ਦੀ ਯਾਤਨਾ ਨਹੀ ਸਹਾਰ ਸਕਦੀ, ਮੈਂ ਇਹੋ ਜਿਹੇ ਦੁਰਗੰਧ ਭਰਪੂਰ ਵਾਤਾਵਰਣ ਵਿੱਚ ਇਕ ਘੜੀ ਭਰ ਵੀ ਸਾਹ ਨਹੀਂ ਲੈ ਸਕਦੀ।'' ਚੀਨੀ ਵਾਲੇ ਪਾਤਸ਼ਾਹ ਜੀ ਨੇ ਆਪਣੀ ਸੇਵਿਕਾ ਦੀਆਂ ਮਿੰਨਤਾਂ, ਤਰਲੇ, ਅਰਜ਼ੋਈਆਂ ਸੁਣ ਲਈਆਂ ਤੇ ਖਿਨਾਂ ਪਲਾਂ ਵਿੱਚ ਨਵ-ਵਧੂ ਨੂੰ ਦਰਸ਼ਨ ਦੇ ਕੇ ਅਸ਼ਾਂਤ ਮਨ ਨੂੰ ਸਾਂਤਵਨਾ ਪ੍ਰਦਾਨ ਕੀਤੀ।

ਫਿਰ ਸਤਿਗੁਰੂ ਜੀ ਨੇ ਐਸੀ ਮਾਇਆ ਵਰਤਾਈ ਕਿ ਸ਼ਰਾਬੀ ਸ਼ਰਾਬ ਪੀਣ ਲਈ ਹੋਰ ਲਾਲਾਇਤ ਹੋ ਉਠੇ। ਮਾਸ, ਮਦਿਰਾ ਪਾਨ ਕਰਕੇ ਘਰ ਦੇ ਮਨੁੱਖ ਹੋਰ ਉਤੇਜਿਤ ਹੋ ਉਠੇ ਤੇ ਇੱਕ ਦੂਸਰੇ ਨੂੰ ਗਾਲਾਂ ਕੱਢਣ ਲੱਗ ਪਏ। ਬਿਨਾ ਕਿਸੇ ਸ਼ਰਮ ਹਯਾ ਦੇ, ਸਭ ਉੱਚੀ ਉੱਚੀ ਹਾ-ਹਾ ਕਾਰ ਕਰਕੇ ਬੁਰਾ ਭਲਾ ਬਕਣ ਲੱਗ ਪਏ। ਕੋਲ ਖਲੋਤੇ ਇੱਕ ਸਿਆਣੇ ਪੁਰਸ਼ ਨੇ ਇਹ ਸਭ ਕੁਝ ਕਰਨ ਤੋਂ ਵਰਜਿਤ ਕੀਤਾ, ਪਰ ਸ਼ਰਾਬ ਦੇ ਵਿੱਚ ਗੜੁੱਚ

ਆਦਮੀਆਂ ਨੂੰ ਇਹ ਸਭ ਕੁਝ ਸੁਣਨ ਦੀ ਹੋਸ਼ ਹੀ ਕਿਥੇ ? ਉਨ੍ਹਾਂ ਨੇ ਵੱਡੀ ਸਾਰੀ ਡਾਂਗ ਚੁੱਕੀ ਤੇ ਮਨ੍ਹਾਂ ਕਰਨ ਵਾਲੇ ਗੱਭਰੂ ਦੇ ਸਿਰ ਵਿੱਚ ਐਨੀ ਜ਼ੋਰ ਦੀ ਮਾਰੀ, ਕਿ ਉਸਨੇ ਉੱਥੇ ਹੀ ਪ੍ਰਾਣ ਤਿਆਗ ਦਿੱਤੇ। ਪੁਲਿਸ ਨੂੰ ਖਬਰ ਮਿਲੀ, ਅਤੇ ਪੁਲਿਸ ਨੇ ਮੌਕੇ ਤੇ ਪਹੁੰਚ ਕੇ ਖੂਨੀ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਸਾਰੇ ਪਾਸੇ ਭਗਦੜ ਮੱਚ ਗਈ, ਹਰ ਕੋਈ ਆਪਣੇ ਆਪ ਨੂੰ ਪੁਲਿਸ ਦੇ ਹੱਥੋਂ ਬਚਾਉਣ ਲਈ ਉਥੋਂ ਭੱਜ ਟੁਰਿਆ, ਫਿਰ ਭਲਾ ਦੋਵੇਂ ਲਾੜੇ ਉੱਥੇ ਕਿਵੇਂ ਠਹਿਰ ਸਕਦੇ ਸਨ। ਉਹ ਵੀ ਆਪਣਾ ਘਰ ਬਾਰ, ਨਵ-ਵਿਆਹੁਤਾਂ ਨੂੰ ਛੱਡ ਕੇ ਭੱਜ ਟੁਰੇ ਤੇ ਕਈ ਦਿਨਾਂ ਤਕ ਘਰ ਵਾਪਸ ਨਾ ਪਰਤੇ। ਇਧਰ ਮਾਤਾ ਭਾਗਭਰੀ ਜੀ ਨੇ ਆਪਣੇ ਪਤੀ ਨੂੰ ਦੋਹਾਂ ਮੁਟਿਆਰਾਂ ਨੂੰ ਵਾਪਸ ਲਿਆਉਣ ਲਈ ਅਬਲੂ-ਨਗਰ ਭੇਜਿਆ, ਕਿਉਂਕਿ ਇੱਕ ਹਫਤੇ ਤੋਂ ਵਧ ਸਮਾਂ ਹੋ ਚੁੱਕਿਆ ਸੀ। ਆਪਣੇ ਪੇਕੇ ਘਰ ਆ ਕੇ ਦੋਹਾਂ ਬੀਬੀਆਂ ਨੇ ਆਪਣੇ ਸਹੁਰੇ ਘਰ ਦਾ ਸਾਰਾ ਹਾਲ ਬ੍ਰਿਤਾਂਤ ਸੁਣਾਇਆ ਤੇ ਨਾਲ ਹੀ ਵਾਅਦਾ ਕੀਤਾ ਕਿ ਉਹ ਆਪਣੀ ਜਾਨ ਤੇ ਪ੍ਰਾਣ ਨਿਉਛਾਵਰ ਕਰ ਦੇਣਗੀਆਂ ਪਰ ਆਪਣੇ ਸਹੁਰੇ ਘਰ ਦੇ ਨਰਕਾਂ ਵਿੱਚ ਨਹੀ ਜਾਣਗੀਆਂ।

ਦੋਵੇਂ ਸਪੁੱਤ੍ਰੀਆਂ ਪਿਤਾ ਘਰ ਬੈਠ ਰਹੀਆਂ, ਇਹ ਸਭ ਕੁਛ ਪਿਤਾ ਕਿਵੇਂ ਸਹਾਰ ਸਕਦਾ ਸੀ। ਪਿਤਾ ਸੂਬਾ ਖੁਸ਼ਹਾਲ ਸਿੰਘ ਹਮੇਸ਼ਾ ਚਿੰਤਾ ਵਿੱਚ ਡੁੱਬੇ ਰਹਿੰਦੇ। ਇੱਕ ਦਿਨ ਸਤਿਗੁਰੂ ਰਾਮ ਸਿੰਘ ਜੀ ਪਿੰਡ ਥਰਾਜ ਵਿਖੇ ਦੌਰੇ ਤੇ ਆਏ। ਸਤਿਗੁਰੂ ਜੀ ਦੇ ਪੁੱਛਣ ਤੇ ਸੂਬਾ ਖੁਸ਼ਹਾਲ ਸਿੰਘ ਜੀ ਨੇ ਆਪਣੀ ਸਾਰੀ ਚਿੰਤਾ ਦਾ ਬ੍ਰਿਤਾਂਤ ਸੁਣਾਇਆ। ਭਗਤ-ਵੱਛਲ ਸਤਿਗੁਰੂ ਜੀ ਨੇ ਆਪਣੇ ਸੇਵਕ ਨੂੰ ਸਾਂਤਵਨਾ ਦਿੰਦਿਆਂ ਹੋਇਆਂ ਫੁਰਮਾਇਆ,''ਖੁਸ਼ਹਾਲ ਸਿੰਘ ਚਿੰਤਾ ਬਿਲਕੁਲ ਨਹੀਂ ਕਰਨੀ, ਤੇਰੀ ਵੱਡੀ ਪੁੱਤਰੀ ਜਗਤ ਮਾਤਾ ਹੋਵੇਗੀ, ਛੋਟੀ ਦੀ ਚਿੰਤਾ ਵੀ ਬਿਲਕੁਲ ਨਹੀਂ ਕਰਨੀ।''

ਕੁਝ ਸਮਾਂ ਲੰਘ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਖੁਸ਼ਹਾਲ ਸਿੰਘ ਜੀ ਨੂੰ ਦਰਸ਼ਨ ਦੇ ਕੇ ਹੁਕਮ ਕੀਤਾ,''ਦੋਹਾਂ ਬੀਬੀਆਂ ਨੂੰ ਸ੍ਰੀ ਭੈਣੀ ਸਾਹਿਬ ਲਿਜਾ ਕੇ, ਬੁੱਧ ਸਿੰਘ ਜੀ ਦੇ ਚਰਨਾਂ ਵਿੱਚ ਅਰਪਣ ਕਰ ਦਿਓ।'' ਮਾਤਾ ਭਾਗਭਰੀ ਤੇ ਪਿਤਾ ਖੁਸ਼ਹਾਲ ਸਿੰਘ ਆਪਣੀਆਂ ਦੋਹਾਂ ਸੁਪੁੱਤ੍ਰੀਆਂ ਨੂੰ ਨਾਲ ਲੈ ਕੇ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿੱਚ ਹਾਜ਼ਿਰ ਹੋਣ ਲਈ ਤਿਆਰੀਆਂ ਵਿੱਚ ਜੁੱਟ ਗਏ।

ਮੁਟਿਆਰ ਜੀਵਨ ਕੌਰ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਸਦਕਾ ਆਪਣਾ ਪੂਰਬਲਾ ਜਨਮ ਯਾਦ ਆ ਗਿਆ, ਕਿਉਂਕਿ ਜਿਹੜਾ ਵਰ, ਉਹਨਾਂ ਨੂੰ ਆਪਣੇ ਪੂਰਬਲੇ ਜਨਮ ਵਿੱਚ ਨਹੀ ਸੀ ਮਿਲ ਸਕਿਆ, ਉਸ ਨੂੰ ਪ੍ਰਾਪਤ ਕਰਨ ਦਾ ਸ਼ੁਭ ਅਵਸਰ ਹੁਣ ਇਸ ਜਨਮ ਵਿੱਚ ਮਿਲਨ ਜਾ

ਰਿਹਾ ਸੀ। ਤਪੱਸਵਨੀ ਜੀਵਨ ਕੌਰ ਜੀ ਨੇ ਆਪਣੀ ਮਾਤਾ ਭਾਗਭਰੀ ਨੂੰ ਆਪਣੇ ਪੂਰਬਲੇ ਜਨਮ ਬਾਰੇ ਅਵਗਤ ਕਰਾਇਆ ਅਤੇ ਕਿਹਾ,''ਮਾਤਾ ਜੀ, ਮੇਰੇ ਪਿਛਲੇ ਜਨਮ ਦੇ ਪਿਤਾ ਬੜੇ ਤਪੱਸਵੀ ਸਨ। ਉਹ ਹਰ ਵੇਲੇ ਅਕਾਲ ਪੁਰਖ ਦੇ ਸਿਮਰਨ ਵਿੱਚ ਲਿਵਲੀਨ ਰਹਿੰਦੇ। ਮੇਰੇ ਉੱਤੇ ਮੇਰੇ ਪਿਤਾ ਜੀ ਦਾ ਪ੍ਰਭਾਵ ਬੜੇ ਸਿੱਧੇ ਤੇ ਸਪਸ਼ਟ ਰੂਪ ਵਿੱਚ ਸੀ। ਮੈਂ ਉਹਨਾਂ ਕੋਲੋਂ ਭਜਨ ਪੁੱਛ ਕੇ ਹਰ ਵੇਲੇ ਅਕਾਲ ਪੁਰਖ ਦਾ ਜਾਪ ਕਰਦੀ ਰਹਿੰਦੀ ਸੀ। ਜਦੋਂ ਮੈਂ ਮੁਟਿਆਰ ਹੋਈ ਤਾਂ ਮੇਰੇ ਪਿਤਾ ਨੂੰ ਮੇਰੇ ਵਿਆਹ ਦੀ ਚਿੰਤਾ ਹੋਈ ਤੇ ਮੇਰੇ ਲਈ ਯੋਗ ਵਰ ਢੂੰਡਣ ਲਈ ਨਿਕਲ ਟੁਰੇ। ਉਸ ਵੇਲੇ ਮੈਂ ਆਪਣੀ ਮਾਤਾ ਨੂੰ ਬੜੇ ਸਪਸ਼ਟ ਸ਼ਬਦਾਂ ਵਿੱਚ ਕਿਹਾ—ਮੈਂ ਉਸ ਪੁਰਖ ਨਾਲ ਵਿਆਹ ਕਰਾਵਾਂਗੀ, ਉਸਦਾ ਲੜ ਫੜਾਂਗੀ, ਜਿਸਦੇ ਵਿੱਚ ਕੋਈ ਕਲੰਕ ਨਾ ਹੋਵੇ ਤੇ ਉਹ ਘੋਰ ਤਪੱਸਵੀ ਹੋਵੇ। ਅਗਰ ਇਹੋ ਜਿਹਾ ਪੁਰਸ਼ ਨਾ ਮਿਲਿਆ ਤੇ ਮੈਂ ਵਿਆਹ ਨਹੀਂ ਕਰਾਵਾਂਗੀ। ਮੇਰੇ ਪਿਤਾ ਮੇਰੇ ਲਈ ਇਹੋ ਜਿਹਾ ਵਰ ਲੱਭਣ ਲਈ ਦੇਸ਼-ਦੇਸ਼ਾਂਤਰਾਂ ਵਿੱਚ ਛੇ ਸਾਲ ਘੁੰਮੇ, ਪਰ ਉਹਨਾਂ ਨੂੰ ਮੇਰੀ ਲੋੜ ਅਨੁਸਾਰ ਯੋਗ ਵਰ ਨਾ ਮਿਲਿਆ। ਇੱਕ ਦਿਨ ਮੈਂ ਬਹੁਤ ਸਖਤ ਬੀਮਾਰ ਹੋ ਗਈ। ਕਈ ਪ੍ਰਕਾਰ ਦੀਆਂ ਔਸ਼ਧੀਆਂ ਲਈਆਂ ਪਰ ਉਹਨਾਂ ਨਾਲ ਮੈਂ ਠੀਕ ਨਾ ਹੋ ਸਕੀ। ਤੇਜ਼ ਬੁਖਾਰ ਤੇ ਪੀੜਾ ਨਾਲ ਮੇਰਾ ਸਰੀਰ ਸੁੱਕ ਕੇ ਤੀਲਾ ਹੋ ਗਿਆ, ਬਚਣ ਦੀ ਕੋਈ ਆਸ ਨਾ ਰਹੀ, ਤੇ ਮੇਰਾ ਅੰਤਲਾ ਸਮਾਂ ਨੇੜੇ ਆ ਗਿਆ। ਮੇਰੀ ਨਿਸ੍ਵਾਰਥ ਭਗਤੀ ਦੇ ਫਲ ਸਵਰੂਪ ਅਕਾਲ ਪੁਰਖ ਮੇਰੇ ਉੱਤੇ ਬਹੁਤ ਪ੍ਰਸੰਨ ਹੋਏ ਤੇ ਉਹਨਾਂ ਨੇ ਮੈਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਿਆ। ਸਵਰਗਾਂ ਵਿੱਚ ਰਹਿਣ ਕਰਕੇ, ਮੈਨੂੰ ਅਕਾਲ ਪੁਰਖ ਦੀ ਨੇੜਤਾ ਮਿਲੀ ਤੇ ਮੈਂ ਅਣਥੱਕ ਉਨ੍ਹਾਂ ਦੀ ਸੇਵਾ ਵਿੱਚ ਜੁੱਟ ਗਈ। ਮੇਰੀ ਸੇਵਾ ਤੇ ਦੀਨ ਦੁਨੀਆਂ ਦੇ ਵਾਲੀ ਰੀਝ ਗਏ ਤੇ ਮੈਨੂੰ ਇਸ ਮਾਤ ਲੋਕ ਵਿੱਚ ਜਨਮ ਧਾਰਨ ਦਾ ਹੁਕਮ ਹੋਇਆ ਤੇ ਨਾਲ ਹੀ ਵਰ ਦੇ ਦਿੱਤਾ, ''ਵੱਡੀ ਹੋ ਕੇ ਗੁਰੂ ਘਰ ਦੀ ਸੇਵਾ ਕਰੇਂਗੀ। ਉਸੇ ਜਪ, ਤਪ ਸੇਵਾ ਸਦਕਾ ਅੱਜ ਮੇਰਾ ਆਨੰਦ ਕਾਰਜ ਅਕਲੰਕ ਤਪੱਸਵੀ ਨਾਲ ਹੋਣ ਜਾ ਰਿਹਾ ਹੈ।'' ਭਾਗਭਰੀ ਤੇ ਪਿਤਾ ਸੂਬਾ ਖੁਸ਼ਹਾਲ ਸਿੰਘ ਜੀ ਇਹੋ ਜਿਹੀ ਸੁਪੁੱਤ੍ਰੀ ਪਾ ਕੇ ਧੰਨ-ਧੰਨਯ ਹੋ ਗਏ। ਉਹ ਆਪਣੇ ਭਾਗਾਂ ਦੀ ਸਰਾਹੁਣਾ ਕਰ ਰਹੇ ਸਨ। ਸੂਬਾ ਖੁਸ਼ਹਾਲ ਸਿੰਘ, ਉਹਨਾਂ ਦੀ ਸੁਪੱਤਨੀ ਭਾਗਭਰੀ, ਹਰਨਾਮ ਸਿੰਘ ਜੀ ਰਿੱਲਾਂ ਵਾਲੇ ਮਾਤਾ ਜੀਵਨ ਕੌਰ ਜੀ ਦੇ ਮਾਮੇ, ਸ੍ਰੀ ਭੈਣੀ ਸਾਹਿਬ ਵਿਖੇ ਆ ਕੇ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਵਿੱਚ ਹਾਜ਼ਿਰ ਹੋਏ। ਜੀਵਨ ਕੌਰ ਜੀ ਦੀ ਆਯੂ ਉਸ ਵੇਲੇ ੨੮ ਸਾਲ ਦੀ ਸੀ।

ਸੂਬਾ ਖੁਸ਼ਹਾਲ ਸਿੰਘ ਜੀ ਨੇ ਦੋਹਾਂ ਬੀਬੀਆਂ ਦੇ ਆਨੰਦ ਕਾਰਜ

ਕਰਨ ਵਾਸਤੇ ਸਲਾਹ ਕੀਤੀ। ਭਾਈ ਨਰੈਣ ਸਿੰਘ ਜੀ ਨੇ ਗੁਰੂ ਹਰੀ ਸਿੰਘ ਜੀ ਨਾਲ ਜੀਵਨ ਕੌਰ ਤੇ ਫਤਹਿ ਕੌਰ ਦਾ ਅਰਦਾਸਾ ਕਰ ਦਿੱਤਾ। ਇੱਕ ਵੈਸਾਖ ਸੰਮਤ ੧੯੪੪ (ਸੰਨ ੧੮੮੮) ਨੂੰ ਮਾਤਾ ਜੀਵਨ ਕੌਰ ਤੇ ਮਾਤਾ ਫਤਹਿ ਕੌਰ ਜੀ ਗੁਰੂ ਹਰੀ ਸਿੰਘ ਜੀ ਦੇ ਮਹਿਲ ਬਣ ਗਏ। ਸਾਰੇ ਨਾਮਧਾਰੀ ਜਗਤ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗੱਫੇ ਵਰਤਾਅ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਤੇ ਰਾਤ ਨੂੰ ਦੀਪਮਾਲਾ ਕਰਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।

ਪਿਤਾ ਖੁਸ਼ਹਾਲ ਸਿੰਘ ਜੀ ਆਪਣੀਆਂ ਸੁਪੁੱਤ੍ਰੀਆਂ ਨੂੰ ਹਰ ਪ੍ਰਾਣੀ ਮਾਤਰ ਨਾਲ ਪਿਆਰ ਕਰਨਾ, ਖੱਦਰ ਦੇ ਬਸਤ੍ਰ ਧਾਰਨ ਕਰਨਾ, ਮੰਜੇ ਤੇ ਬੈਠ ਕੇ ਪ੍ਰਸ਼ਾਦਾ ਨਹੀ ਛਕਣਾ, ਆਪਣੇ ਪੰਥ ਦਾ ਦੁੱਖ ਸੁਖ ਆਪਣੇ ਸਰੀਰ ਤੇ ਝੱਲਣਾ, ਗੁਰ ਗੱਦੀ ਤੇ ਲੰਗਰ ਆਦਿ ਦਾ ਹਮੇਸ਼ਾ ਅਦਬ ਸਤਿਕਾਰ ਕਰਨਾ, ਅੰਮ੍ਰਿਤ ਵੇਲੇ ਹਨੇਰੇ 'ਚ ਬਾਹਰ ਜੰਗਲ ਪਾਣੀ ਜਾ ਕੇ ਇਸ਼ਨਾਨ ਕਰਨਾ, ਬੁਰੇ ਬਚਨਾ ਨੂੰ ਸ਼ਾਂਤ ਹੋ ਕੇ ਸਹਿਣ ਕਰਨਾ, ਮਿੱਠਾ ਬੋਲਣਾ, ਹਰ ਕੰਮ ਕਰਨ ਤੋਂ ਪਹਿਲਾਂ ਅਰਦਾਸਾ ਸੋਧਣਾ ਆਦਿ ਸਿੱਖਿਆਵਾਂ ਤੇ ਚੱਲਣ ਦੀ ਪ੍ਰੇਰਣਾ ਦਿੱਤੀ। ਸੁਪੁੱਤ੍ਰੀਆਂ ਨੇ ਆਪਣੇ ਪਿਤਾ ਜੀ ਦੇ ਸ਼ੁਭ ਬਚਨਾ ਨੂੰ ਆਪਣੇ ਪੱਲੇ ਬੰਨ੍ਹ ਲਿਆ ਤੇ ਸਾਰੀ ਉਮਰ ਉਹਨਾਂ ਦੇ ਦੱਸੇ ਪੂਰਨਿਆਂ ਤੇ ਚਲਦੀਆਂ ਰਹੀਆਂ।

ਸੁਖੂ ਤੇ ਹਮੀਰੇ ਨੰਬਰਦਾਰ ਨੂੰ ਬੜਾ ਦੁੱਖ ਲੱਗਾ ਇਸ ਲਈ ਉਹਨਾਂ ਨੇ ਪੁਲਿਸ ਕੋਲ ਜਾਕੇ ਉਲਟੀ ਸਿੱਧੀ ਰਿਪੋਰਟ ਕੀਤੀ, ਜਿਸ ਕਰਕੇ ਮਾਤਾ ਜੀਵਨ ਕੌਰ ਜੀ ਅਤੇ ਫਤਹਿ ਕੌਰ ਜੀ ਨੂੰ ਡੇਰੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਦੋਹਾਂ ਮਾਤਾਵਾਂ ਦੀ ਹਾਜ਼ਰੀ ਹਰ ਰੋਜ਼ ਪੁਲਿਸ ਲਿਖਦੀ, ਮਾਈ ਗੁਰਦਈ ਨੇ ਖਜ਼ਾਨੇ ਦੀਆਂ ਕੁੰਜੀਆਂ ਮਾਤਾ ਜੀਵਨ ਕੌਰ ਜੀ ਨੂੰ ਸੌਂਪ ਦਿੱਤੀਆਂ। ਮਾਤਾ ਜੀ ਅੰਮ੍ਰਿਤ ਵੇਲੇ ਉਠ ਕੇ ਪਹਿਲਾਂ ਆਪ ਇਸ਼ਨਾਨ ਕਰਦੇ ਤੇ ਫਿਰ ਸਤਿਗੁਰੂ ਜੀ ਦਾ ਇਸ਼ਨਾਨ ਕਰਾਉਂਦੇ। ਜਪੁਜੀ ਸਾਹਿਬ ਸ਼ਬਦ ਹਜ਼ਾਰੇ ਦਾ ਪਾਠ ਕੰਠ ਕੀਤਾ ਹੋਇਆ ਸੀ।

ਸਤਿਗੁਰੂ ਹਰੀ ਸਿੰਘ ਜੀ ਤੇ ਮਾਤਾ ਜੀਵਨ ਕੌਰ ਜੀ ਦੇ ਗ੍ਰਿਹਿ ਵਿਖੇ ਸੰਮਤ ੧੯੪੬ ਚੇਤ ਵਦੀ ਤੀਜ ਐਤਵਾਰ ਦਿਨ ਸੂਰਜ ਢਲਦੇ ਪਰਛਾਵਿਆਂ ਹੇਠ ਤਦਾਨੁਸਾਰ ਮਾਰਚ ੧੮੯੦ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਵਤਾਰ ਧਾਰਿਆ। ਚਾਰ ਚੁਫੇਰੇ ਖੁਸ਼ੀ ਦੀ ਲਹਿਰ ਦੌੜ ਗਈ, ਨਾਮਧਾਰੀ ਸੰਗਤ ਅੰਦਰ ਹਰਸ਼, ਉਲ੍ਹਾਸ, ਖੇੜਾ। ਕੁਦਰਤ ਦੀ ਦੇਵੀ ਨੇ ਨਿੰਮੀ-ਨਿੰਮੀ ਵਰਖਾ ਰਾਹੀਂ ਆਪਣੇ ਪਿਆਰੇ ਦੇ ਆਗਮਨ ਦਾ ਇਸ ਲੋਕ ਵਿੱਚ ਸੁਆਗਤ ਕੀਤਾ। ਸੱਚੇ ਪਾਤਸ਼ਾਹ ਗੁਰੂ ਹਰੀ ਸਿੰਘ ਜੀ ਰਾਮਸਰ ਬਿਰਾਜਮਾਨ ਸਨ।

ਆਪ ਜੀ ਨੇ ਬਾਲਕ ਦੇ ਜਨਮ ਦੀ ਖ਼ਬਰ ਸੁਣ ਕੇ ਬਚਨ ਕੀਤਾ,''ਵੱਡੇ ਪ੍ਰਤਾਪ ਵਾਲਾ ਆਇਆ ਹੈ। ਇਸ ਦੀ ਛਤਰ ਛਾਇਆ ਹੇਠ ਸੰਗਤ ਬੜੀਆਂ ਮੌਜਾਂ ਤੇ ਖੁਸ਼ੀਆਂ ਮਾਣੇਗੀ''। ਬਾਬਾ ਵੀਰ ਸਿੰਘ ਜੀ ਚੂਨੀ ਵਾਲੇ ਜੋ ਕਿ ਬਹੁਤ ਉੱਚੀ ਸਾਧੂ ਬਿਰਤੀ ਦੇ ਮਾਲਕ ਸਨ, ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੰਨ ਵਿੱਚ ਭਜਨ ਦਿੱਤਾ। ਮਹਾਰਾਜ ਨਿਹਾਲ ਸਿੰਘ ਜੀ ਨੇ ੧੯੪੮ (ਸੰਨ ੧੮੯੨) ਦੇ ਕੱਤਕ ਵਦੀ ਦਸਵੀਂ ਨੂੰ ਮਾਤਾ ਜੀਵਨ ਕੌਰ ਜੀ ਦੀ ਕੁੱਖ ਤੋਂ ਸ੍ਰੀ ਭੈਣੀ ਸਾਹਿਬ ਵਿਖੇ ਜਨਮ ਲਿਆ। ਮਹਾਰਾਜ ਗੁਰਦਿਆਲ ਸਿੰਘ ਜੀ ਮਾਤਾ ਜੀ ਦੇ ਤੀਸਰੇ ਸਾਹਿਬਜ਼ਾਦੇ ਨੇ ਦਸਮੀ ਕੱਤਕ ਵਦੀ ੧੯੫੪ (ਸੰਨ ੧੮੯੮) ਸੋਮਵਾਰ ਨੂੰ ਜਨਮ ਲਿਆ।

ਮਾਤਾ ਜੀਵਨ ਕੌਰ ਜੀ ਸੇਵਾ ਕਰਦਿਆਂ ਕਰਦਿਆਂ ਸੇਵਾ ਰੂਪ ਹੀ ਹੋ ਗਏ। ਸੇਵਾ ਲਈ ਹਮੇਸ਼ਾ ਤਤਪਰ ਰਹਿੰਦੇ ਤੇ ਦੂਜਿਆਂ ਨੂੰ ਵੀ ਸੇਵਾ ਕਰਨ ਦੀ ਪ੍ਰੇਰਣਾ ਦਿੰਦੇ।

**ਆਉ ਸਖੀ ਸੰਤ ਪਾਸਿ, ਸੇਵਾ ਲਾਗੀਐ।।**
**ਪੀਸਉ ਚਰਣ ਪਖਾਰਿ, ਆਪੁ ਤਿਆਗੀਐ।।**
**ਤਜਿ ਆਪੁ ਮਿਟੈ ਸੰਤਾਪੁ, ਆਪੁ ਨਹ ਜਾਣਾਈਐ।।**
**ਸਰਣਿ ਗਹੀਜੈ ਮਾਨਿ ਲੀਜੈ, ਕਰੇ ਸੋ ਸੁਖੁ ਪਾਈਐ।।**

ਮਾਤਾ ਜੀ ਲੰਗਰ ਦੀ ਸੇਵਾ ਆਪਣੀ ਹੱਥੀ ਕਰਦੇ। ਬਰਤਨ ਮਾਂਜਦੇ ਤੇ ਬੁਹਾਰੀ ਕਰਨ ਵਿੱਚ ਸੰਕੋਚ ਨਾ ਕਰਦੇ। ਦਰਸ਼ਨ ਕਰਨ ਲਈ ਆਈ ਸਾਧ ਸੰਗਤ ਨੂੰ ਬੜੇ ਪਿਆਰ ਨਾਲ ਲੰਗਰ ਛਕਾਉਂਦੇ। ਗੜਵੇ ਵਿੱਚੋਂ ਤਤੀਰੀ ਬੰਨ੍ਹ ਕੇ ਦੇਸੀ ਘਿਓ ਥਾਲੇ ਵਿੱਚ ਪਾ ਦਿੰਦੇ। ਲੋੜਵੰਦ ਨੂੰ ਜੋੜਾ, ਬਸਤਰ, ਮਾਲਾ, ਗੜਵਾ ਅਤੇ ਪਊਏ ਦੇ ਕੇ ਨਿਹਾਲ ਕਰਦੇ। ਰਾਹੀਆਂ ਨੂੰ ਪਾਣੀ ਪਿਆ ਕੇ ਉਹਨਾਂ ਦੀ ਪਿਆਸ ਨੂੰ ਤ੍ਰਿਪਤ ਕਰਦੇ। ਆਈਆਂ ਸੰਗਤਾਂ ਦੀ ਸੇਵਾ ਤਾਂ ਮਾਤਾ ਜੀ ਕਰਦੇ ਹੀ ਸਨ, ਵਿਦਾ ਹੋਣ ਲੱਗਿਆਂ ਰਸਤੇ ਵਿੱਚ ਵਰਤਣ ਵਾਸਤੇ ਝੋਲੀਆਂ ਭਰ ਦਿੰਦੇ। ਲੈਣ ਵਾਲੇ ਦੀ ਜਦੋਂ ਤਕ ਬਸ ਨਾ ਹੋ ਜਾਂਦੀ, ਦਿੰਦੇ ਹੀ ਜਾਂਦੇ।

ਇਕ ਵਾਰੀ ਕੌਲਾ ਸਿੰਘ ਜੀ ਨੇ ਆਪਣੇ ਪਿੰਡ ਮੌਲੀ ਜ਼ਿਲ੍ਹਾ ਅੰਬਾਲਾ ਵਿੱਚ, ਮਾਤਾ ਜੀ ਦੇ ਦਾਨੀ ਸੁਭਾਅ ਤੇ ਉਦਾਰਤਾ ਦੀ ਬਹੁਤ ਪ੍ਰਸੰਸਾ ਕੀਤੀ ਕਿ ਮਾਤਾ ਜੀ ਉਤਨੀ ਦੇਰ ਤਕ ਪਦਾਰਥ ਦਿੰਦੇ ਹੀ ਰਹਿੰਦੇ ਹਨ, ਜਿੰਨੀ ਦੇਰ ਲੈਣ ਵਾਲੇ ਦੀ ਬਸ ਨਾ ਹੋ ਜਾਵੇ। ਕੋਲ ਬੈਠੇ ਇੱਕ ਸਿੱਖ ਦੇ ਮਨ ਵਿੱਚ ਆਈ ਕਿਉਂ ਨਾ ਇਸ ਗੱਲ ਦੀ ਪਰਖ ਕੀਤੀ ਜਾਵੇ। ਉਸਨੇ ਸ੍ਰੀ ਭੈਣੀ ਸਾਹਿਬ ਜਾ ਕੇ ਪੂਜਯ ਮਾਤਾ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ,''ਮਾਤਾ ਜੀ ਮੇਰਾ ਪਰਿਵਾਰ ਬਹੁਤ ਵੱਡਾ ਹੈ, ਕਿਰਪਾ ਕਰਕੇ ਓਹਨਾਂ

ਨੂੰ ਛਕਾਉਣ ਲਈ ਪਦਾਰਥ ਦਿਓ''। ਮਾਤਾ ਜੀ ਨੇ ਆਟਾ, ਖੰਡ ਘਿਓ ਆਦਿ ਸਭ ਕੁਝ ਨਾਲ ਉਸਦੀਆਂ ਝੋਲੀਆਂ ਭਰ ਦਿੱਤੀਆਂ। ਦੋ ਤਿੰਨ ਵਾਰੀ ਉਸ ਨੇ ਇਸ ਤਰ੍ਹਾਂ ਹੀ ਕਿਹਾ ਤੇ ਮਾਤਾ ਜੀ ਨੇ ਹਰ ਵਾਰੀ ਉਸਦੀਆਂ ਝੋਲੀਆਂ ਪਦਾਰਥ ਨਾਲ ਭਰ ਦਿੱਤੀਆਂ। ਅੰਤ ਵਿੱਚ ਮਾਤਾ ਜੀ ਦੇ ਚਰਨਾਂ ਤੇ ਡਿੱਗ ਪਿਆ, ਕਿਉਂ ਕਿ ਜਿਸ ਤਰ੍ਹਾਂ ਉਸ ਨੇ ਮਾਤਾ ਜੀ ਦੀ ਪ੍ਰਸੰਸਾ ਸੁਣੀ ਸੀ ਮਾਤਾ ਜੀ ਉਸ ਤੋਂ ਵੀ ਵਧੇਰੇ ਉਦਾਰ ਸਨ। ਭਜਨ ਲੈ ਕੇ ਘਰ ਖੁਸ਼ੀ ਖੁਸ਼ੀ ਵਾਪਸ ਗਿਆ। ੧੯੪੬ ਬਿਕ੍ਰਮੀ ਕਾਲ ਦਾ ਪ੍ਰਭਾਵ ਸਾਰੇ ਭਾਰਤਵਰਸ਼ ਤੇ ਪਿਆ। ਸ੍ਰੀ ਭੈਣੀ ਸਾਹਿਬ ਤਾਂ ਹਮੇਸ਼ਾ ਸਦਾ ਬਰਤ ਲਗਿਆ ਰਹਿੰਦਾ। ਦੂਰ ਦੁਰਾਡੇ ਤੋਂ ਲੱਖਾਂ ਲੋਕਾਂ ਨੇ ਸ੍ਰੀ ਭੈਣੀ ਸਾਹਿਬ ਦੇ ਆਲੇ ਦੁਆਲੇ ਡੇਰੇ ਲਾ ਲਏ। ਮਾਤਾ ਜੀ ਦਿਨ ਰਾਤ ਅਣਥੱਕ ਸੇਵਾ ਵਿੱਚ ਜੁੱਟ ਗਏ ਤੇ ਇਹ ਸਿਲਸਲਾ ਤਿੰਨ ਮਹੀਨਿਆਂ ਤਕ ਚਲਦਾ ਰਿਹਾ। ਮਾਤਾ ਜੀ ਆਪਣੇ ਪਵਿੱਤਰ ਹਸਤ ਕੰਵਲਾਂ ਰਾਹੀਂ ਲੱਖਾਂ ਕਾਲ ਪੀੜਤਾਂ ਨੂੰ ਪਦਾਰਥ ਵੰਡ ਵੰਡ ਕੇ ਉਹਨਾਂ ਦੀ ਭੁੱਖ ਨੂੰ ਤ੍ਰਿਪਤ ਕਰਦੇ ਰਹੇ।

ਸੰਨ ੧੯੨੯ 'ਚ ਕਾਂਗਰਸ ਦਾ ਸੈਸ਼ਨ ਲਹੌਰ ਹੋਇਆ। ਉੱਥੇ ਲੱਖਾਂ ਲੋਕਾਂ ਦਾ ਇਕੱਠ ਸੀ। ਮਾਤਾ ਜੀ ਨੇ ਲੰਗਰ ਦੀ ਜ਼ਿੰਮੇਵਾਰੀ ਐਨੇ ਸੁਹਣੇ ਢੰਗ ਨਾਲ ਸੰਭਾਲੀ, ਕਿ ਡਾਕਟਰ ਰਜਿੰਦਰ ਪ੍ਰਸਾਦ ਤੇ ਜਵਾਹਰ ਲਾਲ ਨਹਿਰੂ ਵਰਗੇ ਵੀ ਆਪ ਜੀ ਦੀ ਸੇਵਾ ਭਾਵ ਤੋਂ ਪ੍ਰਭਾਵਿਤ ਹੋ ਕੇ ਅਸ਼ ਅਸ਼ ਕਰ ਉਠੇ।

ਉਹ ਸਿਰਫ ਨਾਮਧਾਰੀਆਂ ਦੀ ਹੀ ਮਾਤਾ ਨਹੀਂ ਸੀ ਸਗੋਂ ਹਰ ਕਿਸੇ ਨੂੰ ਹੀ ਆਪ ਜੀ ਕੋਲੋਂ ਮਾਤਾ ਦਾ ਸਨੇਹ ਤੇ ਵਾਤਸਲਯ ਪੂਰਨ ਰੂਪ ਵਿੱਚ ਮਿਲਦਾ। ਇਕ ਵਾਰੀ ਜੈਤੋ ਦੇ ਮੋਰਚੇ ਤੇ ਜਾਣ ਵਾਸਤੇ ਅਕਾਲੀਆਂ ਦੇ ਦਲ ਉੱਥੋਂ ਲੰਘਣੇ ਸ਼ੁਰੂ ਹੋ ਗਏ। ਕਈਆਂ ਦੇ ਦਿਲ ਅੰਦਰ ਖਿਆਲ ਆਇਆ, ਕਿ ਕਿਉਂ ਨਾ ਮਾਤਾ ਜੀਵਨ ਕੌਰ ਜੀ ਦੇ ਦਰਸ਼ਨ ਕਰ ਚਲੀਏ। ਪਤਾ ਨਹੀਂ ਕੀ ਵਾਪਰਨੀ ਹੈ ? ਆਪ ਜੀ ਦੀ ਚੁੰਬਕੀ ਸਖਸ਼ੀਅਤ ਕੀ ਹਿੰਦੂ, ਕੀ ਸਿੱਖ ਸਭ ਨੂੰ ਆਪਣੇ ਵੱਲ ਆਕ੍ਰਿਸ਼ਤ ਕਰਦੀ ਤੇ ਫਿਰ ਨੀਲੋ ਦੇ ਪੁਲ ਤੋਂ ਸ੍ਰੀ ਭੈਣੀ ਸਾਹਿਬ ਕਿਹੜਾ ਦੂਰ ਹੈ। ੨੫੦ ਆਦਮੀਆਂ ਦਾ ਦਲ ਉੱਥੋਂ ਨਿਕਲ ਰਿਹਾ ਸੀ। ਇਹ ਦਲ ਸ੍ਰੀ ਭੈਣੀ ਸਾਹਿਬ ਮਾਤਾ ਜੀ ਦੇ ਦਰਸ਼ਨਾਂ ਨੂੰ ਪਹੁੰਚ ਗਿਆ। ਜਗਤ ਮਾਤਾ ਵੀ ਬੱਚਿਆਂ ਦੀ ਉਡੀਕ ਜਿਵੇਂ ਅੱਗੋਂ ਹੀ ਕਰ ਰਹੀ ਹੋਵੇ। ਉਨ੍ਹਾਂ ਨੂੰ ਵੇਖ ਕੇ ਮਾਤਾ ਜੀ ਨੂੰ ਚਾਅ ਚੜ੍ਹ ਗਿਆ। ਕਈ ਸਿੱਖਾਂ ਨੇ ਮਾਤਾ ਜੀ ਦੇ ਚਰਨਾ ਤੇ ਮੱਥਾ ਟੇਕਿਆ ਤੇ ਕਈਆਂ ਨੇ ਨਾ ਵੀ ਟੇਕਿਆ। ਮਾਤਾ ਜੀ ਨੇ ਕਿਹਾ,''ਵੇ ਵੀਰੋ ਪ੍ਰਸ਼ਾਦਾ ਛਕ ਲਵੋ,'' ਅੱਗੋਂ ਸਿੱਖਾਂ ਨੇ ਉਤੱਰ ਦਿੱਤਾ ''ਮਾਤਾ ਜੀ ਪ੍ਰਸ਼ਾਦਾ ਤਾਂ ਅਸੀ ਛਕ ਕੇ ਆਏ ਹਾਂ, ਸਾਨੂੰ ਦੁੱਧ ਛਕਾਓ

ਜੀ।'' ਮਾਤਾ ਜੀ ਨੇ ਸ਼ਿੰਗਾਰਾ ਸਿੰਘ ਨੂੰ ਆਵਾਜ਼ ਮਾਰਦਿਆਂ ਕਿਹਾ,''ਵੇ ਸ਼ਿੰਗਾਰਾ ਸਿੰਘਾ ਜਲਦੀ ਜਲਦੀ ਦੁੱਧ ਲਈ ਭਾਂਡੇ ਇਕੱਠੇ ਕਰਕੇ ਲੈ ਆ'' ਸਾਧ ਸੰਗਤ ਦੀਆਂ ਪੰਗਤਾਂ ਲੱਗ ਗਈਆਂ। ਇੱਕ ਛੋਟੀ ਜਹੀ ਕਾੜ੍ਹਨੀ ਦੁੱਧ ਦੀ ਸੀ ਤੇ ਪੀਣ ਵਾਲੇ ਸਨ ੨੫੦ ਸਿੱਖ। ਮਾਤਾ ਜੀ ਨੇ ਆਪਣਾ ਪਰਨਾ ਕਾੜ੍ਹਨੀ ਉੱਤੇ ਪਾ ਦਿੱਤਾ ਤੇ ਕਾੜ੍ਹਨੀ ਵਿੱਚੋਂ ਦੁੱਧ ਕੱਢ ਕੱਢ ਕੇ ਦਬਾ ਦਬ ਵਰਤਾਉਣਾ ਸ਼ੁਰੂ ਕਰ ਦਿੱਤਾ। ਸਾਰੇ ਸਿੱਖ ਰੱਜ ਰੱਜ ਕੇ ਦੁੱਧ ਛਕ ਕੇ ਤ੍ਰਿਪਤ ਹੋ ਗਏ ਪਰ ਹਾਲਾਂ ਵੀ ਕਾੜ੍ਹਨੀ ਵਿੱਚ ਕੁਝ ਦੁੱਧ ਬਾਕੀ ਬਚਿਆ ਪਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਅਕਸਰ ਬਚਨ ਕਰਦੇ ਹੁੰਦੇ ਸਨ। ''ਮਹੰਤ ਜਿਊਣ ਸਿੰਘ ਅੰਮ੍ਰਿਤਸਰ ਵਾਲੇ ਤੇ ਮਾਤਾ ਜੀਵਨ ਕੌਰ ਦੇ ਹੱਥਾਂ ਵਿੱਚ ਰਿਧੀਆਂ-ਸਿੱਧੀਆਂ ਹਨ। ਇਹ ਇੱਕ ਬੁੱਕ ਵਰਤਾਂਦੇ ਹਨ ਤੇ ਦੋ ਬੁੱਕਾਂ ਹੋਰ ਵਧ ਜਾਂਦੀਆਂ ਹਨ।''

**ਕਰਿ ਦਾਸ ਦਾਸੀ ਤਜਿ ਉਦਾਸੀ,**
**ਕਰ ਜੋੜ ਦਿਨੁ ਰੈਣਿ ਜਾਗੀਐ।।**
**ਨਾਨਕੁ ਵਖਾਣੈ ਗੁਰ ਬਚਨਿ ਜਾਣੈ,**
**ਆਉ ਸਖੀ ਸੰਤ ਪਾਸਿ ਸੇਵਾ ਲਾਗੀਐ।।**

ਮਾਤਾ ਜੀ ਨੂੰ ਨਿੰਦਕ ਵੀ ਉਨਾ ਹੀ ਪਿਆਰਾ ਸੀ, ਜਿੰਨਾਂ ਕੁ ਆਪਣਾ ਸਿੱਖ ਸੇਵਕ। ਮਾਤਾ ਜੀ ਦੀ ਨਿੰਦਾ ਕਰਨ ਵਾਲੇ ਨੰਬਰਦਾਰ ਸੁੱਖੂ ਤੇ ਘੁਮੰਡਾ ਦੇ ਘਰ ਜਾ ਕੇ ਲੋੜ ਅਨੁਸਾਰ ਉਨ੍ਹਾਂ ਨੂੰ ਅਨੇਕ ਪ੍ਰਕਾਰ ਦੇ ਪਦਾਰਥ ਦੇ ਕੇ ਆਉਂਦੇ। ਪੁਲਿਸ ਦੇ ਸਿਪਾਹੀਆਂ ਨੂੰ ਵੀ, ਭਾਵੇਂ ਉਹ ਸਿੱਖਾਂ ਤੇ ਅਨੇਕ ਪ੍ਰਕਾਰ ਦੇ ਜ਼ੁਲਮ ਕਰਦੇ, ਉਹਨਾਂ ਨੂੰ ਆਪਣੇ ਸਿੱਖ ਸੇਵਕਾਂ ਵਾਂਗ ਦੁੱਧ, ਘਿਓ, ਬਾਦਾਮ ਤੇ ਅਨੇਕ ਤਰ੍ਹਾਂ ਦੇ ਪਦਾਰਥ ਦੇ ਕੇ ਨਿਵਾਜਦੇ।

ਮਾਤਾ ਜੀ ਬਚਪਨ ਤੋਂ ਬਾਣੀ ਦੇ ਅਨਿੰਨ ਪ੍ਰੇਮੀ ਸਨ। ਇਸ ਲਈ ਉਹਨਾਂ ਨੇ ਕਈ ਬਾਣੀਆਂ ਨੂੰ ਕੰਠ ਕੀਤਾ ਹੋਇਆ ਸੀ। ਹਰ ਰੋਜ਼ ਪੰਜ ਗ੍ਰੰਥੀ ਦਾ ਪਾਠ ਕਰਦੇ, ਪੰਜ ਮਾਲਾ ਭਗਾਉਤੀਆਂ ਦੀਆਂ ਤੇ ਪੰਜ ਮਾਲਾ ਭਜਨ ਦੀਆਂ ਕਰਦੇ। ੧੯੯੮ (ਸੰਨ ੧੯੪੨) ਵਿੱਚ ਸੁਹੇਵੇ ਸਾਹਿਬ ਵਿਖੇ ਆਦਿ ਗ੍ਰੰਥ ਸਾਹਿਬ ਜੀ ਦੇ ਪੰਜ ਅਖੰਡ ਪਾਠ ਕਰਾਏ। ਇਸੇ ਹੀ ਸਾਲ ਨੌਹਰ ਵਿਖੇ ੧੦੧ ਸਾਧਾਰਨ ਪਾਠ ਕਰਕੇ ਭੋਗ ਪਵਾਏ।

ਮਾਤਾ ਜੀ ਜਿਸ ਨੂੰ ਇਕ ਵਾਰੀ ਵੇਖ ਲੈਂਦੇ, ਕਈ ਸਾਲਾਂ ਪਿਛੋਂ ਉਹਦਾ ਨਾਮ ਲੈਣ ਤੇ ਹੀ ਉਸਦੀ ਪਹਿਚਾਨ ਕਰ ਲੈਂਦੇ।

ਇੱਕ ਵਾਰੀ ਸੰਤ ਟਹਿਲ ਸਿੰਘ ਜੀ ਆਪਣੀ ਸੁਪਤਨੀ ਬਾਰੇ ਮਾਤਾ ਜੀ ਕੋਲੋਂ ਪੁਛੱਣ ਲੱਗੇ, ਕਿ ਉਹ ਉਸਦਾ ਘਰ ਵਸਾਏਗੀ ਕਿ ਨਹੀਂ ? ਅੰਤਰਜਾਮੀ ਮਾਤਾ ਨੇ ਬੜੇ ਧਿਆਨ ਨਾਲ ਉਸ ਵਲ੍ਹ ਵੇਖ ਕੇ 'ਨਹੀਂ' ਦਾ

ਉੱਤਰ ਦਿੱਤਾ। ਸਾਲ ਅੰਦਰ ਹੀ, ਉਹ ਸਰੀਰ ਤਿਆਗ ਗਈ।

ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ—ਅਸੀਂ ਆਪਣੇ ਜੀਵਨ ਦੇ ਅਨੁਭਵ ਆਪਣੀ ਅਨੁਭਵੀ ਮਾਤਾ ਜੀ ਕੋਲੋਂ ਹੀ ਲਏ ਹਨ ਤੇ ਨਾਲ ਹੀ ਗਰਵ ਕਰਦੇ ਕਿ ਇਹੋ ਜਿਹੀ ਮਾਤਾ ਦਾ ਸੁਭਾਗ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦਾ ਹੈ। ਜਦੋਂ ਮਾਤਾ ਜੀ ਨੌਹਰ ਗਏ ਤਾਂ ਉੱਥੇ ਬ੍ਰਾਹਮਣ, ਬਾਗੜੀਆਂ ਦਾ ਤੇ ਨਾਮਧਾਰੀ ਸਿੰਘਾਂ ਦਾ ਖੂਹ ਤੋਂ ਪਾਣੀ ਭਰਨ ਤੋਂ ਝਗੜਾ ਹੋ ਗਿਆ। ਤਹਿਸੀਲਦਾਰ ਰਾਮ ਸਹਾਇ ਨੇ ਦੋਹਾਂ ਪਾਰਟੀਆਂ ਨੂੰ ਉੱਥੇ ਸੱਦਿਆ। ਉਹ ਨਾਮਧਾਰੀਆਂ ਦੇ ਸਫੈਦ ਸਤਿਜੁਗੀ ਬਾਣੇ ਤੋਂ ਅਤਿ ਪ੍ਰਭਾਵਿਤ ਹੋਏ ਤੇ ਸਿੱਖਾਂ ਨੇ ਦੱਸਿਆ ਕਿ ਮਾਤਾ ਜੀ ਸਾਨੂੰ ਸ਼ੁਧ ਲੰਗਰ, ਦਹੀਂ, ਦੁੱਧ ਛਕਾਉਂਦੇ ਹਨ, ਤੇ ਭਜਨ ਬਾਣੀ ਕਰਾਉਂਦੇ ਹਨ। ਇੱਕ ਦਿਨ ਜਦੋਂ ਉਹ ਮੌਕਾ ਵੇਖਣ ਗਿਆ, ਤਾਂ ਮਾਤਾ ਜੀ ਦੇ ਦਰ ਤੇ ਕਿਧਰੇ ਲੰਗਰ ਛਕਾਇਆ ਜਾ ਰਿਹਾ ਸੀ, ਕਿਧਰੇ ਲੱਸੀ ਵਰਤ ਰਹੀ ਸੀ ਤੇ ਕਿਧਰੇ ਦੁੱਧ ਦਹੀਂ ਲੈਣ ਵਾਲਿਆਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਉਹ ਇਹ ਸਤਿਜੁਗੀ ਦ੍ਰਿਸ਼ ਦੇਖ ਕੇ ਬਹੁਤ ਹੀ ਪ੍ਰਭਾਵਿਤ ਹੋਇਆ। ਮਾਤਾ ਜੀ ਦੇ ਚਰਨਾਂ ਵਿਚ ਸੀਸ ਨਿਵਾਇਆ ਤੇ ਭਜਨ ਲੈ ਕੇ ਮਾਤਾ ਜੀ ਦਾ ਸ਼ਰਧਾਲੂ ਬਣ ਗਿਆ।

ਮਾਤਾ ਜੀ ਦੇ ਭਜਨ ਬਾਣੀ ਦੇ ਪ੍ਰਤਾਪ ਤੋਂ ਅਤਿ ਪ੍ਰਭਾਵਿਤ ਹੋ ਕੇ ਹੋਰ ਕਈ ਹਿੰਦੂ ਪਰਿਵਾਰ ਵੀ ਆਪ ਜੀ ਦੇ ਸ਼ਰਧਾਲੂ ਬਣ ਗਏ। ਕਈ ਬਿਰਧ ਤੇ ਬੇ-ਆਸਰੇ ਮਾਤਾ ਜੀ ਦੇ ਚਰਨਾਂ ਵਿੱਚ ਆ ਵੱਸੇ।

ਹਨੂੰਮਾਨਗੜ੍ਹ ਸਟੇਸ਼ਨ ਦਾ ਸਟੇਸ਼ਨ ਮਾਸਟਰ ਵੀ ਆਪ ਜੀ ਦੇ ਦਰਸ਼ਨਾਂ ਨੂੰ ਲੋਚਦਾ ਸੀ। ਇੱਕ ਵਾਰੀ ਮਾਤਾ ਜੀ ਹਨੂੰਮਾਨਗੜ੍ਹ ਸਟੇਸ਼ਨ ਤੇ ਉੱਤਰੇ ਕਿਉਂਕਿ ਇਥੋਂ ਗੱਡੀ ਬਦਲਨੀ ਪੈਂਦੀ ਸੀ। ਉੱਥੋਂ ਦੇ ਸਟੇਸ਼ਨ ਮਾਸਟਰ ਨੇ ਆ ਕੇ ਪੂਜਯ ਮਾਤਾ ਜੀ ਦੇ ਚਰਨਾ ਤੇ ਨਮਸਕਾਰ ਕੀਤੀ ਤੇ ਅਰਜ਼ ਕੀਤੀ "ਮਾਤਾ ਜੀ ਆਪ ਜੀ ਦਾ ਧਰਮ ਕਿਹੜਾ ਹੈ ?" ਮਾਤਾ ਜੀ ਨੇ ਉੱਤਰ ਦਿੱਤਾ "ਦਰ ਤੇ ਆਏ ਦਾ ਆਦਰ ਤੇ ਸੇਵਾ, ਤੇ ਰਾਮ ਦਾ ਨਾਮ ਜਪਣਾ। ਮਾਲਾ ਤੇ ਸੇਵਾ ਹੀ ਸਾਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਬਖਸ਼ੀ ਹੈ ਤੇ ਇਹੀ ਸਾਡਾ ਧਰਮ ਹੈ।" ਉਸਨੇ ਮਾਤਾ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਤੇ ਭਜਨ ਪੁੱਛ ਕੇ ਮਾਤਾ ਜੀ ਦੇ ਚਰਨ ਕੰਵਲਾਂ ਦਾ ਭੌਰਾ ਬਣ ਗਿਆ।

ਇਕ ਵਾਰੀ ਬੀਕਾਨੇਰ ਵਿਖੇ ਜਦੋਂ ਮਾਤਾ ਜੀ ਸਾਧਾਂ ਨੂੰ ਦੁੱਧ ਛਕਾ ਰਹੇ ਸਨ, ਤਾਂ ਇੱਕ ਬ੍ਰਾਹਮਣ ਆਇਆ ਜੋ ਸਿੱਖਾਂ ਨੂੰ ਡਿੱਘੀ ਤੋਂ ਜਲ ਭਰਨ ਤੋਂ ਰੋਕਦਾ ਸੀ। ਮਾਤਾ ਜੀ ਨੇ ਉਸਨੂੰ ਦੁੱਧ ਛਕਾਇਆ। ਉਹ ਹੈਰਾਨ ਹੋ ਗਿਆ ਕਿ ਅੱਜ ਕਲ ਤਾਂ ਲੋਕ ਪਾਣੀ ਪੀਣ ਨੂੰ ਨਹੀਂ ਦਿੰਦੇ, ਤੇ ਇੱਥੇ ਦੁੱਧ

ਦੇ ਖੁਲ੍ਹੇ ਗੱਫੇ ਵਰਤਾਏ ਜਾ ਰਹੇ ਹਨ। ਉਹ ਬ੍ਰਾਹਮਣ ਮਾਤਾ ਜੀ ਦੀ ਚਰਨੀਂ ਆ ਡਿੱਗਾ। ਮਾਤਾ ਜੀ ਨੇ ਉਸ ਨੂੰ ਇੱਕ ਸਿੱਖ ਕੋਲੋਂ ਭਜਨ ਦੁਆ ਦਿੱਤਾ। ਉਸਨੂੰ ਤੰਬਾਕੂ ਸਿਗਰਟ ਆਦਿ ਪੀਣ ਤੋਂ ਵਰਜਿਤ ਕੀਤਾ। ਉਸ ਨੇ ਸਿਗਰਟ ਦੀ ਡੱਬੀ ਵਗਾਹ ਕੇ ਮਾਰੀ ਤੇ ਮਾਤਾ ਜੀ ਦਾ ਹੁਕਮ ਮੰਨ ਕੇ ਆਪਣਾ ਜੀਵਨ ਸਫਲ ਕੀਤਾ।

ਇੱਕ ਵਾਰੀ ਸਿੱਖਾਂ ਨੇ ਮਾਤਾ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ,''ਮਾਤਾ ਜੀ ਭਾਣਾ ਕਦੋਂ ਆਵੇਗਾ ਤੇ ਸਤਿਗੁਰੂ ਰਾਮ ਸਿੰਘ ਜੀ ਕਦੋਂ ਦਰਸ਼ਨ ਦੇਣਗੇ।'' ਮਾਤਾ ਜੀ ਨੇ ਕਿਹਾ,''ਕਿ ਹਾਲਾਂ ਉਹ ਸਮਾਂ ਨਹੀਂ ਆਇਆ ਉਸ ਤੋਂ ਪਹਿਲਾਂ ਹਾਲਾਂ ਬਹੁਤ ਕੁਝ ਹੋਣਾ ਹੈ। ਸਿੱਖ ਆਪਸ ਵਿੱਚ ਮਿਲ ਵਰਤਕੇ ਨਹੀਂ ਰਹਿਣਗੇ, ਗੁਰੂ ਘਰ ਦੇ ਨਾਲ ਭਾਰੀ ਵਿਰੋਧਤਾ ਕਰਨਗੇ ਆਦਿ। ਸਤਿਗੁਰੂ ਰਾਮ ਸਿੰਘ ਜੀ ਸਾਧ ਸੰਗਤ ਨੂੰ ਜ਼ਰੂਰ ਦਰਸ਼ਨ ਦੇਣਗੇ ਪਰ ਉਹ ਸੁਭਾਗ ਮੈਨੂੰ ਪ੍ਰਾਪਤ ਨਹੀਂ''। ਮਾਤਾ ਜੀ ਚਾਲੀ ਸਾਲ ਨਜ਼ਰਬੰਦ ਰਹੇ। ਜਦੋਂ ਕਦੇ ਵੀ ਕਿਸੇ ਸਿੰਘ ਦੇ ਘਰ ਭੋਗ ਜਾਂ ਮੇਲੇ ਤੇ ਜਾਣਾ ਬਰਤਾਨਵੀ ਸਰਕਾਰ ਕੋਲੋਂ ਇਜਾਜ਼ਤ ਲੈਣੀ ਪੈਣੀ।

ਭਾਵੇਂ ਮਾਤਾ ਜੀ ਨੌਹਰ ਰਹਿੰਦੇ ਸਨ, ਪਰ ਹਰ ਮੇਲੇ ਦੇ ਸਮੇਂ ਭੈਣੀ ਸਾਹਿਬ ਜ਼ਰੂਰ ਆਉਂਦੇ ਕਿਉਂਕਿ ਮਾਤਾ ਜੀ ਤੋਂ ਬਿਨਾਂ ਲੰਗਰ ਦੀ ਸੇਵਾ ਅਧੂਰੀ ਸੀ। ਮਾਤਾ ਜੀ ਲੰਗਰ ਦੀ ਸ਼ੋਭਾ ਸਨ।

ਮਾਤਾ ਜੀ ਆਪਣੇ ਪੁੱਤਰ ਨੂੰ ਸਿਰਫ ਪੁੱਤਰ ਹੀ ਨਾ ਸਮਝਕੇ, ਸਗੋਂ ਸਤਿਗੁਰੂ ਤੇ ਉਹ ਵੀ ਪੂਰਨ ਸਤਿਗੁਰੂ ਜੀ ਸਮਝਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਆਪਣੀ ਮਾਤਾ ਜੀ ਨੂੰ ਪੂਜਨੀਯ ਮੰਨਦੇ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਮਾਤਾ ਜੀ ਦੇ ਚਰਨਾ ਤੇ ਨਮਸਕਾਰ ਕਰਦੇ, ਮਾਤਾ ਜੀ ਹੱਥ ਜੋੜ ਕੇ ਖਲੋਤੇ ਰਹਿੰਦੇ। ਮਾਤਾ ਜੀ ਆਪਣੇ ਪਿਆਰੇ ਪੁੱਤਰ ਸਤਿਗੁਰੂ ਜੀ ਤੇ ਅਧਿਕ ਸ਼ਰਧਾ ਰੱਖਦੇ ਤੇ ਜੋ ਕੁਝ ਵੀ ਉਹ ਫੁਰਮਾਂਦੇ, ਮਾਤਾ ਜੀ ਉਹਨਾਂ ਦੇ ਬਚਨਾਂ ਤੇ ਫੁੱਲ ਚੜ੍ਹਾਉਂਦੇ। ਜਦੋਂ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਰਾਮਸਰ ਕੋਠੀ ਡੇਰਾ ਲਾਇਆ, ਓਦੋਂ ਤੋਂ ਮਾਤਾ ਜੀ ਕਦੇ ਉਸ ਪਾਸੇ ਪੈਰ ਕਰਕੇ ਲੰਮੇ ਨਾ ਪੈਂਦੇ।

ਮਾਤਾ ਜੀ ਨੂੰ ਜੀਵਨ ਦਾ ਹਰ ਪ੍ਰਕਾਰ ਦਾ ਤਜਰਬਾ ਪ੍ਰਾਪਤ ਸੀ। ਇਕ ਦੋ ਬੀਬੀਆਂ ਸੂਤ ਕੱਤਣ ਦੇ ਈ (ਸੰਨ ੧੯੯੨) ਇਨਾਮੀ ਨੰਬਰਾਂ ਵਿੱਚ ਆਈਆਂ। ਮਾਤਾ ਜੀ ਨੇ ਸੂਤਰ ਦੇਖ ਕੇ ਝੱਟ ਦੱਸ ਦਿੱਤਾ ਕਿ ਇਹ ਬੀਬੀ ਨੂੰ ਤਾਂ ਹਮੇਸ਼ਾ ਸੂਤ ਕੱਤਣ ਦਾ ਤਜਰਬਾ ਹੈ, ਤੇ ਦੂਸਰੀ ਨੇ ਸਿਰਫ ਨੁਮਾਇਸ਼ ਲਈ ਹੀ ਉਚੇਚੇ ਤੌਰ ਤੇ ਕੱਤਿਆ ਹੈ।

ਮਾਤਾ ਜੀ ਦਾ ਸਰੀਰ ਕਾਫੀ ਢਿੱਲਾ ਰਹਿਣ ਲੱਗ ਪਿਆ. ਇਸ

ਲਈ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ, ਤੇ ਸ਼ਨੀਵਾਰ ਤਿੰਨ ਫੱਗਣ ਸੰਮਤ ੧੯੯੯ (ਸੰਨ ੧੯੪੩) ਰਾਤ ਦੇ ਨੌਂ ਵਜੇ ਮਾਤਾ ਜੀ ਨੇ ੮੩ ਸਾਲਾਂ ਦੀ ਉਮਰ ਵਿੱਚ ਸਰੀਰਕ ਓਹਲਾ ਕਰ ਲਿਆ। ਆਪ ਜੀ ਦੀ ਰਸਨਾ ਦੇ ਅੰਤਿਮ ਸ਼ਬਦ ਸਨ-

**ਦੇਹੁ ਸਜਣ ਅਸੀਸੜੀਆ ਜਿਉਂ ਹੋਵੈ ਸਾਹਿਬ ਸਿਉਂ ਮੇਲ।।**

ਆਤਮਾ ਪ੍ਰਮਾਤਮਾ ਵਿੱਚ ਲੀਨ ਹੋ ਗਈ ਤੇ ਦੇਹ ਸਸਕਾਰ ਦਸ ਵਜੇ ਕਰ ਦਿੱਤਾ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਪਰਮ ਪੂਜਣੀਕ ਮਾਤਾ ਜੀ ਦੀ ਯਾਦ ਵਿੱਚ ਆਦਿ ਗ੍ਰੰਥ ਸਾਹਿਬ ਦੇ ੨੯੦ ਪਾਠਾਂ ਦੇ ਭੋਗ ਪਵਾਏ।

**ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ**
**ਏਕ ਸਬਦਿ ਲਿਵ ਲਾਇ।।**
**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ**
**ਜੋ ਹਰਿ ਹਿਰਦੈ ਸਦਾ ਵਸਾਇ।।**

ਇਸ ਤਰ੍ਹਾਂ, ਸਨੇਹ ਅਤੇ ਵਾਤਸਲਯ, ਕਰੁਨਾ, ਦਯਾ, ਖਿਮਾ ਦੀ ਪ੍ਰਤਿਮਾ ਪੂਜਯ ਮਾਤਾ ਜੀਵਨ ਕੌਰ ਜੀ ਨੇ ਇੱਕ ਆਦਰਸ਼ਮਈ ਜੀਵਨ ਬਤੀਤ ਕੀਤਾ ਅਤੇ ਇਹੋ ਜਿਹੀਆਂ ਲੀਹਾਂ ਉਲੀਕੀਆਂ, ਜਿਨ੍ਹਾਂ ਉੱਤੇ ਚਲਕੇ ਸਾਰੀ ਮਾਨਵਤਾ ਗੌਰਵ ਦਾ ਅਨੁਭਵ ਕਰਦੀ ਹੈ। ਉਸ ਚੁੰਬਕਮਈ ਸ਼ਖਸੀਅਤ ਦਾ ਸਮਰਨ ਕਰਕੇ ਹਰੇਕ ਪ੍ਰਾਣੀ ਮਾਤਰ ਧੰਨ ਧੰਨਯ ਹੋ ਜਾਂਦੈ। ਉਹ ਅਤਿ ਮਹਾਨ ਅਤੇ ਵੰਦਨੀਯ ਹਨ। ਉਹਨਾਂ ਦਾ ਵਿਛੋੜਾ ਅਸਹਿ ਹੈ। ਉਹਨਾਂ ਦੀ ਮਧੁਰ ਯਾਦ ਅਮਿਟ ਅਤੇ ਸਦੀਵ ਹੈ।

ੴ



## ਪ੍ਰਿੰ: ਬੇਅੰਤ ਕੌਰ

ਪ੍ਰਿੰ: ਬੇਅੰਤ ਕੌਰ ਜੀ ਦਾ ਸਾਹਿਤਕ ਅਤੇ ਵਿਦਿਅਕ ਖੇਤਰ ਵਿੱਚ ਇੱਕ ਵਿਸ਼ੇਸ਼ ਸਥਾਨ ਹੈ। ਪ੍ਰਿੰ: ਜੀ ਨੇ ਆਪਣੀ ਮੁੱਢਲੀ ਵਿਦਿਆ ਪ੍ਰਾਪਤ ਕਰਕੇ, ਪੰਜਾਬੀ, ਅੰਗ੍ਰੇਜ਼ੀ ਵਿਸ਼ਿਆਂ ਵਿੱਚ ਐਮ. ਏ. ਕੀਤੀ ਅਤੇ ਹਿੰਦੀ ਵਿੱਚ ਸਾਹਿਤ ਰਤਨ ਅਤੇ ਬੀ. ਟੀ. ਦੀ ਡਿਗਰੀ ਪ੍ਰਾਪਤ ਕੀਤੀ ਹੋਈ ਹੈ।

ਪ੍ਰਿੰ: ਬੇਅੰਤ ਕੌਰ ਜੀ ਨੂੰ ਵੱਖ ਵੱਖ ਸੰਸਥਾਵਾਂ ਵਿੱਚ ਪੜ੍ਹਾਉਣ ਦਾ ਅਤੇ ਸੀਨੀਅਰ ਸੈਕੰਡਰੀ ਸਕੂਲ ਦਾ ਇੱਕ ਸਯੋਗ ਅਤੇ ਅਨੁਭਵੀ ਪ੍ਰਬੰਧਕ ਹੋਣ ਦਾ ਵਿਸ਼ਾਲ ਅਨੁਭਵ ਪ੍ਰਾਪਤ ਹੈ। ਸਾਹਿੱਤਕ ਰੁਚੀ ਹੋਣ ਕਰਕੇ ਬਚਪਨ ਤੋਂ ਹੀ ਲੇਖ ਲਿਖਣ ਦਾ ਸ਼ੌਕ ਹੈ ਅਤੇ ਇਹ ਲੇਖ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਦੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੋ ਰਹੇ ਹਨ। ਆਪ ਦੀਆਂ ਲਿਖੀਆਂ ਹੋਈਆਂ ਕਈ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਵਿਦਿਅਕ ਅਤੇ ਸਾਹਿੱਤਕ ਯੋਗਦਾਨ ਕਰਕੇ ਬੀਬੀ ਜੀ ਨੂੰ ਕਈ ਮਾਨ ਅਤੇ ਸਨਮਾਨ ਪ੍ਰਾਪਤ ਹੋ ਚੁੱਕੇ ਹਨ।